Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 881, 20 to 26 Nov. , 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ

## ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜ਼ੁਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਦਸੰਬਰ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ 'ਚ ਮਾਮੂਲੀ ਹਿਲਜੁਲ ਦੇਖਣ ਨੂੰ ਮਿਲੀ ਹੈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B




ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਦਸੰਬਰ, 2016 ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਦਸੰਬਰ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-1 ਕੈਟਾਗਰੀ ਲਈ 1 ਸਤੰਬਰ 2017, F-2A ਕੈਟਾਗਰੀ ਲਈ 22 ਨਵੰਬਰ 2025, F-2B ਕੈਟਾਗਰੀ ਲਈ 8 ਮਾਰਚ, 2017, F-3 ਕੈਟਾਗਰੀ ਲਈ 22 ਜੁਲਾਈ, 2012 ਅਤੇ F-4 ਕੈਟਾਗਰੀ ਲਈ 15 ਦਸੰਬਰ, 2006 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਗੋਲੀਬਾਰੀ ਦੀਆਂ ਘਟਨਾਵਾਂ ਨਾਲ ਦਹਿਲਿਆ ਪੰਜਾਬ

### ■ ਅੰਮ੍ਰਿਤਸਰ, ਫਗਵਾੜਾ, ਬੰਗਾ, ਗੁਰਦਾਸਪੁਰ 'ਚ ਹੋਈ ਗੋਲੀਬਾਰੀ 'ਚ 2 ਮੌਤਾਂ; 8 ਜ਼ਖਮੀ

**ਅੰਮ੍ਰਿਤਸਰ, (ਪੰਜਾਬ ਮੇਲ)**- ਪੰਜਾਬ 'ਚ ਦਿਨੋਂ-ਦਿਨ ਕਾਨੂੰਨੀ ਵਿਵਸਥਾ ਨਿਘਰਦੀ ਜਾ ਰਹੀ ਹੈ। ਕਾਨੂੰਨੀ ਵਿਵਸਥਾ ਨੂੰ ਛਿੱਕੇ ਟੰਗ ਕੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੀ ਜਾ ਰਹੀ ਲੁੱਟਮਾਰ, ਗੋਲੀਬਾਰੀ ਅਤੇ ਕਤਲੇਆਮ ਦੀਆਂ ਘਟਨਾਵਾਂ 'ਚ ਅਥਾਹ ਵਾਧਾ ਹੋਇਆ ਹੈ। ਹੁਣ ਵੱਖ-ਵੱਖ ਥਾਵਾਂ 'ਤੇ ਹੋਈ ਗੋਲੀਬਾਰੀ ਦੀਆਂ ਘਟਨਾਵਾਂ ਨੇ ਪੰਜਾਬ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉਲੀਕ ਦਿੱਤੀਆਂ ਹਨ।

### ਅੰਮ੍ਰਿਤਸਰ 'ਚ ਵੱਖ-ਵੱਖ ਥਾਵਾਂ 'ਤੇ ਹੋਈਆਂ ਦੋ ਵਾਰਦਾਤਾਂ

ਇਥੇ ਅੰਮ੍ਰਿਤਸਰ ਦੇ ਬੱਸ ਅੱਡੇ 'ਤੇ





ਨਿੱਜੀ ਟਰਾਂਸਪੋਰਟ ਕੰਪਨੀ ਦੇ ਕਰਮਚਾਰੀ ਨੂੰ ਕੁਝ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਨਿੱਜੀ ਟਰਾਂਸਪੋਰਟ ਕੰਪਨੀ ਸਿਆਸੀ ਆਗੂ ਦੀ ਹੈ। ਮ੍ਰਿਤਕ ਦੀ ਸ਼ਨਾਖਤ ਮੱਖਣ ਸਿੰਘ ਵੱਜੋਂ ਹੋਈ ਹੈ, ਬੱਸ ਕੰਪਨੀ ਦਾ ਅੱਡਾ ਇੰਚਾਰਜ ਸੀ। ਗੋਲੀਆਂ ਵੱਜਣ ਤੋਂ ਬਾਅਦ ਉਸ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਇਸ ਸਬੰਧ 'ਚ ਪੁਲਿਸ ਵੱਲੋਂ ਗੈਂਗਸਟਰ ਡੋਨੀ ਬੱਲ ਅਤੇ ਅਣਪਛਾਤਿਆਂ ਖ਼ਿਲਾਫ਼ ਥਾਣਾ ਏ ਡਿਵੀਜ਼ਨ ਰਾਮਬਾਗ ਵਿਚ ਕੇਸ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਇਸ ਕਤਲ ਕਾਂਡ ਦੀ ਕਥਿਤ ਜ਼ਿੰਮੇਵਾਰੀ ਘਣਸ਼ਾਮਪੁਰੀਆ ਗੈਂਗ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲਈ। ਪੋਸਟ ਵਿਚ ਲਿਖਿਆ ਹੈ ਕਿ ਇਹ ਕਤਲ ਸਿੱਧੂ ਮੂਸੇਵਾਲਾ ਦੇ ਕਤਲ ਦਾ ਬਦਲਾ ਹੈ। ਇਕ ਹੋਰ ਘਟਨਾ 'ਚ ਛੇਹਰਟਾ ਦੇ ਅਧੀਨ ਆਉਂਦੇ ਇਲਾਕੇ ਗੁਰਦੁਆਰਾ ਸਾਹਿਬ ਦੇ ਨੇੜੇ ਦਿਨ ਦਿਹਾੜੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ, ਵਰਿੰਦਰ ਸਿੰਘ(40), ਵਾਸੀ ਪਾਰਸ ਐਵੀਨਿਊ ਸੰਨ੍ਹ ਸਾਹਿਬ ਰੋਡ, ਛੇਹਰਟਾ, ਆਪਣੇ ਬੱਚਿਆਂ ਨੂੰ ਸਕੂਲ ਵਿਚ ਛੱਡ ਕੇ ਘਰ ਵਾਪਸ ਆ ਰਿਹਾ ਸੀ। ਜਦੋਂ ਉਹ ਗੁਰਦੁਆਰਾ ਛੇਹਰਟਾ ਸਾਹਿਬ ਦੇ ਕੋਲੋਂ ਪਹੁੰਚਿਆ ਤਾਂ ਪਿੱਛੋਂ ਮੋਟਰਸਾਈਕਲ 'ਤੇ ਆਏ ਦੋ ਨੌਜਵਾਨਾਂ ਨੇ ਉਸ 'ਤੇ ਗੋਲੀ ਚਲਾ ਦਿੱਤੀ। ਗੋਲੀ ਧੌਣ 'ਚ ਲੱਗਣ ਕਾਰਨ ਵਰਿੰਦਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਦਕਿ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਜ਼ਖ਼ਮੀ ਨੂੰ ਤੁਰੰਤ ਪਰਿਵਾਰਕ ਮੈਂਬਰਾਂ ਵੱਲੋਂ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

### ਫਗਵਾੜਾ 'ਚ ਪਿਓ-ਪੁੱਤ 'ਤੇ ਜਾਨਲੇਵਾ ਹਮਲਾ




ਫਗਵਾੜਾ 'ਚ ਗਊਸ਼ਾਲਾ ਬਾਜ਼ਾਰ 'ਚ ਉਸ ਵੇਲੇ ਸਨਸਨੀ ਫੈਲ ਗਈ, ਜਦੋਂ ਨੌਜਵਾਨਾਂ ਦੀ ਇਕ ਟੋਲੀ ਨੇ ਸ਼ਿਵ ਸੈਨਾ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਇੰਦਰਜੀਤ ਕਰਵਲ ਦੇ ਪੁੱਤਰ ਸ਼ਿਵ ਸੈਨਾ ਨੇਤਾ ਜਿੰਮੀ ਕਰਵਲ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਕੁੱਟ-ਮਾਰ ਕਰਦੇ ਹੋਏ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਇਸ ਦੌਰਾਨ ਜਦੋਂ ਜਿੰਮੀ ਕਰਵਲ 'ਤੇ ਹੋਏ ਜਾਨਲੇਵਾ ਹਮਲੇ ਦੀ ਸੂਚਨਾ ਉਸ ਦੇ ਪਿਤਾ ਇੰਦਰਜੀਤ ਕਰਵਲ ਨੂੰ ਮਿਲੀ ਤਾਂ ਉਹ ਮੌਕੇ 'ਤੇ ਪੁੱਜੇ ਅਤੇ ਆਪਣੇ ਪੁੱਤਰ ਨੂੰ ਬਚਾਉਣ ਲਈ ਅੱਗੇ ਹੋਏ। ਇਸ 'ਤੇ ਮੁਲਜ਼ਮ ਨੌਜਵਾਨਾਂ ਨੇ ਇੰਦਰਜੀਤ ਕਰਵਲ 'ਤੇ ਵੀ ਹਮਲਾ ਕਰ ਦਿੱਤਾ, ਜਿਸ 'ਚ ਉਹ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਦੇ ਕੰਨ 'ਤੇ ਗੰਭੀਰ ਸੱਟਾਂ ਲੱਗੀਆਂ ਹਨ।

ਜ਼ਖਮੀ ਹੋਏ ਇੰਦਰਜੀਤ ਕਰਵਲ ਅਤੇ ਉਨ੍ਹਾਂ ਦੇ ਪੁੱਤਰ ਜਿੰਮੀ ਕਰਵਲ ਨੂੰ ਇਲਾਜ ਲਈ ਸਿਵਲ ਹਸਪਤਾਲ ਫਗਵਾੜਾ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਸਰਕਾਰੀ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

### ਬੰਗਾ 'ਚ ਹੋਈ ਗੋਲੀਬਾਰੀ ਦੌਰਾਨ 5 ਵਿਅਕਤੀ ਜ਼ਖ਼ਮੀ

ਇਥੋਂ ਦੇ ਬੱਸ ਅੱਡੇ ਕੋਲ ਗੋਲੀਆਂ



ਚੱਲ ਗਈਆਂ, ਜਿਸ ਵਿਚ ਐੱਸ.ਯੂ.ਵੀ. ਸਵਾਰ ਪੰਜ ਜਣੇ ਗੰਭੀਰ ਜ਼ਖ਼ਮੀ ਹੋ ਗਏ। ਇਸ ਘਟਨਾ ਵਿਚ ਜ਼ਖ਼ਮੀ ਨੌਜਵਾਨਾਂ ਦੀ ਪਛਾਣ ਮਹਿਰਮਪੁਰ ਵਾਸੀ ਰਿੰਪਲ ਪੂਨੀ (29), ਮਨਦੀਪ ਸਿੰਘ (30) ਵਾਸੀ ਕਰਿਆਮ, ਸਾਹਿਲ (26) ਵਾਸੀ ਬੰਗਾ, ਸੂਜ਼ਨ (31) ਵਾਸੀ ਭਰੋਮਜਾਰਾ, ਹਰਪ੍ਰੀਤ (28) ਵਾਸੀ ਖਾਨਖਾਨਾ ਵਜੋਂ ਹੋਈ ਹੈ। ਪੁਲਿਸ ਨੇ ਇਸ ਮਾਮਲੇ ਸਬੰਧੀ ਕੇਸ ਦਰਜ ਕਰਨ ਤੋਂ ਬਾਅਦ ਕਿਹਾ ਕਿ ਇਹ ਮਾਮਲਾ ਪੁਰਾਣੀ ਰੰਜਿਸ਼ ਨਾਲ ਜੁੜਿਆ ਹੋਇਆ ਹੈ। ਘਟਨਾ ਮਗਰੋਂ ਉੱਥੇ ਮੌਜੂਦ ਲੋਕਾਂ ਨੇ ਪੰਜਾਂ ਜ਼ਖ਼ਮੀਆਂ ਨੂੰ ਢਾਹਾਂ ਕਲੇਰਾਂ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਦਾਖ਼ਲ ਕਰਵਾਇਆ। ਉੱਥੇ ਮੌਜੂਦ ਡਾਕਟਰਾਂ ਨੇ ਸਾਰਿਆਂ ਦੀ ਹਾਲਤ ਗੰਭੀਰ ਹੋ ਜਾਣ ਕਾਰਨ ਮੁੱਢਲੀ ਸਹਾਇਤਾ ਦੇ ਕੇ ਲੁਧਿਆਣਾ ਲਈ ਭੇਜ ਦਿੱਤਾ।

### ਗੁਰਦਾਸਪੁਰ 'ਚ ਅਣਪਛਾਤੇ ਵਿਅਕਤੀ ਨੌਜਵਾਨ ਨੂੰ ਗੋਲੀ ਮਾਰ ਕੇ ਫਰਾਰ

ਇਸੇ ਤਰ੍ਹਾਂ ਪੁਲਿਸ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਘੁੰਮਣ ਕਲਾਂ ਤਹਿਤ ਆਉਂਦੇ ਇਲਾਕੇ 'ਚ ਦੋ

■ ਬਾਕੀ ਖਬਰ ਸਫਾ 14 'ਤੇ

## ਕੈਲੀਫੋਰਨੀਆ ਦੀ ਭਾਰਤੀ ਔਰਤ ਨੂੰ ਫਲਾਈਟ ਅਟੈਂਡੈਂਟਸ 'ਤੇ ਹਮਲਾ ਕਰਨ ਦੇ ਦੋਸ਼ ਹੇਠ ਹੋ ਸਕਦੀ ਹੈ ਲੰਮੀ ਸਜ਼ਾ

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਜੂਨ 2025 ਦੇ ਅਖੀਰ ਵਿਚ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਡਾਣ ਦੌਰਾਨ ਦੋ ਫਲਾਈਟ ਅਟੈਂਡੈਂਟਸ 'ਤੇ ਕਥਿਤ ਤੌਰ 'ਤੇ ਹਮਲਾ ਕਰਨ ਤੋਂ ਬਾਅਦ ਇੱਕ ਕੌਂਟਰਾ ਕੋਸਟਾ ਕਾਉਂਟੀ ਦੀ ਔਰਤ 'ਤੇ ਫੈਡਰਲ ਦੋਸ਼ ਲਗਾਏ ਗਏ ਹਨ।



ਬੇਥਲ ਆਈਲੈਂਡ ਦੀ 40 ਸਾਲਾ ਭਾਰਤੀ ਔਰਤ ਰੇਸ਼ਮਾ ਕਾਮਥ ਨੂੰ ਇੱਕ ਫੈਡਰਲ ਗ੍ਰੈਂਡ ਜਿਊਰੀ ਦੁਆਰਾ ਫਲਾਈਟ ਚਾਲਕ ਦਲ ਦੇ ਮੈਂਬਰਾਂ ਨਾਲ ਦਖਲਅੰਦਾਜ਼ੀ ਦੇ ਦੋ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਸਨੂੰ ਇੱਕ ਫੈਡਰਲ ਅਧਿਕਾਰੀ 'ਤੇ ਹਮਲਾ ਕਰਨ, ਵਿਰੋਧ ਕਰਨ ਜਾਂ ਰੁਕਾਵਟ ਪਾਉਣ ਦੇ ਇੱਕ ਦੋਸ਼ ਅਤੇ ਸੁਰੱਖਿਆ ਜਾਂਚ ਕਰਮਚਾਰੀਆਂ ਨਾਲ ਦਖਲਅੰਦਾਜ਼ੀ ਦੇ ਇੱਕ ਦੋਸ਼ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਦੋਸ਼ ਅਨੁਸਾਰ, ਕਾਮਥ 28 ਅਤੇ 29 ਜੂਨ ਨੂੰ ਦਿੱਲੀ, ਭਾਰਤ ਤੋਂ ਐੱਸ.ਐੱਫ.ਓ. ਲਈ ਏਅਰ ਇੰਡੀਆ ਦੀ ਫਲਾਈਟ 173 'ਤੇ ਉਡਾਣ ਭਰ ਰਹੀ ਸੀ, ਜਦੋਂ ਫਲਾਈਟ ਚਾਲਕ ਦਲ ਦੇ ਮੈਂਬਰਾਂ ਵਿਰੁੱਧ ਕਥਿਤ ਹਮਲੇ ਹੋਏ। ਬੇਅ ਏਰੀਆ ਵਿਚ ਉਤਰਨ ਤੋਂ ਬਾਅਦ, ਕਾਮਥ ਨੇ ਕਥਿਤ ਤੌਰ 'ਤੇ ਸੁਰੱਖਿਆ 'ਤੇ ਕੰਮ ਕਰ ਰਹੇ ਇੱਕ ਐੱਸ.ਐੱਫ.ਓ. ਕਰਮਚਾਰੀ 'ਤੇ ਹਮਲਾ ਕੀਤਾ ਅਤੇ ਗ੍ਰਿਫਤਾਰੀ ਦਾ ਵਿਰੋਧ ਕੀਤਾ ਅਤੇ ਇੱਕ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀ ਨੂੰ ਮਾਰਿਆ। ਜੇਕਰ ਕਾਮਥ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਫਲਾਈਟ ਚਾਲਕ ਦਲ ਦੇ ਮੈਂਬਰਾਂ ਨਾਲ ਦਖਲਅੰਦਾਜ਼ੀ ਦੇ ਹਰੇਕ ਦੋਸ਼ ਲਈ ਵੱਧ ਤੋਂ ਵੱਧ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਜੇਕਰ ਉਸਨੂੰ ਇੱਕ ਫੈਡਰਲ ਅਧਿਕਾਰੀ 'ਤੇ ਹਮਲਾ ਕਰਨ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਅੱਠ ਸਾਲ ਦੀ ਹੋਰ ਕੈਦ ਅਤੇ ਸੁਰੱਖਿਆ ਜਾਂਚ ਕਰਮਚਾਰੀਆਂ ਨਾਲ ਦਖਲਅੰਦਾਜ਼ੀ ਲਈ ਹੋਰ 10 ਸਾਲ ਦੀ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ। ਦੋਸ਼ੀ ਠਹਿਰਾਏ ਜਾਣ 'ਤੇ ਹਰੇਕ ਦੋਸ਼ 'ਤੇ ਵੱਧ ਤੋਂ ਵੱਧ 250,000 ਡਾਲਰ ਦਾ ਜੁਰਮਾਨਾ ਹੈ। ਕਾਮਥ 7 ਜਨਵਰੀ, 2026 ਨੂੰ ਫੈਡਰਲ ਅਦਾਲਤ ਵਿਚ ਪੇਸ਼ ਹੋਣ ਲਈ ਤਿਆਰ ਹੈ।

## ਕਤਲ ਦੇ ਦੋਸ਼ 'ਚ ਲੋੜੀਂਦਾ ਭਾਰਤੀ ਨਾਗਰਿਕ ਅਮਰੀਕਾ 'ਚ ਗ੍ਰਿਫ਼ਤਾਰ

**ਨਿਊਯਾਰਕ, (ਪੰਜਾਬ ਮੇਲ)**- ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਨੇ ਬਫਲੋ ਦੇ ਨਜ਼ਦੀਕ ਪੀਸ ਬ੍ਰਿਜ ਬਾਰਡਰ ਕਰਾਸਿੰਗ 'ਤੇ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ, ਜੋ ਕਿ ਭਾਰਤ ਵਿਚ ਕਤਲੋਗਾਰਤ ਲਈ ਲੋੜੀਂਦਾ ਸੀ।

ਸੀ.ਬੀ.ਪੀ. ਅਧਿਕਾਰੀਆਂ ਨੇ 22 ਸਾਲਾ ਭਾਰਤੀ ਨਾਗਰਿਕ ਵਿਸਤ ਕੁਮਾਰ ਨੂੰ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਮੌਕੇ ਗ੍ਰਿਫ਼ਤਾਰ ਕੀਤਾ। ਵਿਸਤ ਕੁਮਾਰ 2024 'ਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਇਆ ਸੀ ਅਤੇ ਇਥੇ ਉਸ ਨੇ ਅਸਾਇਲਮ ਲਈ ਅਪਲਾਈ ਕੀਤਾ ਸੀ। ਪਰ ਉਹ ਇੰਟਰਵਿਊ 'ਚ ਹਾਜ਼ਰ



ਨਹੀਂ ਹੋਇਆ। ਉਸ ਨੇ ਸੈਕੰਡਰੀ ਨਿਰੀਖਣ ਦੌਰਾਨ ਆਪਣੀ ਪਛਾਣ ਛੁਪਾਉਣ ਦੀ ਕੋਸ਼ਿਸ਼ ਕੀਤੀ। ਬਾਇਓਮੈਟ੍ਰਿਕ ਤਕਨਾਲੋਜੀ ਨੇ ਉਸਦੀ ਅਸਲ ਪਛਾਣ ਦੀ ਪੁਸ਼ਟੀ ਕੀਤੀ, ਜਿਸ ਤੋਂ ਪਤਾ ਚੱਲਿਆ ਕਿ ਉਸਨੇ ਇੱਕ ਗਲਤ ਨਾਮ ਅਤੇ ਜਨਮ ਮਿਤੀ ਦੀ ਵਰਤੋਂ ਕੀਤੀ ਸੀ। ਹੋਰ ਜਾਂਚ ਤੋਂ ਪਤਾ ਲੱਗਿਆ ਕਿ ਕੁਮਾਰ ਭਾਰਤ ਵਿਚ ਕਤਲ ਲਈ ਲੋੜੀਂਦਾ ਸੀ, ਜਿਵੇਂ ਕਿ ਇੰਟਰਪੋਲ ਰੈੱਡ ਨੋਟਿਸ ਦੁਆਰਾ ਦਰਸਾਇਆ ਗਿਆ ਹੈ।

ਕਾਰਜਕਾਰੀ ਏਰੀਆ ਪੋਰਟ ਡਾਇਰੈਕਟਰ ਸ਼ੈਰਨ ਸਵੈਟੇਕ ਨੇ ਕਿਹਾ ਕਿ ਵਿਸਤ ਕੁਮਾਰ ਨੂੰ ਇੰਟਰਪੋਲ ਰਾਹੀਂ ਜਲਦ ਭਾਰਤ ਵਾਪਸ ਭੇਜਿਆ ਜਾਵੇਗਾ। ਪਰ ਉਸ ਤੋਂ ਪਹਿਲਾਂ ਉਸ ਦੇ ਗੰਭੀਰ ਅਪਰਾਧਾਂ ਨੂੰ ਦੇਖਦੇ ਹੋਏ ਉਸ 'ਤੇ ਇਥੇ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਸ ਮਿਸ਼ਨ 'ਤੇ ਅਮਰੀਕੀ ਅਧਿਕਾਰੀਆਂ ਦੀ ਚੌਕਸੀ ਦੀ ਸ਼ਲਾਘਾ ਕੀਤੀ। ਕੁਮਾਰ ਇਸ ਸਮੇਂ ਨਿਊਯਾਰਕ ਦੀ ਬਟਾਵੀਆ ਦੀ ਫੈਡਰਲ ਨਜ਼ਰਬੰਦੀ 'ਚ ਬੰਦ ਹੈ।

## ਭਾਰਤੀ ਚੋਣ ਕਮਿਸ਼ਨ ਵਲੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਤਲਬ

**ਚੰਡੀਗੜ੍ਹ, (ਪੰਜਾਬ ਮੇਲ)**- ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਤਰਨਤਾਰਨ ਉਪ-ਚੋਣ 'ਚ ਦਰਜ ਐੱਫ.ਆਈ.ਆਰ. ਦੇ ਮੁੱਦੇ 'ਤੇ 25 ਨਵੰਬਰ ਨੂੰ ਕੌਮੀ ਰਾਜਧਾਨੀ ਸਥਿਤ ਹੈੱਡਕੁਆਰਟਰ 'ਚ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਸੂਤਰਾਂ ਅਨੁਸਾਰ ਈ.ਸੀ.ਆਈ. ਨੇ ਇਹ ਕਾਰਵਾਈ ਏ.ਡੀ.ਜੀ.ਪੀ. ਰਾਮ ਸਿੰਘ ਤੋਂ ਰਿਪੋਰਟ ਮਿਲਣ ਪਿੱਛੋਂ ਕੀਤੀ ਹੈ, ਜਿਨ੍ਹਾਂ ਨੂੰ ਇਸ ਮਾਮਲੇ 'ਚ ਜਾਂਚ ਰਿਪੋਰਟ ਸੌਂਪਣ ਲਈ ਕਿਹਾ ਗਿਆ ਸੀ।



ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਇਸ ਮੁੱਦੇ 'ਤੇ ਚੋਣ ਅਬਜ਼ਰਵਰ ਨੂੰ ਸ਼ਿਕਾਇਤ ਕੀਤੀ ਸੀ ਕਿ ਪੁਲਿਸ ਅਕਾਲੀ ਦਲ ਦੇ ਵਰਕਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਤੋਂ ਬਾਅਦ ਈ.ਸੀ.ਆਈ. ਨੇ ਤਰਨਤਾਰਨ ਦੀ ਤੱਤਕਾਲੀਨ ਐੱਸ.ਐੱਸ.ਪੀ. ਡਾ. ਰਵਜੋਤ ਕੌਰ ਗਰੇਵਾਲ ਨੂੰ ਮੁਅੱਤਲ ਕਰ ਦਿੱਤਾ ਸੀ। ਧਿਆਨ ਰਹੇ ਕਿ ਪੋਲਿੰਗ ਤੋਂ 3 ਦਿਨ ਪਹਿਲਾਂ ਡਾ. ਰਵਜੋਤ ਕੌਰ ਗਰੇਵਾਲ ਨੂੰ ਸਸਪੈਂਡ ਕੀਤੇ ਜਾਣ ਤੋਂ ਬਾਅਦ ਈ. ਸੀ. ਆਈ. ਵੱਲੋਂ ਪੰਜਾਬ ਪੁਲਸ ਦੇ ਡੀ.ਜੀ.ਪੀ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ 'ਤੇ ਰਿਪੋਰਟ ਵੀ ਤਲਬ ਕੀਤੀ ਗਈ ਸੀ, ਜਿਸ ਨੂੰ ਏ.ਡੀ.ਜੀ.ਪੀ. ਰਾਮ ਸਿੰਘ ਵੱਲੋਂ ਈ.ਸੀ.ਆਈ. ਨੂੰ ਭੇਜਿਆ ਗਿਆ ਸੀ।

■ ਬਾਕੀ ਖਬਰ ਸਫਾ 14 'ਤੇ

# ਯੂਟਾਹ ਸਟੇਟ ਅਸੈਂਬਲੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਜਾਰੀ ਕੀਤਾ ਗਿਆ ਸਨਮਾਨ ਪੱਤਰ









**ਸਾਲਟ ਲੇਕ ਸਿਟੀ (ਯੂਟਾਹ), (ਪੰਜਾਬ ਮੇਲ)**- ਯੂਟਾਹ ਵਿਧਾਨ ਸਭਾ ਵੱਲੋਂ ਸਿੱਖ ਭਾਈਚਾਰੇ ਲਈ ਇੱਕ ਸਨਮਾਨ ਪੱਤਰ ਜਾਰੀ ਕੀਤਾ ਗਿਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨਾਲ ਸੰਬੰਧਤ ਹੋਏ ਇਸ ਸਮਾਗਮ ਵਿਚ ਡਾ. ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਹਰਜਿੰਦਰ ਸਿੰਘ ਸਮੇਤ ਹੋਰ ਵੀ ਸਿੱਖ ਆਗੂ ਸ਼ਾਮਲ ਹੋਏ। ਇਸ ਦੌਰਾਨ ਰੀਪ੍ਰਜ਼ੈਂਟੇਟਿਵ ਐਂਥਨੀ ਲੋਬਟ ਅਤੇ ਸਪੀਕਰ ਮਾਈਕਲ ਸ਼ੁਲਜ਼ ਦੇ ਦਸਤਖਤਾਂ ਹੇਠ ਇਕ ਅਧਿਕਾਰਤ ਸਨਮਾਨ ਪੱਤਰ ਦਿੱਤਾ ਗਿਆ, ਜਿਸ ਵਿਚ ਅਸੈਂਬਲੀ ਵੱਲੋਂ ਇਹ ਲਿਖਿਆ ਗਿਆ ਸੀ ਕਿ ਸਿੱਖਾਂ ਦੀ ਅਮਰੀਕਾ ਵਿਚ 100 ਸਾਲ ਪਹਿਲਾਂ ਆਮਦ ਹੋਈ ਸੀ। ਸਿੱਖ ਦੁਨੀਆਂ ਵਿਚ 5ਵੇਂ ਨੰਬਰ 'ਤੇ ਹਨ। ਸਿੱਖ ਧਰਮ ਗੁਰੂ ਨਾਨਕ ਸਾਹਿਬ ਨੇ 15ਵੀਂ ਸਦੀ ਵਿਚ ਸ਼ੁਰੂ ਕੀਤਾ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਸਾਰੇ ਧਰਮਾਂ ਦੇ ਲੋਕ ਬਰਾਬਰ ਹਨ ਅਤੇ ਇੱਕ ਰੱਬ ਵਿਚ ਵਿਸ਼ਵਾਸ ਕੀਤਾ ਜਾਣਾ ਚਾਹੀਦਾ ਹੈ। ਇਸ ਸਨਮਾਨ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਿੱਖਾਂ ਨੇ ਅਮਰੀਕੀ ਅਰਥਵਿਵਸਥਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਮਾਣ ਪੱਤਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਮਨੁੱਖੀ ਅਧਿਕਾਰਾਂ ਲਈ ਦਿੱਤੀ ਗਈ ਸ਼ਹੀਦੀ ਦਾ ਵੀ ਜ਼ਿਕਰ ਕੀਤਾ ਗਿਆ। ਉਨ੍ਹਾਂ ਨਾਲ ਜਿਹੜੇ ਸਿੰਘ ਸ਼ਹੀਦ ਹੋਏ ਸਨ, ਉਨ੍ਹਾਂ ਬਾਰੇ ਵੀ ਲਿਖਿਆ ਗਿਆ। ਮਾਣ ਪੱਤਰ ਵਿਚ ਇਹ ਵੀ ਕਿਹਾ ਗਿਆ ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਮੌਕੇ ਯੂਟਾਹ ਦੀ ਸਿੱਖ ਸੰਗਤ ਦੇ ਨਾਲ ਖੜ੍ਹੇ ਹਨ। ਇਸ ਦੌਰਾਨ ਵੱਖ-ਵੱਖ ਅਮਰੀਕੀ ਅਤੇ ਸਿੱਖ ਆਗੂਆਂ ਨੇ ਵੀ ਸੰਬੋਧਨ ਕੀਤਾ।




# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉ ਲਿੰਡਾ ਸੈਕਰਾਮੈਂਟੋ 'ਚ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ

**ਸੈਕਰਾਮੈਂਟੋ, (ਪੰਜਾਬ ਮੇਲ)**- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉ ਲਿੰਡਾ ਸੈਕਰਾਮੈਂਟੋ ਵਿਚ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ. ਅਵਤਾਰ ਸਿੰਘ ਪਲਾਹੀ, ਬੀਬੀ ਜਸਵੀਰ ਕੌਰ ਪਲਾਹੀ ਅਤੇ ਸਮੂਹ ਸਾਧ-ਸੰਗਤ ਜੀ ਵਲੋਂ ਸਜਾਏ ਗਏ। ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂਘਰ ਵਿਖੇ ਪਹੁੰਚ ਕੇ ਗੁਰਪੁਰਬ ਦੀਆ ਖੁਸ਼ੀਆਂ 'ਚ ਸ਼ਮੂਲੀਅਤ ਕੀਤੀ।



ਇਸ ਮੌਕੇ 'ਤੇ ਵੱਖ-ਵੱਖ ਕੀਰਤਨੀ ਜਥਿਆਂ ਜਿਨ੍ਹਾਂ ਵਿਚ ਭਾਈ ਜਸਪਾਲ ਸਿੰਘ ਸਾਰੰਗ ਦੇ ਕੀਰਤਨੀ ਜਥੇ ਅਤੇ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਨੇ ਸੰਗਤਾਂ ਨੂੰ ਕੀਰਤਨ ਅਤੇ ਗੁਰੂ ਸਾਹਿਬ ਜੀ ਦੀ ਬਾਣੀ ਨਾਲ ਨਿਹਾਲ ਕੀਤਾ। ਬੀਬੀ ਜਸਵੀਰ ਕੌਰ ਜੀ ਵਲੋਂ ਵੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸ਼੍ਰੀ ਰਾਜ ਸੂਦ ਨੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਬਾਰੇ ਵਿਚਾਰ ਚਰਚਾ ਕੀਤੀ। ਸੇਵਾਦਾਰ ਪਰਿਵਾਰ ਨੂੰ ਗੁਰੂਘਰ ਵਲੋਂ ਸ੍ਰੀ ਸ੍ਰੀਪਾਓ ਸਾਹਿਬ ਦੀ ਬਖਸ਼ਿਸ਼ ਕੀਤੀ ਗਈ। ਗੁਰੂ ਕੇ ਲੰਗਰ ਅਟੁੱਟ ਵਰਤੇ। ਸੰਗਤਾਂ ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਸਮਾਗਮਾਂ ਦੀ ਤਿਆਰੀ ਕਰ ਰਹੀਆਂ ਸਨ। ਸਟੇਜ ਸੈਕਟਰੀ ਸ਼੍ਰੀ ਬਲਜੀਤ ਸਿੰਘ ਨੇ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਅਤੇ ਸੇਵਾਦਾਰ ਪਰਿਵਾਰਾਂ ਦਾ ਧੰਨਵਾਦ ਕੀਤਾ।





# ਕਰਮਨ ਸਿਟੀ ਕੌਂਸਲ ਨੇ ਨਵੰਬਰ ਮਹੀਨੇ ਨੂੰ ਸਿੱਖ ਹੈਰੀਟੇਜ ਵਜੋਂ ਐਲਾਨਿਆ



**ਫਰਿਜ਼ਨੋ, (ਪੰਜਾਬ ਮੇਲ)**- ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸਿਟੀ ਹਾਲ ਵਿਚ ਕੌਂਸਲ ਦੀ ਮਹੀਨਾਵਾਰ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਸਥਾਨਕ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਂਸਲ ਕਰਮਨ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ। ਇਸ ਸਨਮਾਨ ਨੂੰ ਸਿਟੀ ਕੌਂਸਲ ਤੋਂ ਗੁਲਬਿੰਦਰ ਗੈਰੀ ਢੇਸੀ, ਸਤਬੀਰ ਹੀਰ, ਮੇਜਰ ਸਿੰਘ, ਹਰਮੀਨ ਕੌਰ ਗਰੇਵਾਲ ਅਤੇ ਨਿਰਮਲ ਸਿੱਧੂ ਆਦਿਕ ਨੇ ਪ੍ਰਾਪਤ ਕੀਤਾ। ਜਿਸ ਸੰਬੰਧੀ ਸਮੁੱਚੇ ਸਥਾਨਕ ਸਿੱਖ ਭਾਈਚਾਰੇ ਵੱਲੋਂ ਸਿਟੀ ਕੌਂਸਲ ਦਾ ਧੰਨਵਾਦ ਕੀਤਾ ਗਿਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਟਰੰਪ ਵੱਲੋਂ ਰੂਸ ਕੋਲੋਂ ਤੇਲ ਖਰੀਦਣ ਵਾਲੇ ਦੇਸ਼ਾਂ ’ਤੇ 500 ਫ਼ੀਸਦੀ ਟੈਰਿਫ ਦੀ ਧਮਕੀ

ਨਵੀਂ ਦਿੱਲੀ, (ਪੰਜਾਬ ਮੇਲ)- ਰੂਸੀ ਤੇਲ ਦੀ ਖਰੀਦ ’ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ ਹਮੇਸ਼ਾ ਸਖ਼ਤ ਰਿਹਾ ਹੈ। ਇਹੋ ਇਕ ਕਾਰਨ ਹੈ ਕਿ ਭਾਰਤ ਵੀ ਇਸ ਸਮੇਂ ਰੂਸੀ ਤੇਲ ਦੀ ਖਰੀਦ ਕਾਰਨ 25 ਫ਼ੀਸਦ ਵਾਧੂ ਟੈਰਿਫ ਦਾ ਸਾਹਮਣਾ ਕਰ ਰਿਹਾ ਹੈ। ਹੁਣ, ਟਰੰਪ ਨੇ ਰੂਸ ਨਾਲ ਵਪਾਰ ਕਰਨ ਤੇ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ’ਤੇ 500 ਫ਼ੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ।

ਟਰੰਪ ਨੇ ਇਹ ਬਿਆਨ ਅਜਿਹੇ ਸਮੇਂ ਦਿੱਤਾ ਹੈ, ਜਦੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 5 ਦਸੰਬਰ ਨੂੰ ਭਾਰਤ ਦਾ ਦੌਰਾ ਕਰਨ ਵਾਲੇ ਹਨ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਮੁਲਾਕਾਤ ਤੇਲ ਤੋਂ ਲੈ ਕੇ ਵਪਾਰ ਤੱਕ ਦੇ ਮੁੱਦਿਆਂ ’ਤੇ ਕੇਂਦਰਿਤ ਹੋਵੇਗੀ, ਪਰ ਰੂਸੀ ਰਾਸ਼ਟਰਪਤੀ ਦੀ ਨਵੀਂ ਦਿੱਲੀ ਫੇਰੀ ਤੋਂ ਪਹਿਲਾਂ ਟਰੰਪ ਦੀ ਨਿਰਾਸ਼ਾ ਸਪੱਸ਼ਟ ਹੈ। ਭਾਰਤ ਰੂਸ ਦਾ ਦੂਜਾ ਸਭ ਤੋਂ ਵੱਡਾ ਤੇਲ ਖਰੀਦਦਾਰ ਹੈ, ਇਸ ਲਈ ਟਰੰਪ ਦੇ ਇਸ ਐਲਾਨ ਦਾ ਸਿੱਧਾ ਅਸਰ ਭਾਰਤ ’ਤੇ ਪਵੇਗਾ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਟਰੰਪ ਨੇ ਰੂਸੀ ਤੇਲ ਖਰੀਦਣ ਵਿਰੁੱਧ ਭਾਰਤ ਨੂੰ ਖੁੱਲ੍ਹ ਕੇ ਧਮਕੀ ਦਿੱਤੀ ਹੈ। ਟਰੰਪ ਰੂਸ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਕੇ ਯੂਕਰੇਨ ਨਾਲ ਜੰਗ ਨੂੰ ਰੋਕਣਾ ਚਾਹੁੰਦਾ ਹੈ। ਇਸ ਲਈ, ਉਸਨੇ ਟੈਰਿਫ ਨੂੰ ਹਥਿਆਰਬੰਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰਿਪਬਲਿਕਨ ਸੰਸਦ ਮੈਂਬਰ ਅਜਿਹੇ ਬਿੱਲ ਤਿਆਰ ਕਰ ਰਹੇ ਹਨ, ਜੋ ਰੂਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ ’ਤੇ ਸਖ਼ਤ ਪਾਬੰਦੀਆਂ ਜਾਂ ਟੈਰਿਫ ਲਗਾਏਗਾ।



### ਭਾਰਤ ਅਮਰੀਕਾ ਤੋਂ ਖਰੀਦੇਗਾ ਘਰੇਲੂ ਗੈਸ

**ਨਵੀਂ ਦਿੱਲੀ, (ਪੰਜਾਬ ਮੇਲ)**-ਭਾਰਤ ਤੇ ਅਮਰੀਕਾ ਵਿਚਕਾਰ ਇਕ ਇਤਿਹਾਸਕ ਸੌਦਾ ਹੋਇਆ ਹੈ। ਭਾਰਤ ਨੇ ਅਮਰੀਕਾ ਨਾਲ ਘਰੇਲੂ ਐੱਲ.ਪੀ.ਜੀ. ਗੈਸ ਸੌਦੇ ’ਤੇ ਦਸਤਖਤ ਕੀਤੇ ਹਨ। ਭਾਰਤੀ ਸਰਕਾਰੀ ਤੇਲ ਕੰਪਨੀਆਂ ਅਮਰੀਕਾ ਤੋਂ 2.2 ਐੱਮ.ਟੀ.ਪੀ.ਏ. ਐੱਲ.ਪੀ.ਜੀ. ਦਰਾਮਦ ਕਰਨਗੀਆਂ। ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਸ ਸੌਦੇ ਸਬੰਧੀ ਜਾਣਕਾਰੀ ਦਿੱਤੀ। ਭਾਰਤ ਦੀਆਂ ਸਰਕਾਰੀ ਤੇਲ ਕੰਪਨੀਆਂ ਨੇ ਅਮਰੀਕਾ ਤੋਂ 2.2 ਮਿਲੀਅਨ ਟਨ ਸਾਲਾਨਾ (ਐੱਮ.ਟੀ.ਪੀ.ਏ.) ਐੱਲ.ਪੀ.ਜੀ. ਦਰਾਮਦ ਕਰਨ ਲਈ ਇਕ ਸਮਝੌਤੇ ’ਤੇ ਹਸਤਾਖਰ ਕੀਤੇ ਹਨ। ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਪੁਰੀ ਨੇ ਕਿਹਾ ਕਿ ਇਹ ਇਕ ਇਤਿਹਾਸਕ ਫੈਸਲਾ ਹੈ, ਦੁਨੀਆਂ ਦੇ ਸਭ ਤੋਂ ਵੱਡੇ ਤੇ ਤੇਜ਼ੀ ਨਾਲ ਵਧ ਰਹੇ ਐੱਲ.ਪੀ.ਜੀ. ਬਾਜ਼ਾਰਾਂ ’ਚੋਂ ਇਕ ਹੁਣ ਅਮਰੀਕਾ ਲਈ ਖੁੱਲ੍ਹ ਰਿਹਾ ਹੈ।

## ਟਰੰਪ ਦੀਆਂ ਐੱਚ-1ਬੀ ਵੀਜ਼ਾ ਨਵੀਂ ਨੀਤੀ ਨੇ ਭਾਰਤੀ ਆਈ.ਟੀ. ਪੇਸ਼ੇਵਰਾਂ ’ਚ ਪੈਦਾ ਕੀਤੀ ਚਿੰਤਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਐੱਚ-1ਬੀ ਵੀਜ਼ਾ ਨੀਤੀ ਨੇ ਇੱਕ ਵਾਰ ਫਿਰ ਭਾਰਤੀ ਆਈ.ਟੀ. ਪੇਸ਼ੇਵਰਾਂ ’ਚ ਚਿੰਤਾ ਪੈਦਾ ਕਰ ਦਿੱਤੀ ਹੈ। ਅਮਰੀਕੀ ਵਿੱਤ ਸਕੱਤਰ ਸਕੌਟ ਬੇਸੈਂਟ ਨੇ ਹਾਲ ਹੀ ਵਿਚ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਨਵਾਂ ਐੱਚ-1ਬੀ ਵੀਜ਼ਾ ਪਲਾਨ ਵਿਦੇਸ਼ੀ ਮਾਹਿਰਾਂ ਨੂੰ ਅਸਥਾਈ ਤੌਰ ’ਤੇ ਬੁਲਾ ਕੇ ਅਮਰੀਕੀ ਕਾਮਿਆਂ ਨੂੰ ਸਿਖਲਾਈ ਦੇਣ ਲਈ ਬਣਾਇਆ ਗਿਆ ਹੈ। ਬੇਸੈਂਟ ਦਾ ਸਪੱਸ਼ਟ ਸੰਦੇਸ਼ ਹੈ: “ਟ੍ਰੇਨ ਦਿ ਯੂ.ਐੱਸ. ਵਰਕਰਸ, ਦੈਨ ਗੋ ਹੋਮ।” ਯਾਨੀ ਵਿਦੇਸ਼ੀ ਮਾਹਿਰ ਸਿਰਫ਼ ਅਸਥਾਈ ਤੌਰ ’ਤੇ ਅਮਰੀਕਾ ਆਉਣਗੇ, ਅਮਰੀਕੀ ਕਰਮਚਾਰੀਆਂ ਨੂੰ ਹੁਨਰ ਸਿਖਾਉਣਗੇ ਅਤੇ ਫਿਰ ਵਾਪਸ ਆਪਣੇ ਦੇਸ਼ ਪਰਤ ਜਾਣਗੇ। ਇਸ ‘ਨੌਲੇਜ ਟ੍ਰਾਂਸਫਰ’ ਰਣਨੀਤੀ ਦਾ ਉਦੇਸ਼ ਅਮਰੀਕੀ ਉਦਯੋਗਾਂ ਨੂੰ ਤਕਨੀਕੀ ਤੌਰ ’ਤੇ ਆਤਮਨਿਰਭਰ ਬਣਾਉਣਾ ਹੈ। ਮਾਹਿਰਾਂ ਅਨੁਸਾਰ, ਇਸ ਨਵੇਂ ਮਾਡਲ ਦਾ ਸਿੱਧਾ ਅਸਰ ਭਾਰਤੀ ਆਈ.ਟੀ. ਪੇਸ਼ੇਵਰਾਂ ’ਤੇ ਪੈ ਸਕਦਾ ਹੈ ਅਤੇ ਇਹ ਭਾਰਤ ਵਰਗੇ ਦੇਸ਼ਾਂ ਲਈ ‘ਬ੍ਰੇਨ ਡਰੇਨ ਰਿਵਰਸਲ’ ਵਰਗਾ ਝਟਕਾ ਸਾਬਤ ਹੋ ਸਕਦਾ ਹੈ। ਟਰੰਪ ਪ੍ਰਸ਼ਾਸਨ ਇਸ ਨੀਤੀ ਨੂੰ ‘ਅਮਰੀਕਾ ਫਸਟ ਪਾਲਿਸੀ’ ਨੂੰ ਮਜ਼ਬੂਤ ਕਰਨ ਅਤੇ ਘਰੇਲੂ ਰੁਜ਼ਗਾਰ ਪੈਦਾ ਕਰਨ ਦੀ ਦਿਸ਼ਾ ਵਿਚ ਇੱਕ ਕਦਮ ਦੱਸ ਰਿਹਾ ਹੈ।

## ਲਾਰੈਂਸ ਬਿਸ਼ਨੋਈ ਦਾ ਭਰਾ ਅਨਮੋਲ ਬਿਸ਼ਨੋਈ ਅਮਰੀਕਾ ਤੋਂ ਡਿਪੋਰਟ

**ਨਵੀਂ ਦਿੱਲੀ, (ਪੰਜਾਬ ਮੇਲ)**- ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਨੂੰ ਭਾਰਤ ਲਿਆਂਦਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ, ਅਮਰੀਕਾ ਨੇ ਉਸਨੂੰ ਡਿਪੋਰਟ ਕਰ ਦਿੱਤਾ ਹੈ। ਇਹ ਕਾਰਵਾਈ 18 ਨਵੰਬਰ 2025 ਨੂੰ ਕੀਤੀ ਗਈ ਹੈ। ਅਨਮੋਲ ਨੂੰ ਭਾਰਤ ਭੇਜਣ ਦਾ ਕਦਮ ਅਮਰੀਕੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਵੱਲੋਂ ਚੁੱਕਿਆ ਗਿਆ ਕਿਉਂਕਿ ਅਮਰੀਕਾ ਵਿਚ ਉਸਦੀ ਅਸਾਇਲਮ ਦੀ ਅਰਜ਼ੀ ਖਾਰਜ ਹੋ ਗਈ ਸੀ। ਇਹ ਵੀ ਖਬਰ ਸਾਹਮਣੇ ਆ ਰਹੀ ਹੈ ਕਿ ਅਨਮੋਲ ਬਿਸ਼ਨੋਈ ਨੂੰ ਡਿਪੋਰਟ ਕਰਨ ਤੋਂ ਬਾਅਦ ਅਮਰੀਕਾ ਵੱਲੋਂ ਬਾਬਾ ਸਿੱਦਿਕੀ ਦੇ ਪੁੱਤਰ ਜੀਸ਼ਾਨ ਨੂੰ ਇਕ ਈਮੇਲ ਰਾਹੀਂ ਸੂਚਿਤ ਕੀਤਾ ਗਿਆ ਹੈ। ਉਥੇ ਹੀ ਖਬਰਾਂ ਇਹ ਵੀ ਹਨ ਕਿ ਐੱਨ.ਆਈ.ਏ. ਨੇ ਵੀ ਅਨਮੋਲ ’ਤੇ ਸ਼ਿਕੰਜਾ ਕੱਸਣ ਦੀ ਤਿਆਰੀ ਸ਼ੁਰੂ ਕਰ ਲਈ ਹੈ। ਬਿਸ਼ਨੋਈ ਜਲਦੀ ਹੀ ਭਾਰਤ ਪਹੁੰਚ ਸਕਦਾ ਹੈ। ਇਸ ਡਿਪੋਰਟੇਸ਼ਨ ਨੂੰ ਲਾਰੈਂਸ ਬਿਸ਼ਨੋਈ ਗੈਂਗ ਲਈ ਇੱਕ ਬੁਰੀ ਖ਼ਬਰ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਲਾਰੈਂਸ ਬਿਸ਼ਨੋਈ ਦਾ ‘ਪਾਵਰ ਸੈਂਟਰ’ ਖ਼ਤਮ ਹੋ ਗਿਆ ਹੈ। ਅਨਮੋਲ ਬਿਸ਼ਨੋਈ ਭਾਰਤ ਵਿਚ ਕਈ ਗੰਭੀਰ ਅਤੇ ਹਿੰਸਕ ਅਪਰਾਧਾਂ ਦੇ ਸਬੰਧ ’ਚ ਲੋੜੀਂਦਾ ਹੈ, ਜਿਨ੍ਹਾਂ ਵਿਚ ਸਿੱਧੂ ਮੂਸੇਵਾਲਾ ਕਤਲ ਕੇਸ, ਬਾਬਾ ਸਿੱਦੀਕੀ ਕਤਲ ਕੇਸ ਅਤੇ ਸਲਮਾਨ ਖਾਨ ਦੇ ਘਰ ਗੋਲੀਬਾਰੀ ਦਾ ਮਾਮਲਾ ਸ਼ਾਮਲ ਹੈ। ਅਨਮੋਲ ਬਿਸ਼ਨੋਈ ਭਾਰਤ ਵਿਚ ਕੁੱਲ 18 ਮਾਮਲਿਆਂ ਵਿਚ ਵਾਂਟੇਡ ਹੈ। ਪਿਛਲੇ ਸਾਲ ਨਵੰਬਰ ਵਿਚ ਉਸਨੂੰ ਅਮਰੀਕੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਸੀ, ਹਾਲਾਂਕਿ ਇਹ ਗ੍ਰਿਫ਼ਤਾਰੀ ਅਮਰੀਕਾ ਵਿਚ ਗੈਰ-ਕਾਨੂੰਨੀ ਐਂਟਰੀ ਕਾਰਨ ਹੋਈ ਸੀ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਨੇ ਪਿਛਲੇ ਸਾਲ ਅਨਮੋਲ ਨੂੰ ਆਪਣੀ ‘ਮੋਸਟ ਵਾਂਟੇਡ’ ਲਿਸਟ ਵਿਚ ਸ਼ਾਮਲ ਕੀਤਾ ਸੀ।

### ਕੈਨੇਡਾ ’ਚ ਬਿਸ਼ਨੋਈ ਗੈਂਗ ਵੱਲੋਂ ਵਕੀਲਾਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ’ਚ ਜਬਰੀ ਵਸੂਲੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਧਦੇ ਜਾ ਰਹੇ ਹਨ। ਇਸ ਵਾਰ ਵਕੀਲਾਂ ਨੂੰ ਗੈਂਗਸਟਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਨ੍ਹਾਂ ਤੋਂ ਮੋਟੀਆਂ ਰਕਮਾਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਜੇਕਰ ਉਹ ਪੈਸੇ ਨਹੀਂ ਦਿੰਦੇ ਹਨ, ਤਾਂ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਨੇ ਕਈ ਖਾਣ-ਪੀਣ ਦੀਆਂ ਵਸਤਾਂ ’ਤੇ ਭਾਰੀ ਆਯਾਤ ਟੈਰਿਫ ਹਟਾਇਆ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡੇ ਫੈਸਲੇ ਵਿਚ ਸ਼ੁੱਕਰਵਾਰ ਨੂੰ ਬੀਫ, ਟਮਾਟਰ, ਕੌਫੀ ਅਤੇ ਕੇਲੇ ਸਮੇਤ ਕਈ ਖਾਣ-ਪੀਣ ਦੀਆਂ ਵਸਤਾਂ ’ਤੇ ਭਾਰੀ ਆਯਾਤ ਟੈਰਿਫ ਹਟਾ ਦਿੱਤੇ ਹਨ। ਇਹ ਆਦੇਸ਼ ਵ੍ਹਾਈਟ ਹਾਊਸ ਦੁਆਰਾ ਜਾਰੀ ਕੀਤਾ ਗਿਆ ਸੀ ਅਤੇ ਵੀਰਵਾਰ ਦੀ ਅੱਧੀ ਰਾਤ ਤੋਂ ਲਾਗੂ ਹੋਵੇਗਾ। ਇਸਦਾ ਮਤਲਬ ਹੈ ਕਿ ਇਨ੍ਹਾਂ ਵਸਤਾਂ ’ਤੇ ਪਹਿਲਾਂ ਲਗਾਏ ਗਏ ਵਾਧੂ ਟੈਰਿਫ ਹੁਣ ਵਾਪਸ ਕਰ ਦਿੱਤੇ ਜਾਣਗੇ।

ਅਮਰੀਕਾ ’ਚ ਭੋਜਨ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ। ਲੋਕ ਮਹਿੰਗਾਈ ਨੂੰ ਲੈ ਕੇ ਬਹੁਤ ਚਿੰਤਤ ਹਨ। ਇਹ ਗੁੱਸਾ ਵਰਜੀਨੀਆ, ਨਿਊਜਰਸੀ ਅਤੇ ਨਿਊਯਾਰਕ ਸਿਟੀ ਵਿਚ ਹਾਲ ਹੀ ਵਿਚ ਹੋਈਆਂ ਸਥਾਨਕ ਚੋਣਾਂ ਵਿਚ ਵੀ ਝਲਕਿਆ, ਜਿੱਥੇ ਡੈਮੋਕ੍ਰੇਟਸ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਨਾਲ ਟਰੰਪ ਪ੍ਰਸ਼ਾਸਨ ’ਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਦਬਾਅ ਵਧਿਆ ਹੈ। ਟਰੰਪ ਹੁਣ ਦਾਅਵਾ ਕਰ ਰਹੇ ਹਨ ਕਿ ਮਹਿੰਗਾਈ ਉਨ੍ਹਾਂ ਦੇ ਟੈਰਿਫ ਕਾਰਨ ਨਹੀਂ, ਸਗੋਂ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੀਆਂ ਨੀਤੀਆਂ ਕਾਰਨ ਹੋਈ ਸੀ। ਹਾਲਾਂਕਿ,



ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਆਯਾਤ ਟੈਰਿਫ ਨੇ ਭੋਜਨ ਦੀਆਂ ਕੀਮਤਾਂ ਵਿਚ ਵਾਧੇ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਟਰੰਪ ਪ੍ਰਸ਼ਾਸਨ ਨੇ ਇਸ ਸਾਲ ਲਗਭਗ ਸਾਰੇ ਦੇਸ਼ਾਂ ਤੋਂ ਆਯਾਤ ’ਤੇ 10% ਬੇਸ ਟੈਰਿਫ ਲਗਾਇਆ। ਇਸ ਤੋਂ ਇਲਾਵਾ ਵਿਅਕਤੀਗਤ ਰਾਜਾਂ ਦੇ ਆਧਾਰ ’ਤੇ ਕਈ ਉਤਪਾਦਾਂ ’ਤੇ ਵਾਧੂ ਟੈਰਿਫ ਲਗਾਏ ਗਏ। ਕੰਪਨੀਆਂ ਨੇ ਇਹ ਵਾਧੂ ਲਾਗਤਾਂ ਖਪਤਕਾਰਾਂ ’ਤੇ ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਕਰਿਆਨੇ ਦੀਆਂ ਕੀਮਤਾਂ ਹੋਰ ਵਧ ਗਈਆਂ। ਹਾਲ ਹੀ ਵਿਚ ਅਰਜਨਟੀਨਾ, ਇਕਵਾਡੋਰ, ਗੁਆਟੇਮਾਲਾ ਅਤੇ ਅਲ ਸੈਲਵਾਡੋਰ ਨਾਲ ਵਪਾਰਕ ਸਮਝੌਤਿਆਂ ਦਾ ਐਲਾਨ ਕੀਤਾ ਗਿਆ ਸੀ। ਇੱਕ ਵਾਰ ਜਦੋਂ ਇਹ ਸਮਝੌਤੇ ਲਾਗੂ ਹੋ ਜਾਂਦੇ ਹਨ, ਤਾਂ ਇਨ੍ਹਾਂ ਦੇਸ਼ਾਂ ਤੋਂ ਬਹੁਤ ਸਾਰੀਆਂ ਖਾਣ-ਪੀਣ ਦੀਆਂ ਚੀਜ਼ਾਂ ’ਤੇ ਟੈਰਿਫ ਪੂਰੀ ਤਰ੍ਹਾਂ ਖਤਮ ਹੋ ਜਾਣਗੇ। ਅਮਰੀਕਾ ਸਾਲ ਦੇ ਅੰਤ ਤੱਕ ਹੋਰ ਦੇਸ਼ਾਂ ਨੂੰ ਜੋੜਨ ਦੀ ਤਿਆਰੀ ਕਰ ਰਿਹਾ ਹੈ।

### ਟੈਰਿਫ ਹਟਣ ਨਾਲ ਕੀ ਹੋਵੇਗਾ ਅਸਰ ?

- ਬਹੁਤ ਸਾਰੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਘਟਣ ਦੀ ਉਮੀਦ ਹੈ।
- ਕੰਪਨੀਆਂ ’ਤੇ ਆਯਾਤ ਲਾਗਤਾਂ ਦਾ ਬੋਝ ਘਟੇਗਾ।
- ਖਪਤਕਾਰਾਂ ਨੂੰ ਮਹਿੰਗਾਈ ਤੋਂ ਕੁਝ ਰਾਹਤ ਮਿਲ ਸਕਦੀ ਹੈ।
- ਖੁਰਾਕ ਬਾਜ਼ਾਰ ਵਿਚ ਸਪਲਾਈ ਵਧੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਕਨਸਾਸ ਕਾਊਂਟੀ ਨੇ ਇੱਕ ਅਖਬਾਰ ’ਤੇ ਮਾਰੇ ਛਾਪੇ ਦੇ ਮਾਮਲੇ ’ਚ ਮੰਗੀ ਮੁਆਫੀ

## ਕਾਊਂਟੀ 30 ਲੱਖ ਡਾਲਰ ਦੇਣ ਲਈ ਹੋਈ ਸਹਿਮਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕਨਸਾਸ ਵਿਚ ਇਕ ਕਾਊਂਟੀ ਨੇ 2023 ਵਿਚ ਇਕ ਛੋਟੇ ਕਸਬੇ ਵਿਚੋਂ ਨਿਕਲਦੇ ਅਖਬਾਰ ’ਤੇ ਮਾਰੇ ਛਾਪੇ ਲਈ ਮੁਆਫੀ ਮੰਗੀ ਹੈ ਤੇ 30 ਲੱਖ ਡਾਲਰ ਤੋਂ ਵਧ ਦੇਣ ਲਈ ਸਹਿਮਤ ਹੋਇਆ ਹੈ। ਅਗਸਤ 2023 ਵਿਚ ‘ਮੈਰੀਆਨ ਕਾਊਂਟੀ ਰਿਕਾਰਡ’ ਅਖਬਾਰ ਅਤੇ ਇਸ ਦੇ ਪ੍ਰਕਾਸ਼ਕ ਦੇ ਘਰ ’ਤੇ ਮਾਰੇ ਛਾਪੇ ਦੌਰਾਨ ਹੋਰ ਸਮਾਨ ਤੋਂ ਇਲਾਵਾ ਰਿਪੋਰਟਰਾਂ ਦੇ ਸੈੱਲ ਫੋਨ ਤੇ ਕੰਪਿਊਟਰ ਜ਼ਬਤ ਕਰ ਲਿਆ ਗਿਆ ਸੀ। ਇਸ ਛਾਪੇ ਤੋਂ ਬਾਅਦ ਅਖਬਾਰੀ ਸੰਗਠਨਾਂ ਤੇ ਪ੍ਰੈੱਸ ਦੀ ਆਜ਼ਾਦੀ ਦੇ ਸਮਰਥਕਾਂ ਨੇ ਵੱਡੀ ਪੱਧਰ ’ਤੇ ਸਰਕਾਰ ਦੀ ਨਿੰਦਾ ਕੀਤੀ ਸੀ। ਉਸ ਸਮੇਂ ਮੈਰੀਆਨ ਪੁਲਿਸ ਵਿਭਾਗ ਦੇ ਮੁਖੀ ਗਿਡਆਨ ਕੋਡੀ ਨੇ ਕਿਹਾ ਸੀ ਕਿ ਛਾਪਾ ਇਸ ਵਿਸ਼ਵਾਸ ਦੇ ਆਧਾਰ ’ਤੇ ਮਾਰਿਆ ਗਿਆ ਸੀ ਕਿ ਇੱਕ ਰਿਪੋਰਟਰ ਨੇ ਇਕ ਰਿਪੋਰਟ ਛਾਪਣ ਤੋਂ ਪਹਿਲਾਂ ਇਕ ਰੈਸਟੋਰੈਂਟ ਮਾਲਕ ਦਾ ਡਰਾਈਵਿੰਗ ਰਿਕਾਰਡ ਗੈਰ ਕਾਨੂੰਨੀ ਢੰਗ ਨਾਲ ਪ੍ਰਾਪਤ ਕੀਤਾ ਸੀ। ਬਾਅਦ ਵਿਚ ਪੁਲਿਸ ਮੁਖੀ ਨੇ ਅਸਤੀਫਾ ਦੇ ਦਿੱਤਾ ਸੀ ਤੇ ਉਸ ਵਿਰੁੱਧ ਨਿਆਇਕ ਪ੍ਰਕ੍ਰਿਆ ਵਿਚ ਦਖਲ ਅੰਦਾਜ਼ੀ ਕਰਨ ਦੇ ਦੋਸ਼ ਆਇਦ ਕੀਤੇ ਗਏ ਸਨ।

# ਵਾਸ਼ਿੰਗਟਨ ’ਚ ਗੁਰਪ੍ਰੀਤ ਕੌਰ ਬਣੀ ਲੀਗਲ ਐਡਵਾਈਜ਼ਰ

**ਵਾਸ਼ਿੰਗਟਨ/ਢਿੱਲਵਾਂ, (ਪੰਜਾਬ ਮੇਲ)**- ਪੰਜਾਬ ਦੀ ਇਕ ਹੋਰ ਧੀ ਨੇ ਅਮਰੀਕਾ ’ਚ ਲੀਗਲ ਐਡਵਾਈਜ਼ਰ ਬਣ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਪਿੰਡ ਮੰਡੇਰ ਬੇਟ ਦੇ ਬਲਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਐਡਵੋਕੇਟ ਗੁਰਪ੍ਰੀਤ ਕੌਰ ਅਮਰੀਕਾ ਦੇ ਸ਼ਹਿਰ ਵਾਸ਼ਿੰਗਟਨ ਡੀ.ਸੀ. ’ਚ ਯੂ.ਐੱਸ.ਏ. ਅਟਾਰਨੀ ਕੈਂਡੀਡੇਟ 2025 ਜੂਨੀਅਰ ਲੀਗਲ ਐਡਵਾਈਜ਼ਰ ਐਂਡ ਲੀਗਲ ਐਡਮਨਿਸਟ੍ਰੇਟਿਵ ਅਫਸਰ ਹਿਊਮਨ ਰਾਈਟਸ ਚੁਣੀ ਗਈ ਹੈ। ਬਲਕਾਰ ਸਿੰਘ ਨੇ ਦੱਸਿਆ ਕਿ 29 ਸਾਲਾ ਗੁਰਪ੍ਰੀਤ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐੱਲ.ਐੱਲ.ਬੀ. ਕਰਕੇ ਮਾਸਟਰ ਇਨ ਪੁਲਿਸ ਐਡਮਨਿਸਟ੍ਰੇਟਿਵ ਅਤੇ ਮਾਸਟਰ ਇਨ ਕ੍ਰਿਮਨਾਲੋਜੀ ’ਚ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕਰਕੇ ਪੰਜਾਬ ਦੇ ਰਾਜਪਾਲ ਵੱਲੋਂ ਗੋਲਡ ਮੈਡਲ ਹਾਸਲ ਕੀਤਾ ਹੋਇਆ ਹੈ।



# ਟਰੰਪ ਪ੍ਰਸ਼ਾਸਨ ਨੇ 4 ਖੱਬੇ-ਪੱਖੀ ਯੂਰਪੀਅਨ ਸਮੂਹਾਂ ਨੂੰ ਅੱਤਵਾਦੀ ਸੰਗਠਨ ਐਲਾਨਿਆ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਵੀਰਵਾਰ ਨੂੰ ਯੂਰਪ ਦੇ 4 ਖੱਬੇ-ਪੱਖੀ ਸਮੂਹਾਂ ਨੂੰ ਅੱਤਵਾਦੀ ਸੰਗਠਨ ਐਲਾਨਿਆ ਹੈ। ਇਹ ਕਦਮ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਦੇ ਕਤਲ ਤੋਂ ਬਾਅਦ ਖੱਬੇ-ਪੱਖੀਆਂ ਵਿਰੁੱਧ ਕਾਰਵਾਈ ਦੇ ਟਰੰਪ ਦੇ ਸੱਦੇ ਤੋਂ ਬਾਅਦ ਚੁੱਕਿਆ ਗਿਆ ਹੈ। ਇਹ ਸਮੂਹ ਯੂਰਪ ਵਿਚ ਸਰਗਰਮ ਹਨ ਅਤੇ ਅਮਰੀਕਾ ਵਿਚ ਉਨ੍ਹਾਂ ਦੀ ਕੋਈ ਗਤੀਵਿਧੀ ਨਹੀਂ ਹੈ।

ਇਨ੍ਹਾਂ ਵਿਚ 2003 ਵਿਚ ਯੂਰਪੀਅਨ ਕਮਿਸ਼ਨ ਦੇ ਤਤਕਾਲੀ ਪ੍ਰਧਾਨ ਨੂੰ ਇੱਕ ਵਿਸਫੋਟਕ ਪੈਕੇਜ ਭੇਜਣ ਵਾਲਾ ਇਤਾਲਵੀ ਅਰਾਜਕਤਾਵਾਦੀ ਮੋਰਚਾ, ਐਥਨਜ਼ ਵਿਚ ਪੁਲਿਸ ਅਤੇ ਕਿਰਤ ਵਿਭਾਗ ਦੀਆਂ ਇਮਾਰਤਾਂ ਦੇ ਬਾਹਰ ਬੰਬ ਲਗਾਉਣ ਦੇ ਸ਼ੱਕੀ ਦੋ ਯੂਨਾਨੀ ਸਮੂਹ ਅਤੇ ਜਰਮਨੀ ਵਿਚ ਨਵ-ਨਾਜ਼ੀਆਂ ’ਤੇ ਹਥੌੜੇ ਨਾਲ ਹਮਲੇ ਦੇ ਮਾਮਲੇ ਵਿੱਚ ਸ਼ਾਮਲ ਫਾਸ਼ੀਵਾਦ ਵਿਰੋਧੀ ਸਮੂਹ ਸ਼ਾਮਲ ਹੈ।




EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਅਮਰੀਕਾ 'ਚ ਦੀਵਾਲੀਆ ਹੋਣ ਵਾਲੀਆਂ ਕੰਪਨੀਆਂ ਦੀ ਗਿਣਤੀ 15 ਸਾਲਾਂ ਦੇ ਰਿਕਾਰਡ ਪੱਧਰ 'ਤੇ

■ **2022 ਦੇ ਮੁਕਾਬਲੇ 100% ਵਧੀ ਦੀਵਾਲੀਆ ਕੰਪਨੀਆਂ ਦੀ ਗਿਣਤੀ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸ਼ਾਇਦ ਦੁਨੀਆਂ ਭਰ ਦੇ ਦੇਸ਼ਾਂ 'ਤੇ ਅਮਰੀਕੀ ਅਰਥਵਿਵਸਥਾ ਵਿਚ ਨਿਵੇਸ਼ ਵਧਾਉਣ ਲਈ ਦਬਾਅ ਪਾ ਰਹੇ ਹੋਣ, ਪਰ ਘਰੇਲੂ ਕੰਪਨੀਆਂ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। 2025 ਵਿਚ ਹੁਣ ਤੱਕ, 655 ਵੱਡੀਆਂ ਕੰਪਨੀਆਂ ਦੀਵਾਲੀਆ ਹੋ ਗਈਆਂ ਹਨ, ਜੋ ਕਿ ਪਿਛਲੇ 15 ਸਾਲਾਂ ਵਿਚ ਦੂਜਾ ਸਭ ਤੋਂ ਉੱਚਾ ਅੰਕੜਾ ਹੈ। ਸਿਰਫ਼ 2024 ਨੂੰ ਛੱਡ ਕੇ, ਜਦੋਂ 687 ਕੰਪਨੀਆਂ ਦੀਵਾਲੀਆ ਹੋ ਗਈਆਂ, ਇਸ ਸਥਿਤੀ ਨੂੰ 2010 ਤੋਂ ਬਾਅਦ ਸਭ ਤੋਂ ਗੰਭੀਰ ਮੰਨਿਆ ਜਾ ਰਿਹਾ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ ਇਹ ਗਿਣਤੀ ਸਾਲ ਦੇ ਅੰਤ ਤੱਕ 800 ਤੱਕ ਪਹੁੰਚ ਸਕਦੀ ਹੈ।

ਮਹੀਨੇ-ਦਰ-ਮਹੀਨੇ ਸਥਿਤੀ ਵਿਗੜਦੀ ਜਾ ਰਹੀ ਹੈ। ਅਗਸਤ 2025 'ਚ 76 ਕੰਪਨੀਆਂ ਦੀਵਾਲੀਆ ਹੋਈਆਂ, ਜਦਕਿ ਸਤੰਬਰ ਮਹੀਨੇ 66 ਕੰਪਨੀਆਂ ਅਤੇ ਅਕਤੂਬਰ ਮਹੀਨੇ 68 ਕੰਪਨੀਆਂ ਦੀਵਾਲੀਆ ਹੋਈਆਂ। ਅਮਰੀਕਾ 'ਚ ਦੀਵਾਲੀਆ ਹੋ ਗਈਆਂ



ਕੰਪਨੀਆਂ ਦੀ ਗਿਣਤੀ 2022 ਦੇ ਮੁਕਾਬਲੇ 100% ਵਧੀ ਹੈ।

ਪ੍ਰਭਾਵਿਤ ਹੋਣ ਵਾਲੇ ਖੇਤਰਾਂ 'ਚ ਉਦਯੋਗਿਕ ਖੇਤਰ ਦੀਆਂ ਸਭ ਤੋਂ ਵੱਧ 98 ਕੰਪਨੀਆਂ, ਕੰਜ਼ਿਊਮਰ ਡਿਸਕ੍ਰੇਸ਼ਨਰੀ ਦੀਆਂ 80 ਕੰਪਨੀਆਂ ਅਤੇ ਸਿਹਤ ਸੰਭਾਲ ਦੀਆਂ 45 ਕੰਪਨੀਆਂ ਸ਼ਾਮਲ ਹਨ।

ਦੀਵਾਲੀਆਪਨ ਦੀ ਵੱਧ ਰਹੀ ਗਿਣਤੀ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਡੂੰਘੇ ਦਬਾਅ ਹੇਠ ਹੈ ਅਤੇ ਕਾਰਪੋਰੇਟ ਖੇਤਰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

**ਪਿਛਲੇ 15 ਸਾਲਾਂ 'ਚ ਦੀਵਾਲੀਆਪਨ ਹੋਣ ਵਾਲੀਆਂ ਕੰਪਨੀਆਂ ਦਾ ਰਿਕਾਰਡ**

| ਸਾਲ | ਕੰਪਨੀਆਂ ਦੀ ਗਿਣਤੀ |
|---|---|
| 2010 | 828 |
| 2011 | 634 |
| 2012 | 586 |
| 2013 | 558 |
| 2014 | 471 |
| 2015 | 524 |
| 2016 | 576 |
| 2017 | 520 |
| 2018 | 518 |
| 2019 | 589 |
| 2020 | 639 |
| 2021 | 405 |
| 2022 | 372 |
| 2023 | 634 |
| 2024 | 687 |
| 2025 (ਹੁਣ ਤੱਕ) | 655 |

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਅਮਰੀਕਾ 'ਚ 232 ਸਾਲਾਂ ਬਾਅਦ ਪੈਨੀ ਬਣੀ ਇਤਿਹਾਸ; ਅਧਿਕਾਰਤ ਤੌਰ 'ਤੇ ਹੋਈ ਬੰਦ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਕਰੰਸੀ ਦੀ ਸਭ ਤੋਂ ਛੋਟੀ ਇਕਾਈ ਪੈਨੀ ਨੂੰ ਅਧਿਕਾਰਤ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ 232 ਸਾਲ ਪੁਰਾਣੀ ਇਹ ਕਰੰਸੀ ਹੁਣ ਇਤਿਹਾਸ ਬਣ ਗਈ ਹੈ। ਇਹ ਕਰੰਸੀ ਭਾਰਤੀ ਪੈਸੇ ਵਾਂਗ ਸੀ। ਜਿਸ ਤਰ੍ਹਾਂ 100 ਪੈਸਿਆਂ ਨਾਲ ਇਕ ਰੁਪਿਆ ਬਣਦਾ ਹੈ, ਉਸੇ ਤਰ੍ਹਾਂ 100 ਪੈਨੀ ਨਾਲ ਇਕ ਡਾਲਰ ਬਣਦਾ ਹੈ। ਅਮਰੀਕੀ ਵਿੱਤ ਵਿਭਾਗ ਨੇ ਦੱਸਿਆ ਕਿ ਪੈਨੀ ਨੂੰ ਖਤਮ ਕਰਨ ਦਾ ਕਾਰਨ ਇਸ ਦੀ ਵੈਲਿਊ ਘੱਟ ਹੋਣਾ ਹੈ। ਹੁਣ ਇਸ ਸਿੱਕੇ ਨਾਲ ਕੁਝ ਵੀ ਖਰੀਦਿਆ ਨਹੀਂ ਜਾ ਸਕਦਾ ਸੀ, ਇੱਥੋਂ ਤੱਕ ਕਿ ਟਾਫੀ ਵੀ ਨਹੀਂ। ਉਥੇ ਹੀ ਇਕ ਪੈਨੀ ਬਣਾਉਣ 'ਚ ਹੁਣ 3 ਸੈਂਟ ਤੋਂ ਵੱਧ ਲਾਗਤ ਆ ਰਹੀ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਵਰੀ 2025 'ਚ ਇਸ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ।

## ਇਮੀਗ੍ਰੇਸ਼ਨ ਇਨਫੋਰਸਮੈਂਟ ਵੱਲੋਂ ਗ੍ਰਿਫਤਾਰ ਸੈਂਕੜੇ ਪ੍ਰਵਾਸੀਆਂ ਦੀ ਰਿਹਾਈ ਸੰਭਵ

**ਸ਼ਿਕਾਗੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਇੱਕ ਸੰਘੀ ਜੱਜ ਨੇ ਕਿਹਾ ਹੈ ਕਿ ਇਲੀਨੋਇਸ ਤੋਂ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਗ੍ਰਿਫਤਾਰ ਸੈਂਕੜੇ ਪ੍ਰਵਾਸੀਆਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹਾ ਨਹੀਂ ਲੱਗਦਾ ਕਿ ਉਹ ਡਰੱਗ ਤਸਕਰ ਹਨ ਜਾਂ ਗੈਂਗਸਟਰ ਹਨ। ਸ਼ਿਕਾਗੋ ਦੀ ਸੰਘੀ ਅਦਾਲਤ ਵਿਚ ਯੂ.ਐੱਸ. ਡਿਸਟ੍ਰਿਕਟ ਜੱਜ ਜੈਫਰੀ ਕਮਿੰਗਜ ਨੇ ਦਾਇਰ ਇਕ ਪਟੀਸ਼ਨ ਜਿਸ ਵਿਚ ਕਿਹਾ ਗਿਆ ਹੈ ਕਿ ਗ੍ਰਿਫਤਾਰੀਆਂ ਗੈਰ ਕਾਨੂੰਨੀ ਹਨ, 'ਤੇ ਸੁਣਵਾਈ ਕਰਦਿਆਂ ਜ਼ੁਬਾਨੀ ਆਦੇਸ਼ ਵਿਚ ਪ੍ਰਵਾਸੀਆਂ ਦੀ ਰਿਹਾਈ ਦਾ ਆਦੇਸ਼ ਦਿੱਤਾ ਹੈ। ਜੱਜ ਦਾ ਆਦੇਸ਼ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋ ਸ਼ੁਰੂ ਕੀਤੇ ਆਪਰੇਸ਼ਨ 'ਮਿਡਵੇਅ ਬਲਿਟਜ਼' ਜਿਸ ਤਹਿਤ ਇਮੀਗ੍ਰੇਸ਼ਨ ਇਨਫੋਰਸਮੈਂਟ ਦੇ ਛਾਪਿਆਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਦੇ ਦੋ ਮਹੀਨੇ ਬਾਅਦ ਆਇਆ ਹੈ। ਜਿਨ੍ਹਾਂ ਲੋਕਾਂ ਦੀ ਗ੍ਰਿਫਤਾਰੀ ਬਿਨਾਂ ਵਾਰੰਟ ਕੀਤੀ ਗਈ ਹੈ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇਗਾ। ਘੱਟੋ-ਘੱਟ 13 ਵਿਅਕਤੀਆਂ ਦੀ ਰਿਹਾਈ ਇਕ ਦੋ ਦਿਨਾਂ ਵਿਚ ਸੰਭਵ ਹੈ। ਗ੍ਰਿਫਤਾਰ ਲੋਕਾਂ ਦੇ ਵਕੀਲਾਂ ਅਨੁਸਾਰ ਕੁਲ 600 ਲੋਕਾਂ ਜਿਨ੍ਹਾਂ ਵਿਚ ਵਧੇਰੇ ਪ੍ਰਵਾਸੀ ਹਨ, ਦੀ ਰਿਹਾਈ ਹੋ ਸਕਦੀ ਹੈ।

## ਭਾਰਤੀ-ਅਮਰੀਕੀ ਮਾਲਕ ਵਿਰੁੱਧ ਭਾਰਤੀ ਇੰਜੀਨੀਅਰ ਵੱਲੋਂ ਪਟੀਸ਼ਨ

■ **ਐੱਚ-1 ਬੀ ਵੀਜ਼ਾ ਪ੍ਰੋਗਰਾਮ ਤਹਿਤ ਸ਼ੋਸ਼ਣ ਤੇ ਭੇਦਭਾਵ ਦੇ ਦੋਸ਼**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸੈਨਹੋਜ਼ੇ ਵਿਚ ਇੱਕ ਭਾਰਤੀ ਸਾਫਟ ਵੇਅਰ ਇੰਜੀਨੀਅਰ ਨੇ ਭਾਰਤੀ ਮੂਲ ਦੇ ਅਮਰੀਕੀ ਮਾਲਕ ਵਿਰੁੱਧ ਦਾਇਰ ਪਟੀਸ਼ਨ ਵਿਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਸ਼ੋਸ਼ਣ ਤੇ ਜਾਤੀ ਆਧਾਰਿਤ ਭੇਦਭਾਵ ਕਰਨ ਦੇ ਦੋਸ਼ ਲਾਏ ਹਨ। ਐੱਚ-1ਬੀ ਵੀਜ਼ਾ ਵਰਕਰ ਅਮਰੂਤੇਸ਼ ਵਲਭਾਨੇਨੀ ਦੁਆਰਾ ਸਿਰੀ ਸਾਫਟਵੇਅਰ ਸੋਲੂਸ਼ਨਜ ਤੇ ਇਸ ਦੇ ਮਾਲਕ ਪਵਨ ਟਾਟਾ ਵਿਰੁੱਧ ਦਾਇਰ ਪਟੀਸ਼ਨ ਵਿਚ ਬੰਧੂਆ ਮਜਦੂਰੀ, ਕਿਰਤੀਆਂ ਦੀ ਤਸਕਰੀ ਤੇ ਯੂ.ਐੱਸ. ਲੇਬਰ ਕਾਨੂੰਨਾਂ ਦੀ ਵਾਰ-ਵਾਰ ਉਲੰਘਣਾ ਕਰਨ ਦੇ ਦੋਸ਼ ਲਾਏ ਗਏ ਹਨ। ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਘੱਟ ਅਦਾਇਗੀ ਕੀਤੀ ਗਈ ਤੇ ਕੰਪਨੀ ਗਰੀਨ ਕਾਰਡ ਦਿਵਾਉਣ ਦੇ ਵਾਅਦੇ ਤੋਂ ਮੁਕਰ ਗਈ। ਉਸ ਨੂੰ ਇਮੀਗ੍ਰੇਸ਼ਨ ਸਟੇਟਸ ਖਤਮ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਬਰਕਰਾਰ ਰੱਖਣ ਲਈ ਉਸ ਨੂੰ ਕਈ ਮਹੀਨੇ ਆਪਣੀ ਹੀ ਤਨਖਾਹ ਕੰਪਨੀ ਨੂੰ ਦੇਣ ਲਈ ਮਜਬੂਰ ਕੀਤਾ ਗਿਆ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਮਾਤਾ ਅੰਮ੍ਰਿਤ ਕੌਰ ਓਬਰਾਏ ਦੇ ਜਨਮਦਿਨ ਤੇ ਲੋੜਵੰਦਾਂ ਦੇ ਭਰੇ ਪੈਨਸ਼ਨ ਫ਼ਾਰਮ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਦੁਨੀਆਂ ਭਰ ਵਿਚ ਲੋਕ ਭਲਾਈ ਦੇ ਕਾਰਜ ਕਰ ਰਹੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਮਾਤਾ ਸਰਦਾਰਨੀ ਅੰਮ੍ਰਿਤ ਕੌਰ ਓਬਰਾਏ ਦੇ ਜਨਮਦਿਨ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਲੋੜਵੰਦ ਵਿਧਵਾਵਾਂ, ਬੇਸਹਾਰਾ ਬੱਚਿਆਂ, ਬੇਸਹਾਰਾ ਬਜ਼ੁਰਗਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਅੰਗਹੀਣ ਵਿਅਕਤੀਆਂ ਦੇ ਪੈਨਸ਼ਨ ਫ਼ਾਰਮ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀਆਂ ਹਦਾਇਤਾਂ ਅਨੁਸਾਰ ਭਰੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਪਰੋਕਤ ਲੋੜਵੰਦਾਂ ਦੇ ਫ਼ਾਰਮ ਭਰਨ ਉਪਰੰਤ ਅਤੇ ਲੋੜੀਂਦੀ ਵੈਰੀਫਿਕੇਸ਼ਨ ਕਰਨ ਉਪਰੰਤ ਪੈਨਸ਼ਨ ਫ਼ਾਰਮ ਡਾ. ਓਬਰਾਏ ਕੋਲ ਭੇਜੇ ਜਾਂਦੇ ਹਨ। ਫਿਰ ਇਨ੍ਹਾਂ ਲੋੜਵੰਦਾਂ ਦੀ ਉਮਰ ਭਰ ਲਈ ਪੈਨਸ਼ਨ ਲਾਈ ਜਾਂਦੀ ਹੈ ਅਤੇ ਹਰ 2 ਸਾਲ ਬਾਅਦ ਨਵ ਨਿਰਮਾਣ ਕੀਤੀ ਜਾਂਦੀ ਹੈ ਅਤੇ ਇਸ ਤੋਂ ਪਹਿਲਾਂ ਸ੍ਰੀ ਮੁਕਤਸਰ ਸਾਹਿਬ ਵਿਖੇ 350 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਮਿਲ ਰਹੀ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਮਾਤਾ ਸਰਦਾਰਨੀ ਅੰਮ੍ਰਿਤ ਕੌਰ ਜੀ ਦੇ ਜਨਮਦਿਨ 'ਤੇ ਤਕਰੀਬਨ 38 ਦੇ ਕਰੀਬ ਪੈਨਸ਼ਨ ਦੇਣ ਲਈ ਲੋੜਵੰਦਾਂ ਦੇ ਪੈਨਸ਼ਨ ਫਾਰਮ ਭਰੇ ਗਏ ਹਨ ਕਿਉਂਕਿ ਮਾਤਾ ਸਰਦਾਰਨੀ ਅੰਮ੍ਰਿਤ ਕੌਰ ਓਬਰਾਏ ਦੇ ਅਸ਼ੀਰਵਾਦ ਸਦਕਾ ਹੀ ਡਾਕਟਰ ਓਬਰਾਏ ਮਨੁੱਖਤਾ ਦੀ ਸੇਵਾ ਵਿਚ ਵੱਧ-ਚੜ੍ਹ ਕੇ ਸੇਵਾ ਕਰ ਰਹੇ ਹਨ। ਪੈਨਸ਼ਨ ਫ਼ਾਰਮ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਾਸਟਰ ਰਾਜਿੰਦਰ ਸਿੰਘ ਵੱਲੋਂ ਭਰੇ ਗਏ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੈਤਾ ਜੀ ਆਦਿ ਮਹਾਨ ਸ਼ਹੀਦਾਂ ਦੀਆਂ ਸ਼ਹਾਦਤਾਂ ਨੂੰ ਸਮਰਪਿਤ, (ਜਿਨ੍ਹਾਂ ਨੇ ਧਰਮ ਅਤੇ ਨੈਤਿਕਤਾ ਦੀ ਰੱਖਿਆ ਲਈ ਬਲੀਦਾਨ ਦਿੱਤਾ) 14 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 17500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ, ਪਰ ਦਵਾਈਆਂ ਖਰੀਦਣ ਤੋਂ ਅਸਮਰਥ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਡਾਕਟਰ ਦੀ ਪਰਚੀ ਦੇ ਹਿਸਾਬ ਨਾਲ ਦਵਾਈਆਂ ਖਰੀਦਣ ਲਈ ਸਹਾਇਤਾ ਰਾਸ਼ੀ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਬੀਮਾਰੀਆਂ ਨੂੰ ਦੂਰ ਕਰਨ ਲਈ ਸਮਰੱਥ ਹੋ ਗਏ ਹਾਂ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਗੁਰਪਾਲ ਸਿੰਘ ਪਾਲੀ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੁਖਦਰਸ਼ਨ ਸਿੰਘ ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।




# ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ 350 ਸਾਲਾ ਸ਼ਤਾਬਦੀ ਸਮਾਗਮਾਂ 'ਚ ਸ਼ਮੂਲੀਅਤ ਲਈ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸੱਦਾ ਪੱਤਰ

**■ ਸ਼ਹੀਦੀ ਨਗਰ ਕੀਰਤਨ ਲਈ ਦਿੱਤੇ ਸਹਿਯੋਗ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਅਦਿੱਤਯ ਨਾਥ ਯੋਗੀ ਦਾ ਕੀਤਾ ਧੰਨਵਾਦ**



**ਅੰਮ੍ਰਿਤਸਰ, (ਪੰਜਾਬ ਮੇਲ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਅਦਿੱਤਯ ਨਾਥ ਯੋਗੀ ਨੂੰ ਸੱਦਾ-ਪੱਤਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਦੀ ਅਗਵਾਈ ਵਿਚ ਇੱਕ ਵਫਦ ਨੇ ਮੁੱਖ ਮੰਤਰੀ ਸ਼੍ਰੀ ਅਦਿੱਤਯ ਨਾਥ ਯੋਗੀ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੱਤਰ ਸੌਂਪਿਆ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮ 23 ਨਵੰਬਰ ਤੋਂ 29 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ, ਜਿਸ ਵਿਚ ਸ਼ਮੂਲੀਅਤ ਲਈ ਦੇਸ਼ ਭਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਪੱਤਰ ਦਿੱਤੇ ਜਾ ਰਹੇ ਹਨ। ਇਸੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵਫ਼ਦ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਅਦਿੱਤਯ ਨਾਥ ਯੋਗੀ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਸੱਦਾ ਵੀ ਦਿੱਤਾ।

## ਸੁਪਰੀਮ ਕੋਰਟ ਵੱਲੋਂ ਹਵਾਰਾ ਦੀ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਮੁਲਤਵੀ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਬੇਅੰਤ ਸਿੰਘ



ਕਤਲ ਮਾਮਲੇ ਵਿਚ ਬੱਬਰ ਖਾਲਸਾ ਦੇ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ ਹੈ। ਇਸ ਪਟੀਸ਼ਨ ਜ਼ਰੀਏ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਸਾਲ 1995 ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ। ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਵਿਜੇ ਬਿਸ਼ਨੋਈ ਦੇ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਮੁਲਤਵੀ ਕੀਤੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 27 ਸਤੰਬਰ ਨੂੰ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ, ਚੰਡੀਗੜ੍ਹ ਪ੍ਰਸ਼ਾਸਨ, ਦਿੱਲੀ ਅਤੇ ਪੰਜਾਬ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਸਨ।

# ਐੱਸ.ਜੀ.ਪੀ.ਸੀ. ਵੱਲੋਂ ਪਾਕਿ ਜਾਣ ਲਈ ਵੀਜ਼ਾ ਨਿਯਮਾਂ 'ਚ ਹੋਰ ਸਖਤੀ ਲਾਗੂ

**■ ਸਰਬਜੀਤ ਕੌਰ ਮਾਮਲੇ ਮਗਰੋਂ ਲਿਆ ਵੱਡਾ ਫੈਸਲਾ**

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਪਾਕਿਸਤਾਨ ਜਾਣ ਵਾਲੀਆਂ ਇਕੱਲੀਆਂ ਮਹਿਲਾ ਤੀਰਥ ਯਾਤਰੀਆਂ ਦੇ ਵੀਜ਼ਾ ਅਰਜ਼ੀਆਂ ਲਈ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਇਹ ਫੈਸਲਾ ਪੰਜਾਬ ਦੀ ਸਰਬਜੀਤ ਕੌਰ ਦੇ ਮਾਮਲੇ ਦੇ ਮੱਦੇਨਜ਼ਰ ਲਿਆ ਗਿਆ ਹੈ, ਜੋ ਪਾਕਿਸਤਾਨ ਗਈ ਸੀ ਅਤੇ ਉੱਥੇ ਧਰਮ ਪਰਿਵਰਤਨ ਕਰ ਕੇ ਨਿਕਾਹ ਕਰਵਾ ਲਿਆ ਤੇ ਵਾਪਸ ਨਹੀਂ ਪਰਤੀ। ਜਿਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਫੈਸਲਾ ਲਿਆ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਹੁਣ ਭਵਿੱਖ 'ਚ ਪਾਕਿਸਤਾਨ ਕਿਸੇ ਵੀ ਇਕੱਲੀ ਔਰਤ ਨੂੰ ਵੀਜ਼ਾ ਨਹੀਂ ਦੇਵੇਗੀ। ਸਕੱਤਰ ਪ੍ਰਤਾਪ ਸਿੰਘ ਨੇ ਸਰਬਜੀਤ ਕੌਰ ਦੇ ਵਿਵਹਾਰ ਦੀ ਸਖ਼ਤ ਸ਼ਬਦਾ 'ਚ ਨਿੰਦਾ ਕਰਦਿਆਂ ਕਿਹਾ ਕਿ ਮੀਡੀਆ ਵਿਚ ਨਾਮ ਬਦਲਣ ਅਤੇ ਨਿਕਾਹ ਕਰਨ ਦੀ ਜਾਣਕਾਰੀ ਸਾਹਮਣੇ ਆਉਣ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਬਜੀਤ ਪਹਿਲਾਂ ਤੋਂ ਹੀ ਪਾਕਿਸਤਾਨ 'ਚ ਕਿਸੇ ਦੇ ਸੰਪਰਕ ਵਿਚ ਸੀ।

ਸਕੱਤਰ ਪ੍ਰਤਾਪ ਸਿੰਘ ਨੇ ਸਵਾਲ ਉਠਾਇਆ ਕਿ ਸਬੰਧਤ ਜਾਂਚ ਏਜੰਸੀਆਂ ਕੀ ਕਰ ਰਹੀਆਂ ਸਨ ਅਤੇ ਇਹ ਗਤੀਵਿਧੀ ਉਨ੍ਹਾਂ ਦੇ ਧਿਆਨ ਵਿਚ ਕਿਉਂ ਨਹੀਂ ਆਈ। ਸਰਕਾਰ ਵੱਲੋਂ ਏਜੰਸੀਆਂ ਇਨਕੁਆਇਰੀ ਕਰਦਿਆਂ ਹਨ ਅਤੇ ਕਈਆਂ ਨੂੰ ਬਾਰਡਰ ਤੋਂ ਵਾਪਸ ਵੀ ਭੇਜਿਆ ਗਿਆ ਸੀ ਪਰ ਇਹ ਮਾਮਲਾ ਧਿਆਨ 'ਚ ਕਿਉਂ ਨਹੀਂ ਆਇਆ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਲੈ ਕੇ ਹੋਰ ਯਾਤਰੀਆਂ 'ਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਜਿਸ ਪਰਿਵਾਰ ਦੀ ਬੀਬੀ ਗਈ ਹੈ, ਉਸ ਪਰਿਵਾਰ 'ਤੇ ਕੀ ਬੀਤੀ ਹੋਵੇਗੀ। ਉਸ ਨੇ ਆਪਣੇ ਪਰਿਵਾਰ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ।

# ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਆਨੰਦਪੁਰ ਸਾਹਿਬ 'ਚ 24 ਨਵੰਬਰ ਨੂੰ

**■ ਪੰਜਾਬ ਕੈਬਨਿਟ ਨੇ ਦਿੱਤੀ ਹਰੀ ਝੰਡੀ; ਬੀ.ਬੀ.ਐੱਮ.ਬੀ. ਲਈ ਵੱਖਰਾ ਕਾਡਰ ਬਣਾਏ ਜਾਣ ਨੂੰ ਪ੍ਰਵਾਨਗੀ**

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਮੰਤਰੀ ਮੰਡਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਬੁਲਾਏ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹੋਈ ਕੈਬਨਿਟ ਮੀਟਿੰਗ 'ਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਬਾਹਰ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਵਿਸ਼ੇਸ਼ ਸੈਸ਼ਨ ਸੱਦਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਸੈਸ਼ਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਕੇਂਦਰਿਤ ਹੋਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੈਬਨਿਟ 'ਚ ਲਏ ਫ਼ੈਸਲਿਆਂ ਤੋਂ ਜਾਣੂ ਕਰਾਇਆ। ਕੈਬਨਿਟ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਕਰੀਬ ਤਿੰਨ ਹਜ਼ਾਰ ਮੁਲਾਜ਼ਮਾਂ ਦਾ ਵੱਖਰਾ ਕਾਡਰ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ ਜਿਸ ਤਹਿਤ ਪਾਵਰਕੌਮ ਅਤੇ ਸਿੰਜਾਈ ਮਹਿਕਮੇ ਦੀਆਂ ਅਸਾਮੀਆਂ ਨੂੰ ਭਰਿਆ ਜਾਵੇਗਾ। ਇਸ ਤੋਂ ਪਹਿਲਾਂ ਬੀ.ਬੀ.ਐੱਮ.ਬੀ. 'ਚ ਪੰਜਾਬ ਤੋਂ ਡੈਪੂਟੇਸ਼ਨ 'ਤੇ ਮੁਲਾਜ਼ਮ ਤਾਇਨਾਤ ਹੁੰਦੇ ਸਨ ਪ੍ਰੰਤੂ ਬਹੁਤੇ ਮੁਲਾਜ਼ਮ ਬੀ.ਬੀ.ਐੱਮ.ਬੀ. 'ਚ ਜਾਣ ਤੋਂ ਪਾਸਾ ਵੱਟਦੇ ਸਨ, ਜਿਸ ਕਰਕੇ ਅਸਾਮੀਆਂ ਖ਼ਾਲੀ ਰਹਿ ਜਾਂਦੀਆਂ ਸਨ।

## ਵਿਦੇਸ਼ ਭੇਜਣ ਦੇ ਸੁਫ਼ਨੇ ਦਿਖਾ ਕੇ ਠੱਗ ਲਏ 8 ਲੱਖ ਰੁਪਏ

**ਲੁਧਿਆਣਾ, (ਪੰਜਾਬ ਮੇਲ)**- ਫਿਰੋਜ਼ਪੁਰ ਦੇ ਜ਼ੀਰਾ ਦੇ ਹਰੀਪੁਰ ਠੱਠਾ ਨਿਵਾਸੀ ਬਲਵਿੰਦਰ ਸਿੰਘ ਦੇ ਬਿਆਨ ਦੇ ਆਧਾਰ 'ਤੇ, ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਿਸ ਨੇ ਮਾਛੀਵਾੜਾ ਦੇ ਰਹਿਣ ਵਾਲੇ ਹਰਵਿੰਦਰ ਸਿੰਘ ਵਿਰੁੱਧ ਵਿਦੇਸ਼ ਭੇਜਣ ਦੇ ਝੂਠੇ ਬਹਾਨੇ 8 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਪੀੜਤ ਅਨੁਸਾਰ, ਉਸ ਨੇ ਆਪਣੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਦੋਸ਼ੀ ਹਰਵਿੰਦਰ ਸਿੰਘ ਨਾਲ ਸੰਪਰਕ ਕੀਤਾ। ਉਸ ਨੇ ਉਸ ਨੂੰ ਯੂ.ਕੇ. ਭੇਜਣ ਦੇ ਬਦਲੇ ਉਸ ਤੋਂ 8 ਲੱਖ ਰੁਪਏ ਲਏ। ਹਾਲਾਂਕਿ, ਦੋਸ਼ੀ ਨੇ ਨਾ ਤਾਂ ਉਸ ਦੇ ਪੁੱਤਰ ਨੂੰ ਯੂ.ਕੇ. ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ।

## ਧੋਖਾਧੜੀ ਮਾਮਲਾ ਰੱਦ ਕਰਵਾਉਣ ਲਈ ਸ਼ਿਲਪਾ ਸ਼ੈਟੀ ਤੇ ਰਾਜ ਕੁੰਦਰਾ ਵੱਲੋਂ ਹਾਈ ਕੋਰਟ ਦਾ ਰੁਖ਼



**ਮੁੰਬਈ, (ਪੰਜਾਬ ਮੇਲ)**- ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਉਸ ਦੇ ਕਾਰੋਬਾਰੀ ਪਤੀ ਰਾਜ ਕੁੰਦਰਾ ਨੇ ਮੁੰਬਈ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਵੱਲੋਂ ਉਨ੍ਹਾਂ ਵਿਰੁੱਧ ਦਰਜ ਕੀਤੇ ਗਏ 60 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਨੂੰ ਰੱਦ ਕਰਵਾਉਣ ਲਈ ਬੰਬੇ ਹਾਈ ਕੋਰਟ ਦਾ ਰੁਖ ਕੀਤਾ ਹੈ। ਐੱਫ.ਆਈ.ਆਰ. ਨੂੰ ਰੱਦ ਕਰਵਾਉਣ ਦੀ ਮੰਗ ਤੋਂ ਇਲਾਵਾ ਇਸ ਜੋੜੇ ਨੇ ਅਦਾਲਤ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਸੁਣਵਾਈ ਪੈਂਡਿੰਗ ਹੋਣ ਤੱਕ ਪੁਲਿਸ ਨੂੰ ਇਸ ਕੇਸ 'ਚ ਚਾਰਜਸ਼ੀਟ ਦਾਖਲ ਨਾ ਕਰਨ ਅਤੇ ਉਨ੍ਹਾਂ ਵਿਰੁੱਧ ਕੋਈ ਵੀ ਜਬਰੀ ਕਾਰਵਾਈ ਨਾ ਕਰਨ ਦਾ ਨਿਰਦੇਸ਼ ਦੇਵੇ। ਉਨ੍ਹਾਂ ਦੀਆਂ ਅਰਜ਼ੀਆਂ 'ਤੇ ਮੁੱਖ ਜੱਜ ਚੰਦਰਸ਼ੇਖਰ ਅਤੇ ਜਸਟਿਸ ਗੌਤਮ ਅਨਖਾਡ ਦੇ ਬੈਂਚ ਸਾਹਮਣੇ ਸੁਣਵਾਈ ਹੋਈ।

# ਜੱਗੂ ਭਗਵਾਨਪੁਰੀਆ ਗੈਂਗ ਦੇ ਦੋ ਕਾਰਕੁਨ ਦੋ ਪਿਸਤੌਲਾਂ ਸਮੇਤ ਕਾਬੂ

**ਚੰਡੀਗੜ੍ਹ/ਬਟਾਲਾ, (ਪੰਜਾਬ ਮੇਲ)**- ਬਟਾਲਾ ਪੁਲਿਸ ਨੇ ਜੱਗੂ ਭਗਵਾਨਪੁਰੀਆ ਗੈਂਗ ਨਾਲ ਸਬੰਧਤ ਵਿਦੇਸ਼ੀ ਗੈਂਗਸਟਰ ਅੰਮ੍ਰਿਤ ਦਾਲਮ ਦੇ ਮੁੱਖ ਕਾਰਕੁੰਨਾਂ ਨੂੰ ਦੋ ਵਿਦੇਸ਼ੀ .30 ਕੈਲੀਬਰ ਪਿਸਤੌਲਾਂ ਅਤੇ ਜਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਟਾਲਾ ਦੇ ਸਤਕੋਹਾ ਦੇ ਰਹਿਣ ਵਾਲੇ ਵਿਜੇ ਮਸੀਹ ਅਤੇ ਬਟਾਲਾ ਦੇ ਨਾਹਰਪੁਰ ਖੱਦਰ ਦੇ ਰਹਿਣ ਵਾਲੇ ਮਲਕੀਤ ਸਿੰਘ ਵਜੋਂ ਹੋਈ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵਾਂ ਮੁਲਜ਼ਮਾਂ ਨੂੰ ਗੈਂਗਸਟਰ ਅੰਮ੍ਰਿਤ ਦਾਲਮ ਵੱਲੋਂ ਟਾਰਗੇਟ ਕਿਲਿੰਗ ਕਰਨ ਦਾ ਕੰਮ ਸੌਂਪਿਆ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਨ੍ਹਾਂ ਵਿਰੁੱਧ ਇਰਾਦਾ ਕਤਲ, ਐੱਨ.ਡੀ.ਪੀ.ਐੱਸ. ਐਕਟ ਅਤੇ ਅਸਲਾ ਐਕਟ ਦੇ ਮਾਮਲੇ ਦਰਜ ਹਨ।



ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮ ਮਲਕੀਤ ਸਿੰਘ ਅਗਸਤ 2025 ਵਿਚ ਕਲਾਨੌਰ ਬੱਸ ਸਟੈਂਡ 'ਤੇ ਵਿਰੋਧੀ ਗੈਂਗ ਦੇ ਮੈਂਬਰਾਂ ਨਾਲ ਹੋਈ ਗੋਲੀਬਾਰੀ ਦੀ ਵਾਰਦਾਤ ਵਿਚ ਵੀ ਸ਼ਾਮਲ ਸੀ ਅਤੇ ਉਦੋਂ ਤੋਂ ਫਰਾਰ ਸੀ। ਉਨ੍ਹਾਂ ਕਿਹਾ ਕਿ ਪੂਰੇ ਨੈੱਟਵਰਕ ਅਤੇ ਇਸ ਦੇ ਅਲਗੇ-ਪਿਛਲੇ ਸਬੰਧ ਸਥਾਪਿਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀ.ਆਈ.ਜੀ.) ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਕਾਰਵਾਈ ਦੌਰਾਨ ਮੁਲਜ਼ਮ ਮਲਕੀਤ ਸਿੰਘ ਨੇ ਪੁਲਿਸ ਹਿਰਾਸਤ ਵਿਚੋਂ ਭੱਜਣ ਦੀ ਕੋਸ਼ਿਸ਼ ਕਰਦਿਆਂ ਪੁਲਿਸ ਪਾਰਟੀ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਕਿਹਾ ਕਿ ਸੰਖੇਪ ਗੋਲੀਬਾਰੀ ਤੋਂ ਬਾਅਦ ਉਹ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ, ਜਦੋਂ ਕਿ ਮੁਲਜ਼ਮ ਨੂੰ ਗੋਲੀ ਲੱਗੀ ਹੈ ਅਤੇ ਉਹ ਸਥਾਨਕ ਹਸਪਤਾਲ ਵਿਚ ਇਲਾਜ ਅਧੀਨ ਹੈ।

ਅਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐੱਸ.ਐੱਸ.ਪੀ.) ਬਟਾਲਾ ਸੁਹੈਲ ਕਾਸਿਮ ਮੀਰ ਨੇ ਕਿਹਾ ਕਿ ਭਰੋਸੇਯੋਗ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਵਿਜੇ ਮਸੀਹ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਦੇ ਕਬਜ਼ੇ ਵਿਚੋਂ ਤਿੰਨ ਜਿੰਦਾ ਕਾਰਤੂਸ ਸਮੇਤ ਵਿਦੇਸ਼ੀ .30 ਬੋਰ ਪਿਸਤੌਲ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਜੇ ਮਸੀਹ ਦੁਆਰਾ ਕੀਤੇ ਗਏ ਖੁਲਾਸਿਆਂ ਦੇ ਆਧਾਰ 'ਤੇ, ਪੁਲਿਸ ਨੇ ਉਸਦੇ ਸਾਥੀ ਮਲਕੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਇੱਕ ਖ਼ਤਰਨਾਕ ਅਪਰਾਧੀ ਹੈ ਅਤੇ ਗੈਂਗਸਟਰ ਅੰਮ੍ਰਿਤ ਦਾਲਮ ਅਤੇ ਜੱਗੂ ਭਗਵਾਨਪੁਰੀਆ ਨੈੱਟਵਰਕ ਨਾਲ ਨੇੜਿਓਂ ਜੁੜਿਆ ਹੋਇਆ ਹੈ।

ਇਸ ਸਬੰਧ ਵਿਚ, ਦੋ ਵੱਖ-ਵੱਖ ਕੇਸ ਪਹਿਲਾ ਅਸਲਾ ਐਕਟ ਦੀ ਧਾਰਾ 25 ਐੱਫ.ਆਈ..ਆਰ. ਨੰਬਰ 156 ਮਿਤੀ 12.11.2025 ਅਧੀਨ ਅਤੇ ਦੂਜਾ ਬੀ.ਐੱਨ.ਐੱਸ. ਦੀਆਂ ਧਾਰਾਵਾਂ 109, 221 ਅਤੇ 132 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐੱਫ.ਆਈ.ਆਰ. ਨੰਬਰ 157 ਮਿਤੀ 13.11.2025 ਤਹਿਤ ਬਟਾਲਾ ਦੇ ਪੁਲਿਸ ਸਟੇਸ਼ਨ ਸੇਖਵਾਂ ਵਿਖੇ ਦਰਜ ਕੀਤੇ ਗਏ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਲੀਫੋਰਨੀਆ 'ਚ ਭਾਰਤੀ ਟਰੱਕ ਡਰਾਈਵਰਾਂ ਦੇ 17,000 ਲਾਇਸੈਂਸ ਰੱਦ ਕਰਨ ਦਾ ਫੈਸਲਾ


**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਕੈਲੀਫੋਰਨੀਆ ਰਾਜ ਨੇ ਵਿਦੇਸ਼ੀਆਂ ਨੂੰ ਜਾਰੀ ਕੀਤੇ ਗਏ ਲਗਭਗ 17,000 ਕਮਰਸ਼ੀਅਲ ਡਰਾਈਵਰਾਂ ਦੇ ਲਾਇਸੈਂਸ (ਸੀ.ਡੀ.ਐੱਲ.ਐੱਸ.) ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਸ ਕਦਮ ਨਾਲ ਅਮਰੀਕਾ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ, ਜਿਨ੍ਹਾਂ ਨੇ ਪਿਛਲੇ ਇੱਕ ਦਹਾਕੇ ਵਿਚ ਡਰਾਈਵਰਾਂ ਦੀ ਕਮੀ ਨੂੰ ਪੂਰਾ ਕੀਤਾ ਸੀ, ਨੂੰ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਵੱਡੀ ਕਾਰਵਾਈ ਡੋਨਾਲਡ ਟਰੰਪ ਪ੍ਰਸ਼ਾਸਨ ਦੁਆਰਾ ਨਾਜਾਇਜ਼ ਪ੍ਰਵਾਸੀਆਂ ਨੂੰ ਗਲਤ ਢੰਗ ਨਾਲ ਲਾਇਸੈਂਸ ਦੇਣ ਦੀ ਚਿੰਤਾ ਤੋਂ ਬਾਅਦ ਸ਼ੁਰੂ ਹੋਈ। ਇਸ ਦਾ ਮੁੱਖ ਕਾਰਨ ਨਾਜਾਇਜ਼ ਟਰੱਕ ਡਰਾਈਵਰਾਂ ਨਾਲ ਜੁੜੇ ਜਾਨਲੇਵਾ ਸੜਕ ਹਾਦਸੇ ਹਨ, ਜਿਸ ਵਿਚ ਅਗਸਤ ਮਹੀਨੇ 'ਚ ਫਲੋਰੀਡਾ 'ਚ ਇੱਕ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ ਡਰਾਈਵਰ ਵੱਲੋਂ ਯੂ-ਟਰਨ ਲੈਣ ਕਾਰਨ ਇੱਕ ਹਾਦਸਾ ਕਰ ਦਿੱਤਾ, ਜਿਸ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ। ਦੂਜਾ ਹਾਦਸੇ ਦੌਰਾਨ ਪਿਛਲੇ ਮਹੀਨੇ ਕੈਲੀਫੋਰਨੀਆ 'ਚ ਵੀ ਇੱਕ ਹੋਰ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ ਟਰੱਕ ਡਰਾਈਵਰ ਨਾਲ ਜੁੜੇ ਹਾਦਸੇ 'ਚ ਤਿੰਨ ਲੋਕ ਮਾਰੇ ਗਏ ਸਨ।

ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਲਾਇਸੈਂਸ ਇਸ ਲਈ ਅਵੈਧ ਸਨ ਕਿਉਂਕਿ ਉਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਡਰਾਈਵਰਾਂ ਦੇ ਅਮਰੀਕਾ 'ਚ ਕਾਨੂੰਨੀ ਤੌਰ 'ਤੇ ਰਹਿਣ ਦੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਚਲੀ ਗਈ ਸੀ।

ਅਮਰੀਕੀ ਟਰਾਂਸਪੋਰਟ ਸਕੱਤਰ ਸੀਨ ਪੀ ਡਫੀ ਨੇ ਕੈਲੀਫੋਰਨੀਆ ਦੇ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਰਾਜ ਨੇ ਆਪਣੀ ਪ੍ਰਕਿਰਿਆ ਨੂੰ ਗਲਤ ਢੰਗ ਨਾਲ ਸੰਭਾਲਿਆ। ਡਫੀ ਨੇ ਇੱਕ ਬਿਆਨ 'ਚ ਕਿਹਾ ਕਿ ਹੁਣ ਜਦੋਂ ਅਸੀਂ ਉਨ੍ਹਾਂ ਦੇ ਝੂਠ ਨੂੰ ਉਜਾਗਰ ਕਰ ਦਿੱਤਾ ਹੈ, 17,000 ਨਾਜਾਇਜ਼ ਢੰਗ ਨਾਲ ਜਾਰੀ ਕੀਤੇ ਗਏ ਟਰੱਕਿੰਗ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ"। ਇਸ ਤੋਂ ਇਲਾਵਾ, ਡਫੀ ਨੇ ਟਰੱਕਰਾਂ ਲਈ ਅੰਗਰੇਜ਼ੀ ਭਾਸ਼ਾ ਦੀਆਂ ਲੋੜਾਂ ਨੂੰ ਲਾਗੂ ਨਾ ਕਰਨ 'ਤੇ ਕੈਲੀਫੋਰਨੀਆ ਦੇ 40 ਮਿਲੀਅਨ ਡਾਲਰ (ਲਗਭਗ 330 ਕਰੋੜ ਰੁਪਏ) ਦੇ ਸੰਘੀ ਫੰਡ ਵੀ ਰੱਦ ਕਰ ਦਿੱਤੇ ਹਨ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਸਾਰੀਆਂ ਚਿੰਤਾਵਾਂ ਨੂੰ ਹੱਲ ਨਾ ਕੀਤਾ ਗਿਆ, ਤਾਂ ਉਹ ਰਾਜ ਤੋਂ ਹੋਰ 160 ਮਿਲੀਅਨ ਡਾਲਰ (ਲਗਭਗ 1300 ਕਰੋੜ ਰੁਪਏ) ਦੇ ਫੰਡ ਰੋਕ ਲੈਣਗੇ। ਸਤੰਬਰ 'ਚ ਡਫੀ ਦੁਆਰਾ ਐਲਾਨੇ ਗਏ ਨਵੇਂ ਨਿਯਮਾਂ ਨੇ ਪ੍ਰਵਾਸੀਆਂ ਲਈ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਬਣਾ ਦਿੱਤਾ ਹੈ। ਹੁਣ ਸਿਰਫ ਤਿੰਨ ਕਿਸਮਾਂ ਦੇ ਵੀਜ਼ੇ ਵਾਲੇ ਲੋਕ ਹੀ ਯੋਗ ਹੋਣਗੇ, ਅਤੇ ਲਾਇਸੈਂਸ ਸਿਰਫ ਇੱਕ ਸਾਲ ਤੱਕ ਜਾਂ ਵੀਜ਼ੇ ਦੀ ਮਿਆਦ ਖਤਮ ਹੋਣ ਤੱਕ ਹੀ ਵੈਧ ਹੋਣਗੇ। ਰਿਪੋਰਟ ਅਨੁਸਾਰ, ਨਵੇਂ ਨਿਯਮਾਂ ਦੇ ਤਹਿਤ ਕਮਰਸ਼ੀਅਲ ਲਾਇਸੈਂਸ ਰੱਖਣ ਵਾਲੇ 200,000 ਗੈਰ-ਨਾਗਰਿਕਾਂ ਵਿਚੋਂ ਸਿਰਫ 10,000 ਹੀ ਯੋਗ ਹੋਣਗੇ।

# ਕੈਨੇਡਾ 'ਚ ਕਬਰਿਸਤਾਨਾਂ 'ਚੋਂ ਚੋਰੀ ਕਰਨ ਵਾਲਾ ਜੋੜਾ ਗ੍ਰਿਫ਼ਤਾਰ !



■ **300 ਕਬਰਾਂ ਪੁੱਟ ਕੇ ਲਾਸ਼ਾਂ ਦੇ ਗਹਿਣੇ ਕੀਤੇ ਚੋਰੀ**

**ਓਨਟਾਰੀਓ, (ਪੰਜਾਬ ਮੇਲ)**- ਓਨਟਾਰੀਓ ਪੁਲਿਸ ਨੇ ਇੱਕ ਜੋੜੇ ਨੂੰ ਗ੍ਰਿਫਤਾਰ ਕਰਦਿਆਂ ਹੈਰਾਨੀਜਨਕ ਖੁਲਾਸਾ ਕੀਤਾ ਹੈ। ਪੁਲਿਸ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਵੱਡੀ ਮਾਤਰਾ ਵਿਚ ਕੀਮਤੀ ਗਹਿਣੇ ਬਰਾਮਦ ਕੀਤੇ ਹਨ, ਜੋ ਉਨ੍ਹਾਂ ਨੇ ਟੋਰਾਂਟੋ, ਨਿਆਗਰਾ, ਹਮਿਲਟਨ ਤੇ ਮਾਲਟਨ ਖੇਤਰ ਦੇ ਵਿਚ ਕਬਰਾਂ ਖੋਦ ਕੇ ਲਾਸ਼ਾਂ ਤੋਂ ਲਾਹੇ ਸਨ।

ਹਾਲਟਨ ਦੇ ਪੁਲਿਸ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਜਿਨ੍ਹਾਂ ਦੀ ਪਛਾਣ ਜੌਹਨ ਰਚ (45) ਅਤੇ ਜੌਰਡਨ ਨੋਬਲ (31) ਵਜੋਂ ਕੀਤੀ ਗਈ ਹੈ, ਦੀ ਕੋਈ ਪੱਕੀ ਰਿਹਾਇਸ਼ ਨਹੀਂ (ਬੇਘਰੇ) ਹੈ। ਦੋਵੇਂ ਦਿਨ ਵੇਲੇ ਕਬਰਿਸਤਾਨ ਵਿਚ ਜਾਂਦੇ ਅਤੇ ਕਿਸੇ ਨਵੀਂ ਕਬਰ ਦੇ ਨੇੜੇ ਜਾਕੇ ਆਪਣੇ ਆਪ ਨੂੰ ਮ੍ਰਿਤਕ ਦੇ ਰਿਸ਼ਤੇਦਾਰ ਦੱਸਦਿਆਂ ਸਾਂਭ ਲਈ ਵਿਉਂਤਬੰਦੀ ਬਾਰੇ ਕਹਿਕੇ ਚੌਕੀਦਾਰ ਦਾ ਭਰੋਸਾ ਜਿੱਤ ਲੈਂਦੇ।

ਪ੍ਰਾਪਤ ਜਾਦਕਾਰੀ ਅਨੁਸਾਰ ਚੋਰੀ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਬਾਅਦ ਵਿਚ ਦੋਵੇਂ ਨਾਲ ਲਿਆਂਦੇ ਔਜ਼ਾਰਾਂ ਨਾਲ ਕਬਰ ਦੇ ਸਿਰ ਵਾਲੇ ਪਾਸੇ ਮੋਟਾ ਛੇਕ ਕਰਕੇ ਲਾਸ਼ ਤੱਕ ਪਹੁੰਚ ਬਣਾਉਂਦੇ ਅਤੇ ਉਸ ਦਾ ਕੁਝ ਹਿੱਸਾ ਉੱਪਰ ਖਿੱਚ ਲਿਆਉਂਦੇ। ਇਸ ਉਪਰੰਤ ਉਹ ਮ੍ਰਿਤਕ ਦੇ ਦਫਨਾਉਣ ਮੌਕੇ ਪਾਏ ਗਹਿਣੇ ਉਤਾਰਦੇ ਅਤੇ ਹੱਡੀਆਂ ਵਾਪਸ ਖੱਡ ਵਿਚ ਸੁੱਟ ਕੇ ਕਬਰ ਬੰਦ ਕਰ ਦਿੰਦੇ ਸਨ।

ਪੁਲਿਸ ਬੁਲਾਰੇ ਅਨੁਸਾਰ ਉਨ੍ਹਾਂ ਨੇ ਉਕਤ ਖੇਤਰ ਦੇ ਕਰੀਬ 40 ਕਬਰਿਸਤਾਨਾਂ 'ਚ ਲਗਪਗ 300 ਕਬਰਾਂ 'ਚੋਂ ਸਮਾਨ ਚੋਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਹਾਂ ਨੂੰ ਗ੍ਰਿਫਤਾਰ ਕਰਕੇ ਸਮਾਨ ਬਰਾਮਦ ਕਰ ਲਿਆ ਹੈ ਅਤੇ ਦੋਸ਼ ਆਇਦ ਕੀਤੇ ਗਏ ਹਨ।

# ਅਮਰੀਕਾ ਵੱਲੋਂ ਭਾਰਤ ਸਮੇਤ ਕਈ ਦੇਸ਼ਾਂ ਦੇ 32 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਪਾਬੰਦੀਆਂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਭਾਰਤ, ਚੀਨ ਅਤੇ ਕਈ ਹੋਰ ਦੇਸ਼ਾਂ ਦੀਆਂ 32 ਸੰਸਥਾਵਾਂ ਅਤੇ ਵਿਅਕਤੀਆਂ ਦੇ ਖ਼ਿਲਾਫ਼, ਈਰਾਨ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਨਾਲ ਜੁੜੇ ਹੋਣ ਦੇ ਦੋਸ਼ ਵਿਚ ਪਾਬੰਦੀਆਂ ਲਗਾਈਆਂ ਹਨ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਕਾਰਵਾਈ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਯਤਨ ਦਾ ਹਿੱਸਾ ਹੈ, ਜਿਸਦਾ ਉਦੇਸ਼ ਈਰਾਨ ਦੇ ਮਿਜ਼ਾਈਲਾਂ ਅਤੇ ਹੋਰ ਹਥਿਆਰਾਂ ਦੇ ਹਮਲਾਵਰ ਵਿਕਾਸ ਨੂੰ ਰੋਕਣਾ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਅਮਰੀਕਾ ਈਰਾਨ, ਚੀਨ, ਹਾਂਗਕਾਂਗ, ਸੰਯੁਕਤ ਅਰਬ ਅਮੀਰਾਤ, ਤੁਰਕੀ, ਭਾਰਤ ਅਤੇ ਹੋਰ ਖੇਤਰਾਂ ਵਿਚ ਸਥਿਤ 32 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਪਾਬੰਦੀ ਲਗਾ ਰਿਹਾ ਹੈ, ਜੋ ਈਰਾਨ ਦੇ ਬੈਲਿਸਟਿਕ ਮਿਜ਼ਾਈਲ ਅਤੇ ਮਾਨਵ ਰਹਿਤ ਹਵਾਈ ਵਾਹਨ ਉਤਪਾਦਨ ਵਿਚ ਸਹਾਇਤਾ ਦੇਣ ਵਾਲੇ ਵੱਖ-ਵੱਖ ਸਪਲਾਈ ਨੈੱਟਵਰਕਾਂ ਨਾਲ ਜੁੜੇ ਹੋਏ ਹਨ।"

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਕਦਮ ਈਰਾਨ ਵੱਲੋਂ ਪਰਮਾਣੂ ਵਚਨਬੱਧਤਾਵਾਂ ਦੀ 'ਮਹੱਤਵਪੂਰਨ ਉਲੰਘਣਾ' ਦੇ ਜਵਾਬ ਵਿਚ ਸਤੰਬਰ ਵਿਚ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਅਤੇ ਹੋਰ ਪਾਬੰਦੀਆਂ ਨੂੰ ਮੁੜ ਲਾਗੂ ਕਰਨ ਦੇ ਅਨੁਕੂਲ ਹੈ।

ਅਮਰੀਕੀ ਵਿੱਤ ਮੰਤਰਾਲੇ ਦੇ ਅੱਤਵਾਦ ਅਤੇ ਆਰਥਿਕ ਖੁਫੀਆ ਮਾਮਲਿਆਂ ਦੇ ਅਵਰ ਸਕੱਤਰ ਜੌਨ ਕੇ. ਹਰਲੀ ਨੇ ਕਿਹਾ ਕਿ ਈਰਾਨ ਵਿਸ਼ਵ ਵਿੱਤੀ ਪ੍ਰਣਾਲੀ ਦੀ ਦੁਰਵਰਤੋਂ ਕਰਕੇ ਆਪਣੇ ਪਰਮਾਣੂ ਅਤੇ ਰਵਾਇਤੀ ਹਥਿਆਰਾਂ ਦੇ ਪ੍ਰੋਗਰਾਮਾਂ ਲਈ ਧਨ ਦਾ ਲੈਣ-ਦੇਣ ਅਤੇ ਜ਼ਰੂਰੀ ਸਮੱਗਰੀਆਂ ਦੀ ਖਰੀਦ ਕਰਦਾ ਹੈ।

ਉਨ੍ਹਾਂ ਕਿਹਾ, "ਰਾਸ਼ਟਰਪਤੀ ਟਰੰਪ ਦੇ ਨਿਰਦੇਸ਼ 'ਤੇ, ਅਮਰੀਕਾ ਈਰਾਨ 'ਤੇ ਵੱਧ ਤੋਂ ਵੱਧ ਦਬਾਅ ਬਣਾ ਰਿਹਾ ਹੈ, ਤਾਂ ਜੋ ਉਹ ਆਪਣੇ ਪ੍ਰਮਾਣੂ ਖਤਰੇ ਨੂੰ ਖਤਮ ਕਰੇ।" ਹਰਲੀ ਨੇ ਅੱਗੇ ਕਿਹਾ, "ਅਮਰੀਕਾ ਇਹ ਵੀ ਉਮੀਦ ਕਰਦਾ ਹੈ ਕਿ ਅੰਤਰਰਾਸ਼ਟਰੀ ਭਾਈਚਾਰਾ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਲਾਗੂ ਕਰੇਗਾ, ਤਾਂ ਜੋ ਈਰਾਨ ਦੀ ਵਿਸ਼ਵ ਵਿੱਤੀ ਪ੍ਰਣਾਲੀ ਤੱਕ ਪਹੁੰਚ ਨੂੰ ਰੋਕਿਆ ਜਾ ਸਕੇ।"

ਵਿੱਤ ਮੰਤਰਾਲੇ ਨੇ ਦੱਸਿਆ ਕਿ ਭਾਰਤ ਸਥਿਤ 'ਫਾਰਮਲੇਨ ਪ੍ਰਾਈਵੇਟ ਲਿਮਟਿਡ' ਦਾ ਸਬੰਧ ਸੰਯੁਕਤ ਅਰਬ ਅਮੀਰਾਤ ਸਥਿਤ 'ਮਾਰਕੋ ਕਲਿੰਗ' ਨਾਮਕ ਕੰਪਨੀ ਨਾਲ ਪਾਇਆ ਗਿਆ ਹੈ, ਜਿਸ ਨੇ ਕਥਿਤ ਤੌਰ 'ਤੇ ਸੋਡੀਅਮ ਕਲੋਰੇਟ ਅਤੇ ਸੋਡੀਅਮ ਪਰਕਲੋਰੇਟ ਵਰਗੀਆਂ ਸਮੱਗਰੀਆਂ ਦੀ ਸਪਲਾਈ ਵਿਚ ਮਦਦ ਕੀਤੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਅੰਮ੍ਰਿਤਸਰ ਸਾਹਿਤ ਉਤਸਵ ਦੌਰਾਨ ਇਕਵਾਕ ਸਿੰਘ ਪੱਟੀ ਦੀ ਪੁਸਤਕ 'ਵਾਹ ਉਸਤਾਦ ਵਾਹ' ਹੋਈ ਲੋਕ ਅਰਪਨ



ਪੁਸਤਕ ਜਾਰੀ ਕਰਦੇ ਹ ਏ ਸ. ਜਸਵੰਤ ਸਿੰਘ ਜ਼ਫ਼ਰ, ਪ੍ਰਿੰ. ਆਤਮ ਸਿੰਘ ਰੰਧਾਵਾ, ਡਾ. ਪਰਮਿੰਦਰ ਸਿੰਘ, ਡਾ ਹੀਰਾ ਸਿੰਘ, ਇਕਵਾਕ ਸਿੰਘ ਪੱਟੀ ਅਤੇ ਹ ਰ।

**ਅੰਮ੍ਰਿਤਸਰ, (ਪੰਜਾਬ ਮੇਲ)**– ਸਾਹਿਤ ਅਤੇ ਸੰਗੀਤ ਨਾਲ ਜੁੜੀ ਬਹੁ–ਪੱਖੀ ਸ਼ਖਸੀਅਤ ਸ. ਇਕਵਾਕ ਸਿੰਘ ਪੱਟੀ ਦੀ ਪੁਸਤਕ 'ਵਾਹ ਉਸਤਾਦ ਵਾਹ – ਜੀਵਨੀਆਂ ਮਹਾਨ ਤਬਲਾ ਵਾਦਕ ਅਤੇ ਉਸਤਾਦ ਸਹਿਬਾਨ' ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਚੱਲ ਰਹੇ 10ਵੇਂ ਅੰਮ੍ਰਿਤਸਰ ਸਾਹਿਤ ਉਤਸਵ ਦੌਰਾਨ ਲੋਕ ਅਰਪਣ ਕੀਤੀ ਗਈ। ਇਸ ਮੌਕੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫਰ, ਪ੍ਰਿੰਸੀਪਲ ਸ. ਆਤਮ ਸਿੰਘ ਰੰਧਾਵਾ, ਸੁਖੀ ਬਾਠ ਕੈਨੇਡਾ, ਡਾ. ਪਰਮਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਡਾ. ਹੀਰਾ ਸਿੰਘ ਅਤੇ ਹੋਰ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ। ਕਿਤਾਬ ਬਾਰੇ ਗੱਲਬਾਤ ਕਰਦਿਆਂ ਲੇਖਕ ਇਕਵਾਕ ਸਿੰਘ ਪੱਟੀ ਨੇ ਕਿਹਾ ਕਿ ਇਸ ਕਿਤਾਬ ਵਿਚ 40 ਤੋਂ ਵੱਧ ਮਹਾਨ ਤਬਲਾ ਵਾਦਕ ਅਤੇ ਉਸਤਾਦ ਸਾਹਿਬਾਨਾਂ ਦੀਆਂ ਜੀਵਨੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਇਸ ਕਿਸਮ ਦੀ ਇਹ ਪਹਿਲੀ ਕਿਤਾਬ ਹੈ। ਇਹ ਜੀਵਨੀਆਂ ਵੱਖ–ਵੱਖ ਕਾਲਜਾਂ, ਯੂਨੀਵਰਸਿਟੀਆਂ ਅਤੇ ਸੰਗੀਤ ਵਿਦਿਆਲਿਆਂ ਤੋਂ ਤਬਲਾ ਵਾਦਨ ਦਾ ਕੋਰਸ ਕਰ ਰਹੇ ਵਿਦਿਆਰਥੀਆਂ ਦੇ ਸਿਲੇਬਸ ਵਿਚ ਵੀ ਸ਼ਾਮਲ ਹਨ। ਇਸ ਸਭ ਦੇ ਨਾਲ ਪੰਜਾਬ ਘਰਾਣੇ ਦੇ ਮਹਾਨ ਤਬਲਾ ਵਾਦਕਾਂ ਅਤੇ ਪਖਾਵਜ ਵਾਦਕਾਂ ਬਾਰੇ ਵੀ ਵਿਸਥਾਰਤ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਇਸ ਮੌਕੇ ਸ. ਸਤਿੰਦਰ ਸਿੰਘ ਓਠੀ, ਡਾ. ਪੁਨੀਤ ਕੌਰ, ਪ੍ਰਦੀਪ ਕੌਰ, ਗੀਤਕਾਰ ਆਰਜੀਤ, ਬਲਦੀਪ ਸਿੰਘ ਰਾਮੂੰਵਾਲੀਆ, ਕੁਲਦੀਪ ਸਿੰਘ ਅਜ਼ਾਦ ਬੁੱਕ ਡਿਪੋ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਐਨੀਮੇਸ਼ਨ ਫ਼ਿਲਮ 'ਹਿੰਦ ਦੀ ਚਾਦਰ' ਦੀ ਰਿਲੀਜ਼ 'ਤੇ ਜਥੇਦਾਰ ਗੜਗੱਜ ਨੇ ਲਾਈ ਰੋਕ

ਅੰਮ੍ਰਿਤਸਰ, (ਪੰਜਾਬ ਮੇਲ)– ਕਰੀਬ 10 ਸਾਲ ਪਹਿਲਾਂ 'ਚਾਰ ਸਾਹਿਬਜ਼ਾਦੇ' ਐਨੀਮੇਸ਼ਨ ਫ਼ਿਲਮ ਬਣਾਉਣ ਵਾਲੇ ਬਵੇਜਾ ਮੂਵੀਜ਼ ਪ੍ਰਾਈਵੇਟ ਲਿਮਟਿਡ ਮੁੰਬਈ ਵਲੋਂ ਹਾਲ ਹੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ 'ਤੇ ਤਿਆਰ ਕੀਤੀ ਗਈ ਐਨੀਮੇਸ਼ਨ ਫ਼ਿਲਮ 'ਹਿੰਦ ਦੀ ਚਾਦਰ' ਦੀ 21 ਨਵੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਕਰਨ 'ਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮੁਕੰਮਲ ਰੋਕ ਲਗਾਉਣ ਦੀ ਸੂਚਨਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਜਥੇਦਾਰ ਗਿਆਨੀ ਗੜਗੱਜ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੂੰ ਸਕੱਤਰੇਤ ਵੱਲੋਂ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਬਵੇਜਾ ਮੂਵੀਜ਼ ਪ੍ਰਾਈਵੇਟ ਲਿਮਟਿਡ ਵੱਲੋਂ ਬਣਾਈ ਗਈ ਉਕਤ ਐਨੀਮੇਸ਼ਨ ਫ਼ਿਲਮ ਸਬੰਧੀ ਸਿੱਖ ਵਿਦਵਾਨਾਂ ਅਤੇ ਸਬ–ਕਮੇਟੀ ਦੇ ਕੋਆਰਡੀਨੇਟਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਇਸ ਫ਼ਿਲਮ ਵਿਚ ਸਿਧਾਂਤਿਕ



ਇਤਿਹਾਸਿਕ ਅਤੇ ਫ਼ਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਤਰੁੱਟੀਆਂ ਤੇ ਖਾਮੀਆਂ ਹਨ, ਜਿਨ੍ਹਾਂ ਨੂੰ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਉਕਤ ਫ਼ਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਰਿਲੀਜ਼ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਫ਼ਿਲਮ ਵਿਚ ਸਿੱਖ ਸਿਧਾਂਤ, ਇਤਿਹਾਸ ਅਤੇ ਫਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਕਮੀਆਂ ਹਨ, ਜਿਸ ਦੇ ਮੱਦੇਨਜ਼ਰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੜਗੱਜ ਵੱਲੋਂ ਫ਼ਿਲਮ ਨੂੰ ਰਿਲੀਜ਼ ਨਾ ਕਰਨ ਦਾ ਆਦੇਸ਼ ਕੀਤਾ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਨੂੰ ਰੀਲੀਜ਼ ਨਾ ਕੀਤਾ ਜਾਵੇ : ਸ. ਮੰਨਣ

**ਅੰਮ੍ਰਿਤਸਰ, (ਪੰਜਾਬ ਮੇਲ)**– ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣੀ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਜਾਰੀ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਜਾਰੀ ਨਾ ਕੀਤਾ ਜਾਵੇ। ਸ. ਮੰਨਣ ਨੇ ਕਿਹਾ ਕਿ ਬਵੇਜਾ ਮੂਵੀ ਪ੍ਰਾਈਵੇਟ ਲਿਮ: ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣਾਈ ਗਈ ਇਸ ਫਿਲਮ ਵਿਚ ਸਿੱਖ ਸਿਧਾਂਤ, ਇਤਿਹਾਸ ਅਤੇ ਫਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਕਮੀਆਂ ਹਨ, ਜਿਸ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੱਤਰ ਭੇਜ ਕੇ 21 ਨਵੰਬਰ 2025 ਨੂੰ ਇਸ ਫਿਲਮ ਨੂੰ ਰੀਲੀਜ਼ ਨਾ ਕਰਨ ਦਾ ਆਦੇਸ਼ ਕੀਤਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਰੌਸ਼ਨੀ ਵਿਚ ਫਿਲਮ ਚਲਾਉਣ ਦਾ ਫੈਸਲਾ ਵਾਪਸ ਲਿਆ ਜਾਵੇ।

ਉਨ੍ਹਾਂ ਕਿਹਾ ਕਿ ਫਿਲਮ ਘੋਖ ਕਮੇਟੀ ਵੱਲੋਂ ਇਸ ਫਿਲਮ ਨੂੰ ਵੇਖਣ ਬਾਅਦ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਗਈ ਸੀ, ਜਿਸ 'ਤੇ

**■ ਕਿਹਾ; ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਫਿਲਮ ਜਾਰੀ ਨਾ ਕਰਨ ਸਬੰਧੀ ਕੀਤਾ ਹੈ ਆਦੇਸ਼**

ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੋਕ ਸਬੰਧੀ ਪੱਤਰ ਭੇਜਿਆ ਹੈ।

ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਗੁਰੂ ਸਾਹਿਬਾਨ ਨੂੰ ਕਿਸੇ ਵੀ ਤਰ੍ਹਾਂ ਕਲਪਨਾ ਜਾਂ ਐਨੀਮੇਸ਼ਨ ਰਾਹੀਂ ਦਰਸਾਉਣ ਦੀ ਮਨਾਹੀ ਹੈ ਅਤੇ ਅਜਿਹਾ ਕਰਨਾ ਸਿੱਖ ਸਿਧਾਂਤਾਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਾਰੀ ਹੁਕਮਨਾਮਿਆਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਿਰਦਾਰ ਨਿਭਾਉਣ 'ਤੇ ਰੋਕ ਹੈ, ਤਾਂ ਫਿਰ ਅਜਿਹੀਆਂ ਫਿਲਮਾਂ ਬਣਾਉਣ ਤੋਂ ਪਹਿਲਾਂ ਹੀ ਸੰਕੋਚ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਲ–ਨਾਲ ਵਿਵਾਦ ਵੀ ਪੈਦਾ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਜਦੋਂ ਸਿੱਖ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਤਾਂ ਉਸ ਵੇਲੇ ਸਿੱਖ ਸਿਧਾਂਤਾਂ ਤੋਂ ਪਾਸੇ ਜਾ ਕੇ ਗੁਰੂ ਸਾਹਿਬ ਨਾਲ ਸਬੰਧਤ ਐਨੀਮੇਸ਼ਨ ਫਿਲਮ ਨੂੰ ਜਾਰੀ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।




FOR SALE & PURCHASE OF ANY KIND OF PROPERTY






RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਭਾਰਤ ਵੱਲੋਂ ਅਮਰੀਕਾ ਨਾਲ ਟੋਟਲਾਈਜ਼ੇਸ਼ਨ ਸਮਝੌਤਾ ਕਰਨ ਦਾ ਪ੍ਰਸਤਾਵ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਨੇ ਹਜ਼ਾਰਾਂ ਭਾਰਤੀ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦੇ ਦੋਹਰੇ ਕਰ (ਡਬਲ ਟੈਕਸੇਸ਼ਨ) ਤੋਂ ਬਚਾਉਣ ਲਈ ਅਮਰੀਕਾ ਨਾਲ ਟੋਟਲਾਈਜ਼ੇਸ਼ਨ ਸਮਝੌਤਾ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਹ ਪ੍ਰਸਤਾਵ ਅਮਰੀਕਾ ਨਾਲ ਚੱਲ ਰਹੀਆਂ ਵਪਾਰਕ ਗੱਲਬਾਤ ਦੌਰਾਨ ਕੀਤਾ ਗਿਆ ਹੈ।

ਜੇਕਰ ਇਹ ਸਮਝੌਤਾ ਹੁੰਦਾ ਹੈ, ਤਾਂ ਅਮਰੀਕਾ ਵਿਚ ਕੰਮ ਕਰ ਰਹੇ ਹਜ਼ਾਰਾਂ ਹੁਨਰਮੰਦ ਅਤੇ ਅਨ-ਹੁਨਰਮੰਦ ਭਾਰਤੀ ਕਾਮਿਆਂ ਦੀ ਪ੍ਰਤੀਯੋਗਤਾ ਵਿਚ ਸੁਧਾਰ ਹੋਵੇਗਾ ਅਤੇ ਉਨ੍ਹਾਂ ਦੀ ਲਾਗਤ ਵਿਚ ਕਮੀ ਆਵੇਗੀ। ਟੋਟਲਾਈਜ਼ੇਸ਼ਨ ਸਮਝੌਤਾ ਦੋਹਾਂ ਹਸਤਾਖਰਕਰਤਾਵਾਂ ਦੇ ਦੇਸ਼ਾਂ ਦੀਆਂ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਵਿਚਕਾਰ ਤਾਲਮੇਲ ਸਥਾਪਤ ਕਰਦਾ ਹੈ। ਇਸ ਦਾ ਮਕਸਦ ਦੂਜੇ ਦੇਸ਼ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦੇ ਦੋਹਰੇ ਕਰ ਤੋਂ ਰੋਕਣਾ ਹੈ। ਇਸ ਨਾਲ ਕਾਮਿਆਂ ਨੂੰ ਇੱਕੋ ਕੰਮ ਲਈ ਦੋਹਾਂ ਦੇਸ਼ਾਂ ਦੀਆਂ ਪ੍ਰਣਾਲੀਆਂ ਵਿਚ ਭੁਗਤਾਨ ਕਰਨ ਤੋਂ ਬਚਾਇਆ ਜਾਂਦਾ ਹੈ।

■ **ਹਜ਼ਾਰਾਂ ਭਾਰਤੀ ਕਾਮਿਆਂ ਨੂੰ ਹੋਵੇਗਾ ਫਾਇਦਾ**

ਭਾਰਤ ਨੇ ਇਸ ਸਾਲ ਦੇ ਸ਼ੁਰੂ ਵਿਚ ਬ੍ਰਿਟੇਨ ਨਾਲ 'ਡਬਲ ਕੰਟ੍ਰੀਬਿਊਸ਼ਨ ਕਨਵੈਨਸ਼ਨ (ਡੀ.ਸੀ.ਸੀ.)' ਸਮਝੌਤੇ 'ਤੇ ਦਸਤਖਤ ਕੀਤੇ ਸਨ। ਭਾਰਤ ਅਤੇ ਬ੍ਰਿਟੇਨ ਵਿਚਾਲੇ ਹੋਏ ਇਸ ਟੋਟਲਾਈਜ਼ੇਸ਼ਨ ਸਮਝੌਤੇ ਤਹਿਤ ਭਾਰਤੀ ਕਾਮਿਆਂ ਨੂੰ ਤਿੰਨ ਸਾਲ ਦੀ ਮਿਆਦ ਲਈ ਆਪਣੇ ਹੀ ਦੇਸ਼ ਵਿਚ ਸਮਾਜਿਕ ਸੁਰੱਖਿਆ ਯੋਗਦਾਨ ਦਾ ਭੁਗਤਾਨ ਕਰਨ ਦੀ ਇਜਾਜ਼ਤ ਮਿਲਦੀ ਹੈ। ਭਾਰਤ ਦੇ ਕਾਮਿਆਂ ਵੱਲੋਂ ਅਮਰੀਕਾ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ ਵਿਚ ਸਾਲਾਨਾ ਲਗਭਗ 3 ਅਰਬ ਡਾਲਰ ਦਾ ਯੋਗਦਾਨ ਪਾਇਆ ਜਾਂਦਾ ਹੈ। ਹਾਲਾਂਕਿ, ਅਮਰੀਕੀ ਸਮਾਜਿਕ ਸੁਰੱਖਿਆ ਲਾਭ ਪ੍ਰਾਪਤ ਕਰਨ ਲਈ ਕਾਮਿਆਂ ਨੂੰ ਘੱਟੋ-ਘੱਟ 10 ਸਾਲ (ਜਾਂ 40 ਤਿਮਾਹੀਆਂ) ਅਮਰੀਕਾ ਵਿਚ ਯੋਗਦਾਨ ਦੇਣਾ ਪੈਂਦਾ ਹੈ।

ਮਸਲਾ ਇਹ ਹੈ ਕਿ ਜ਼ਿਆਦਾਤਰ ਐੱਚ-1 ਬੀ ਅਤੇ ਐੱਲ-1 ਵੀਜ਼ਾ ਵਾਲੇ ਭਾਰਤੀ ਕਾਮੇ ਆਪਣੇ ਵੀਜ਼ਾ ਦੀ ਮਿਆਦ ਨਾ ਵਧਾਏ ਜਾਣ ਦੀ ਸੂਰਤ ਵਿਚ 2 ਤੋਂ 5 ਸਾਲਾਂ ਦੇ ਅੰਦਰ ਹੀ ਭਾਰਤ ਪਰਤ ਆਉਂਦੇ ਹਨ। ਇਸ ਕਾਰਨ, ਉਹ ਸਮਾਜਿਕ ਸੁਰੱਖਿਆ ਲਾਭਾਂ ਦਾ ਦਾਅਵਾ ਕਰਨ ਲਈ ਅਯੋਗ ਹੋ ਜਾਂਦੇ ਹਨ। ਨਤੀਜੇ ਵਜੋਂ, ਉਨ੍ਹਾਂ ਵੱਲੋਂ ਅਮਰੀਕਾ ਦੀ ਸਮਾਜਿਕ ਸੁਰੱਖਿਆ ਲਈ ਦਿੱਤਾ ਗਿਆ ਯੋਗਦਾਨ 'ਜ਼ਬਤ' ਹੋ ਜਾਂਦਾ ਹੈ, ਅਤੇ ਉਨ੍ਹਾਂ ਨੂੰ ਵਾਪਸ ਪ੍ਰਾਪਤ ਕਰਨ ਲਈ ਕੋਈ ਤੰਤਰ ਨਹੀਂ ਹੈ।

ਹਾਰਵਰਡ ਜਰਨਲ ਦੀ 2016 ਦੀ ਰਿਪੋਰਟ ਅਨੁਸਾਰ, ਪਿਛਲੇ ਇੱਕ ਦਹਾਕੇ ਵਿਚ ਅਮਰੀਕਾ ਵਿਚ ਕੰਮ ਕਰਨ ਵਾਲੇ ਭਾਰਤੀ ਨਾਗਰਿਕਾਂ ਨੇ ਅਮਰੀਕੀ ਸਮਾਜਿਕ ਸੁਰੱਖਿਆ ਪ੍ਰਣਾਲੀ ਵਿਚ 27.6 ਅਰਬ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਹੈ, ਜੋ ਅਜਿਹੇ ਕਾਰਨਾਂ ਕਰਕੇ ਜ਼ਬਤ ਹੋ ਜਾਂਦਾ ਹੈ।

ਭਾਰਤ ਲੰਬੇ ਸਮੇਂ ਤੋਂ ਅਮਰੀਕੀ ਅਧਿਕਾਰੀਆਂ ਨੂੰ ਇਸ ਸਮਝੌਤੇ 'ਤੇ ਹਸਤਾਖਰ ਕਰਨ ਲਈ ਰਾਜ਼ੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭਾਵੇਂ ਇਸ ਸਮਝੌਤੇ ਨਾਲ ਕਾਮਿਆਂ ਨੂੰ ਅਮਰੀਕਾ ਵਿੱਚ ਕੰਮ ਕਰਦੇ ਸਮੇਂ ਉਸ ਦੇਸ਼ ਦੀ ਸਮਾਜਿਕ ਸੁਰੱਖਿਆ ਦਾ ਲਾਭ ਨਾ ਮਿਲੇ, ਪਰ ਇਸ ਨਾਲ ਅਮਰੀਕਾ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ ਵਿਚ ਦਿੱਤੇ ਗਏ ਯੋਗਦਾਨ ਨੂੰ ਭਾਰਤ ਵਿਚ ਵਾਪਸ ਲਿਆਉਣ ਵਿੱਚ ਮਦਦ ਮਿਲ ਸਕਦੀ ਹੈ। ਪਹਿਲਾਂ, ਅਮਰੀਕੀ ਅਧਿਕਾਰੀਆਂ ਨੇ ਇਹ ਦਲੀਲ ਦਿੱਤੀ ਸੀ ਕਿ ਭਾਰਤ ਵਿਚ ਕਰਮਚਾਰੀ ਭਵਿੱਖ ਨਿਧੀ ਯੋਜਨਾ (ਈ.ਪੀ.ਐੱਫ.) ਮੁੱਖ ਸਮਾਜਿਕ ਸੁਰੱਖਿਆ ਯੋਜਨਾ ਹੈ, ਪਰ ਇਹ ਭਾਰਤ ਦੀ ਅੱਧੀ ਆਬਾਦੀ ਨੂੰ ਕਵਰ ਨਹੀਂ ਕਰਦੀ। ਇਸ ਕਾਰਨ, ਇਸ ਨੂੰ ਦੁਵੱਲੇ ਟੋਟਲਾਈਜ਼ੇਸ਼ਨ ਸਮਝੌਤੇ ਵਿਚ ਦਾਖਲ ਹੋਣ ਲਈ ਢੁਕਵਾਂ ਨਹੀਂ ਮੰਨਿਆ ਜਾ ਸਕਦਾ ਸੀ।


## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871


# ਆਨੰਦਪੁਰ ਸਾਹਿਬ 'ਚ ਵਿਸ਼ੇਸ਼ ਇਜਲਾਸ ਲਈ ਰਾਜਪਾਲ ਤੋਂ ਮੰਗੀ ਪ੍ਰਵਾਨਗੀ

**ਚੰਡੀਗੜ੍ਹ, (ਪੰਜਾਬ ਮੇਲ)-** ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ ਆਨੰਦਪੁਰ ਸਾਹਿਬ 'ਚ 24 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਜਾ ਰਿਹਾ ਹੈ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ੇਸ਼ ਸੈਸ਼ਨ ਦੀ ਪ੍ਰਵਾਨਗੀ ਲੈਣ ਲਈ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਪੱਤਰ ਲਿਖਿਆ ਹੈ। ਰਾਜਪਾਲ ਵੱਲੋਂ ਪ੍ਰਵਾਨਗੀ ਮਿਲਣ 'ਤੇ ਵਿਸ਼ੇਸ਼ ਇਜਲਾਸ ਆਨੰਦਪੁਰ ਸਾਹਿਬ 'ਚ ਭਾਈ ਜੈਤਾ ਜੀ ਮੈਮੋਰੀਅਲ ਵਿਖੇ ਹੋਵੇਗਾ। ਸਪੀਕਰ, ਮੁੱਖ ਮੰਤਰੀ ਅਤੇ ਵਿਧਾਇਕਾਂ ਸਮੇਤ ਸੈਸ਼ਨ ਦੇਖਣ ਆਉਣ ਵਾਲਿਆਂ ਦੇ ਬੈਠਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸੈਸ਼ਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਕੇਂਦਰਿਤ ਹੋਵੇਗਾ। ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਵੱਲੋਂ 26 ਨਵੰਬਰ ਨੂੰ ਵਿਦਿਆਰਥੀਆਂ ਦਾ ਵਿਧਾਨ ਸਭਾ ਵਿਚ ਮੌਕ ਸੈਸ਼ਨ ਸੱਦਿਆ ਗਿਆ ਹੈ। ਵਿਧਾਨ ਸਭਾ ਵੱਲੋਂ ਮੌਕ ਸੈਸ਼ਨ ਵਿਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਨੂੰ 19 ਨਵੰਬਰ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਵਿਚ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤੋਂ ਇਕ-ਇਕ ਵਿਦਿਆਰਥੀ ਦੀ ਚੋਣ ਕੀਤੀ ਗਈ ਹੈ, ਜੋ ਆਪਣੇ ਹਲਕੇ ਦੇ ਵਿਧਾਇਕ ਦੀ ਭੂਮਿਕਾ 'ਚ ਹੋਣਗੇ।

ਮੌਕ ਸੈਸ਼ਨ ਵਿਚ ਸਪੀਕਰ ਤੋਂ ਲੈ ਕੇ ਮੁੱਖ ਮੰਤਰੀ ਤੱਕ ਵਿਦਿਆਰਥੀ ਹੋਣਗੇ, ਜੋ ਉਨ੍ਹਾਂ ਦੇ ਹਲਕਿਆਂ 'ਚੋਂ ਹੀ ਚੁਣੇ ਗਏ ਹਨ।


ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com











# ਤਰਨਤਾਰਨ ਜ਼ਿਮਨੀ ਚੋਣ ਨਤੀਜੇ : ਕਾਂਗਰਸ ਤੇ ਭਾਜਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

**ਜਲੰਧਰ, (ਪੰਜਾਬ ਮੇਲ)**- ਪੰਥਕ ਆਖੀ ਜਾਂਦੀ ਸੀਟ ਤਰਨਤਾਰਨ 'ਤੇ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ। ਇਸ ਸੀਟ 'ਤੇ ਵੱਡੀ ਜਿੱਤ ਦਾ ਦਾਅਵਾ ਕਰਨ ਵਾਲੀ ਕਾਂਗਰਸ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ ਹੈ। ਆਲਮ ਇਹ ਹੈ ਕਿ ਕਾਂਗਰਸੀ ਉਮੀਦਵਾਰ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ। ਇਸ ਸੀਟ 'ਤੇ ਜਿੱਥੇ ਆਮ ਆਦਮੀ ਪਾਰਟੀ ਦੇ ਹਰਮੀਤ ਸਿੰਘ ਸੰਧੂ ਵੱਡੇ ਲੀਡ ਨਾਲ ਜੇਤੂ ਰਹੇ ਹਨ, ਉਥੇ ਹੀ ਲੰਬੇ ਸਮੇਂ ਤੋਂ ਹਾਸ਼ੀਏ 'ਤੇ ਚੱਲ ਰਿਹਾ ਅਕਾਲੀ ਦਲ ਵੀ ਟੱਕਰ ਵਿਚ ਨਜ਼ਰ ਆਇਆ ਹੈ। ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਦੂਜੇ ਨੰਬਰ 'ਤੇ ਰਹੀ। ਹਰਮੀਤ ਸਿੰਘ ਸੰਧੂ ਨੂੰ



42,649 ਵੋਟਾਂ ਪਈਆਂ, ਜਦਕਿ ਸੁਖਵਿੰਦਰ ਕੌਰ ਨੂੰ 30558 ਵੋਟਾਂ ਪਈਆਂ।

ਕਾਂਗਰਸ ਦੀ ਗੱਲ ਕਰੀਏ ਤਾਂ ਕਾਂਗਰਸ ਅੰਮ੍ਰਿਤਪਾਲ ਸਿੰਘ ਦੀ ਪਾਰਟੀ 'ਵਾਰਸ ਪੰਜਾਬ ਦੇ' ਦੇ ਉਮੀਦਵਾਰ ਮਨਦੀਪ ਸਿੰਘ ਤੋਂ ਵੀ ਪਿੱਛੇ ਰਹਿ ਗਈ ਹੈ। ਮਨਦੀਪ ਸਿੰਘ ਨੂੰ 19620 ਅਤੇ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ 15078 ਵੋਟਾਂ ਹੀ ਹਾਸਲ ਕਰ ਸਕੇ ਹਨ। ਕਾਂਗਰਸ ਪਾਰਟੀ ਚੌਥੇ ਨੰਬਰ 'ਤੇ ਰਹੀ। ਉਥੇ ਹੀ ਇਸ ਸੀਟ 'ਤੇ ਜਿੱਤ ਦਾ ਦਾਅਵਾ ਕਰਨ ਵਾਲੀ ਭਾਜਪਾ ਦਾ ਹਾਲ ਇਸ ਤੋਂ ਵੀ ਮਾੜਾ ਰਿਹਾ। ਭਾਜਪਾ 10 ਹਜ਼ਾਰ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ 6239 ਵੋਟਾਂ ਪਈਆਂ ਅਤੇ ਭਾਜਪਾ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੀ।

ਦੱਸ ਦੇਈਏ ਕਿ ਤਰਨਤਾਰਨ ਵਿਖੇ ਇੰਟਰਨੈਸ਼ਨਲ ਕਾਲਜ ਆਫ਼ ਨਰਸਿੰਗ ਵਿਚ ਬਣਾਏ ਕਾਊਂਟਿੰਗ ਸੈਂਟਰ ਵਿਚ ਕੁੱਲ੍ਹ 16 ਰਾਊਂਡਾਂ ਵਿਚ ਵੋਟਾਂ ਦੀ ਗਿਣਤੀ ਕੀਤੀ ਗਈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ੁਰੂਆਤੀ ਤਿੰਨ ਗੇੜਾਂ 'ਚ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਨੇ ਬੜਤ ਬਣਾਈ ਰੱਖੀ ਸੀ। ਇਸ ਦੇ ਬਾਅਦ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਨੇ ਲਗਾਤਾਰ ਲੀਡ ਬਣਾਈ ਅਤੇ ਰਵਾਇਤੀ ਪਾਰਟੀਆਂ ਨੂੰ ਪਛਾੜ ਕੇ ਵੱਡੀ ਜਿੱਤ ਹਾਸਲ ਕੀਤੀ। ਤਰਨਤਾਰਨ ਵਿਚ 11 ਨਵੰਬਰ ਨੂੰ ਹੋਈ ਜ਼ਿਮਨੀ ਚੋਣ ਵਿਚ 60.95 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ। ਪਿਛਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਸੀਟ 'ਤੇ 65.81% ਵੋਟਿੰਗ ਦਰਜ ਕੀਤੀ ਗਈ ਸੀ। ਪਿਛਲੀਆਂ ਚੋਣਾਂ ਵਿਚ 'ਆਪ' ਦੇ ਡਾ. ਕਸ਼ਮੀਰ ਸਿੰਘ ਸੋਹਲ ਨੇ ਚੋਣ ਜਿੱਤੀ ਸੀ ਅਤੇ ਉਨ੍ਹਾਂ ਦੀ ਮੌਤ ਨਾਲ ਇਹ ਸੀਟ ਖਾਲੀ ਹੋ ਗਈ ਸੀ।

# ਤਰਨਤਾਰਨ ਜ਼ਿਮਨੀ ਚੋਣ; 'ਆਪ' ਦੇ ਉਮੀਦਵਾਰ ਹਰਮੀਤ ਸੰਧੂ ਨੇ ਵੱਡੀ ਲੀਡ ਨਾਲ ਜਿੱਤੀ ਸੀਟ

**ਤਰਨ ਤਾਰਨ, (ਪੰਜਾਬ ਮੇਲ)**- ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ 12091 ਦੀ ਵੱਡੀ ਲੀਡ ਦੇ ਨਾਲ 42649 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ ਹੈ। ਦੂਜੇ ਨੰਬਰ 'ਤੇ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਰਹੀ, ਜਿਨ੍ਹਾਂ ਨੇ 30558 ਵੋਟਾਂ ਹਾਸਲ ਕਰਕੇ ਮੁਕਾਬਲੇ ਵਿਚ ਆਪਣੀ ਪੋਜ਼ੀਸ਼ਨ ਬਣਾਈ ਰੱਖੀ। ਤੀਜੇ ਨੰਬਰ 'ਤੇ ਵਾਰਸ ਪੰਜਾਬ ਦੇ (ਆਜ਼ਾਦ ਉਮੀਦਵਾਰ) ਮਨਦੀਪ ਸਿੰਘ ਨੂੰ 19620 ਵੋਟਾਂ ਮਿਲੀਆਂ, ਜਦਕਿ ਚੌਥੇ ਨੰਬਰ 'ਤੇ ਕਾਂਗਰਸ ਦੇ ਉਮੀਦਵਾਰ ਕਰਨਵੀਰ ਸਿੰਘ ਬੁਰਜ ਰਹੇ, ਜਿਨ੍ਹਾਂ ਨੂੰ 15078 ਵੋਟਾਂ ਹੀ ਹਾਸਲ ਹੋ ਸਕੀਆਂ। ਪੰਜਵੇਂ ਨੰਬਰ 'ਤੇ ਹਰਜੀਤ ਸਿੰਘ ਸੰਧੂ ਮਹਿਜ਼ 6239 ਵੋਟਾਂ ਹੀ ਹਾਸਲ ਕਰ ਸਕੇ।

ਚੋਣ ਨਤੀਜਾ ਸਾਹਮਣੇ ਆਉਂਦੇ ਹੀ ਤਰਨਤਾਰਨ ਵਿਚ ਆਪ ਦੇ ਸਮਰਥਕਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ। ਜਿੱਤ ਦੇ ਐਲਾਨ ਤੋਂ ਬਾਅਦ ਇਲਾਕੇ ਵਿਚ ਸਮਰਥਕਾਂ ਵੱਲੋਂ ਜਸ਼ਨ ਮਨਾਇਆ ਜਾ ਰਿਹਾ ਹੈ। ਇਸ ਜਿੱਤ ਨਾਲ 'ਆਪ' ਨੇ ਹਲਕੇ ਵਿਚ ਆਪਣੀ ਪਕੜ ਹੋਰ ਮਜ਼ਬੂਤ ਕੀਤੀ ਹੈ। ਦੱਸ ਦੇਈਏ ਕਿ ਕੁੱਲ 16 ਰਾਊਂਡਾਂ 'ਚ ਵੋਟਾਂ ਦੀ ਗਿਣਤੀ ਮੁਕੰਮਲ ਕੀਤੀ ਗਈ।

# ਪਿੰਡਾਂ ਦੇ ਸਰਪੰਚ ਅਤੇ ਪੰਚ ਹੁਣ ਬਿਨਾਂ ਪ੍ਰਵਾਨਗੀ ਤੋਂ ਨਹੀਂ ਜਾ ਸਕਣਗੇ ਵਿਦੇਸ਼

**ਚੰਡੀਗੜ੍ਹ, (ਪੰਜਾਬ ਮੇਲ)**- ਪਿੰਡਾਂ ਦੇ ਸਰਪੰਚ ਅਤੇ ਪੰਚ ਹੁਣ ਬਿਨਾਂ ਪ੍ਰਵਾਨਗੀ ਤੋਂ ਵਿਦੇਸ਼ ਨਹੀਂ ਜਾ ਸਕਣਗੇ। ਪੰਜਾਬ ਸਰਕਾਰ ਨੇ ਨਵੀਂ ਨੀਤੀ ਬਣਾਈ ਹੈ, ਜਿਸ ਤਹਿਤ ਸਰਪੰਚਾਂ ਤੇ ਪੰਚਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਬਕਾਇਦਾ ਸਮਰੱਥ ਅਥਾਰਿਟੀ ਤੋਂ ਪ੍ਰਵਾਨਗੀ ਲੈਣੀ ਪਵੇਗੀ। ਜਿਸ ਤਰ੍ਹਾਂ ਸਰਕਾਰੀ ਮੁਲਾਜ਼ਮ ਤੇ ਅਧਿਕਾਰੀ 'ਐਕਸ ਇੰਡੀਆ ਲੀਵ' ਲੈਂਦੇ ਹਨ, ਉਸੇ ਤਰਜ਼ 'ਤੇ ਸਰਪੰਚਾਂ ਤੇ ਪੰਚਾਂ ਨੂੰ ਰਾਹ ਅਖ਼ਤਿਆਰ ਕਰਨਾ ਪਵੇਗਾ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪੰਜਾਬ ਦੇ ਸਾਰੇ ਜ਼ਿਲ੍ਹਾ ਵਿਕਾਸ ਤੇ ਪੰਚਾਇਤਾਂ ਅਫਸਰਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਹੈ। ਪੱਤਰ ਅਨੁਸਾਰ ਪੰਚਾਇਤੀ ਰਾਜ ਇਕਾਈਆਂ ਦੇ ਚੁਣੇ ਹੋਏ ਨੁਮਾਇੰਦੇ ਜਦੋਂ ਵਿਦੇਸ਼ ਚਲੇ ਜਾਂਦੇ ਹਨ ਤਾਂ ਪਿੰਡਾਂ ਦੇ ਵਿਕਾਸ ਕੰਮ ਪ੍ਰਭਾਵਿਤ ਹੁੰਦੇ ਹਨ, ਜਿਸ ਕਰ ਕੇ ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।



ਪੰਜਾਬ 'ਚ ਇਸ ਵੇਲੇ 13,238 ਸਰਪੰਚ ਅਤੇ 83,437 ਪੰਚਾਇਤ ਮੈਂਬਰ ਹਨ। ਕਾਫ਼ੀ ਗਿਣਤੀ 'ਚ ਸਰਪੰਚਾਂ ਦੇ ਧੀਆਂ-ਪੁੱਤ ਵਿਦੇਸ਼ 'ਚ ਹਨ, ਜਿਨ੍ਹਾਂ ਕੋਲ ਸਰਪੰਚਾਂ ਦਾ ਆਉਣਾ-ਜਾਣਾ ਆਮ ਹੈ। ਮਹਿਕਮੇ ਨੇ ਪਹਿਲੀ ਵਾਰ ਅਜਿਹੀ ਨੀਤੀ ਬਣਾਈ ਹੈ, ਜਿਸ ਤਹਿਤ ਸਰਪੰਚਾਂ ਤੇ ਪੰਚਾਂ ਲਈ ਵਿਦੇਸ਼ ਜਾਣ ਦੀ ਛੁੱਟੀ ਲਾਜ਼ਮੀ ਕਰਾਰ ਦਿੱਤੀ ਗਈ ਹੈ। ਅਜੇ ਇਹ ਸਪੱਸ਼ਟ ਨਹੀਂ ਕਿ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਚੇਅਰਮੈਨਾਂ ਜਾਂ ਮੈਂਬਰਾਂ ਲਈ ਵੀ ਪਹਿਲਾਂ ਛੁੱਟੀ ਲੈਣੀ ਲਾਜ਼ਮੀ ਹੋਵੇਗੀ ਜਾਂ ਨਹੀਂ।

ਪੱਤਰ ਅਨੁਸਾਰ ਸਰਪੰਚ ਤੇ ਪੰਚ ਦੀ ਵਿਦੇਸ਼ ਜਾਣ ਲਈ ਛੁੱਟੀ ਮਨਜ਼ੂਰ ਕਰਨ ਲਈ ਸਮਰੱਥ ਅਧਿਕਾਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਹੋਵੇਗਾ। ਆਮ ਹਾਲਾਤ 'ਚ ਸਰਪੰਚ ਤੇ ਪੰਚ ਨੂੰ ਵਿਦੇਸ਼ ਜਾਣ ਤੋਂ ਮਹੀਨਾ ਪਹਿਲਾਂ ਛੁੱਟੀ ਅਧਿਕਾਰੀ ਕੋਲ ਪੇਸ਼ ਕਰਨੀ ਹੋਵੇਗੀ। ਜੇ ਐਮਰਜੈਂਸੀ 'ਚ ਵਿਦੇਸ਼ ਜਾਣਾ ਪੈਂਦਾ ਹੈ, ਤਾਂ ਵੀ ਉਹ ਸਮਰੱਥ ਅਥਾਰਿਟੀ ਨੂੰ ਬਿਨਾਂ ਇਤਲਾਹ ਕੀਤੇ ਵਿਦੇਸ਼ ਨਹੀਂ ਜਾ ਸਕੇਗਾ। ਵਿਭਾਗ ਦੀ ਨੀਤੀ ਅਨੁਸਾਰ ਜੇ ਸਰਪੰਚ ਵਿਦੇਸ਼ ਜਾਂਦਾ ਹੈ, ਤਾਂ ਉਸ ਦੀ ਗ਼ੈਰ-ਹਾਜ਼ਰੀ 'ਚ ਪੰਜਾਬ ਪੰਚਾਇਤੀ ਰਾਜ ਐਕਟ-1994 ਦੀ ਧਾਰਾ 20(5) ਅਨੁਸਾਰ ਅਧਿਕਾਰਤ ਪੰਚ ਦੀ ਚੋਣ ਕੀਤੀ ਜਾਵੇਗੀ। ਸਰਪੰਚ ਪੰਚਾਇਤੀ ਰਿਕਾਰਡ ਪੰਚਾਇਤ ਸਕੱਤਰ ਨੂੰ ਸੌਂਪੇਗਾ, ਜੋ ਅੱਗੇ ਅਧਿਕਾਰਤ ਪੰਚ ਦੇ ਹਵਾਲੇ ਕਰੇਗਾ। ਵਿਦੇਸ਼ ਤੋਂ ਪਰਤਣ ਉਪਰੰਤ ਸਰਪੰਚ ਜਾਂ ਪੰਚ ਨੂੰ ਆਪਣੀ ਹਾਜ਼ਰੀ ਰਿਪੋਰਟ ਸਮਰੱਥ ਅਧਿਕਾਰੀ ਨੂੰ ਦੇਣੀ ਹੋਵੇਗੀ ਅਤੇ ਉਸ ਉਪਰੰਤ ਉਹ ਪੰਚਾਇਤ ਦਾ ਮੁੜ ਚਾਰਜ ਸੰਭਾਲੇਗਾ। ਪੱਤਰ 'ਚ ਇਹ ਵੀ ਕਿਹਾ ਗਿਆ ਹੈ ਕਿ ਜੇ ਵਿਦੇਸ਼ ਗਏ ਸਰਪੰਚ ਜਾਂ ਪੰਚ ਨੇ ਆਪਣੀ ਛੁੱਟੀ 'ਚ ਵਾਧਾ ਕਰਨਾ ਹੈ, ਤਾਂ ਉਹ ਈ-ਮੇਲ ਜਾਂ ਫੋਨ ਜ਼ਰੀਏ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂੰ ਅਰਜ਼ੀ ਭੇਜੇਗਾ ਅਤੇ ਆਪਣੀ ਈਮੇਲ ਅਤੇ ਫੋਨ ਦੇ ਵੇਰਵੇ ਵੀ ਦੇਵੇਗਾ। ਸਰਪੰਚ ਯੂਨੀਅਨ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਮਨਿੰਦਰ ਸਿੰਘ ਨੇ ਇਸ ਫ਼ੈਸਲੇ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਸਰਪੰਚ ਦੀ ਗੈਰ-ਮੌਜੂਦਗੀ 'ਚ ਬਹੁਤ ਸਾਰੇ ਦਸਤਾਵੇਜ਼ ਲੋਕਾਂ ਨੂੰ ਤਸਦੀਕ ਕਰਾਉਣ 'ਚ ਦਿੱਕਤ ਆਉਂਦੀ ਹੈ। ਜੇ ਕੋਈ ਅਧਿਕਾਰਤ ਪੰਚ ਹੋਵੇਗਾ ਤਾਂ ਲੋਕਾਂ ਨੂੰ ਮੁਸ਼ਕਲ ਨਹੀਂ ਆਵੇਗੀ।

# 'ਸਰਬਜੀਤ ਕੌਰ' ਤੋਂ 'ਨੂਰ ਹੁਸੈਨ' ਬਣੀ ਬੀਬੀ ਨੇ ਲਿਆ ਅਦਾਲਤ ਦਾ ਸਹਾਰਾ

**ਅੰਮ੍ਰਿਤਸਰ, (ਪੰਜਾਬ ਮੇਲ)**- ਕਪੂਰਥਲਾ ਦੀ ਰਹਿਣ ਵਾਲੀ ਸਰਬਜੀਤ ਕੌਰ (48) ਦੇ ਮਾਮਲੇ ਵਿਚ ਇੱਕ ਨਵਾਂ ਮੋੜ ਆਇਆ ਹੈ, ਜਿਸਨੇ ਪਾਕਿਸਤਾਨ ਵਿਚ ਧਰਮ ਪਰਿਵਰਤਨ ਕਰਕੇ ਨਿਕਾਹ ਕਰਵਾਇਆ ਹੈ। ਪ੍ਰਕਾਸ਼ ਪੁਰਬ ਮੌਕੇ 4 ਨਵੰਬਰ ਨੂੰ ਪਾਕਿਸਤਾਨ ਦੇ ਗੁਰਦੁਆਰਿਆਂ ਦੀ ਯਾਤਰਾ 'ਤੇ ਇੱਕ ਸਿੱਖ ਜਥੇ ਨਾਲ ਗਈ ਸਰਬਜੀਤ ਕੌਰ ਦੀ ਹੁਣ ਘਰ ਵਾਪਸ ਆਉਣ ਦੀ ਬਹੁਤ ਘੱਟ ਉਮੀਦ ਹੈ। 5 ਨਵੰਬਰ ਨੂੰ ਸਰਬਜੀਤ ਨੇ ਇਸਲਾਮ ਧਰਮ ਪਰਿਵਰਤਨ ਕਰ ਲਿਆ ਅਤੇ ਲਾਹੌਰ ਦੇ ਸ਼ੇਖੂਪੁਰਾ ਵਿੱਚ ਨਾਸਿਰ ਹੁਸੈਨ ਨਾਲ ਵਿਆਹ ਕਰਵਾ ਲਿਆ, ਆਪਣਾ ਨਾਮ ਬਦਲ ਕੇ ਨੂਰ ਹੁਸੈਨ ਰੱਖ ਲਿਆ। ਨਾਸਿਰ ਹੁਸੈਨ ਨੇ ਹੁਣ ਵਕੀਲਾਂ ਰਾਹੀਂ ਨੂਰ ਹੁਸੈਨ (ਸਰਬਜੀਤ ਕੌਰ) ਲਈ ਪਾਕਿਸਤਾਨੀ ਨਾਗਰਿਕਤਾ ਪ੍ਰਾਪਤ ਕਰਨ ਅਤੇ ਉਸਦਾ ਵੀਜ਼ਾ ਇੱਕ ਮਹੀਨੇ ਲਈ ਵਧਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

ਨੂਰ ਨੇ ਹੁਣ ਸਥਾਨਕ ਸ਼ੇਖੂਪੁਰਾ ਅਦਾਲਤ 'ਚ ਇੱਕ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿਚ ਪਾਕਿਸਤਾਨੀ ਨਾਗਰਿਕ ਬਣਨ ਦੀ ਇੱਛਾ ਜ਼ਾਹਰ ਕੀਤੀ ਗਈ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸਲਾਮੀ ਕਾਨੂੰਨ ਦੇ ਤਹਿਤ, ਇੱਕ ਮੌਲਵੀ ਨੇ ਦੋ ਗਵਾਹਾਂ ਦੀ ਮੌਜੂਦਗੀ ਵਿਚ ਉਨ੍ਹਾਂ ਦਾ ਵਿਆਹ ਕਰਵਾਇਆ ਸੀ। ਵਿਆਹ ਦੇ ਦਸਤਾਵੇਜ਼ਾਂ ਦੀ ਅਦਾਲਤ ਵਿਚ ਅਜੇ ਤਸਦੀਕ ਨਹੀਂ ਕੀਤੀ ਗਈ ਹੈ, ਕਿਉਂਕਿ ਗਵਾਹਾਂ ਦੇ ਦਸਤਖਤਾਂ ਅਤੇ ਦਸਤਾਵੇਜ਼ਾਂ ਦੀ ਅਜੇ ਤਸਦੀਕ ਨਹੀਂ ਹੋਈ ਹੈ। ਨੂਰ ਨੇ ਅਦਾਲਤ 'ਚ ਕਿਹਾ ਕਿ ਉਸਨੇ ਆਪਣੀ ਮਰਜ਼ੀ ਨਾਲ ਨਾਸਿਰ ਨਾਲ ਵਿਆਹ ਕੀਤਾ ਸੀ ਅਤੇ ਕਿਸੇ ਦਬਾਅ ਹੇਠ ਨਹੀਂ ਸੀ। ਉਸਨੇ ਕਿਹਾ ਕਿ ਉਹ ਨੌਂ ਸਾਲਾਂ ਤੋਂ ਸੋਸ਼ਲ ਮੀਡੀਆ ਰਾਹੀਂ ਨਸੀਰ ਦੇ ਸੰਪਰਕ ਵਿਚ ਸੀ ਅਤੇ ਉਹ ਉਸਨੂੰ ਬਹੁਤ ਪਿਆਰ ਕਰਦੀ ਸੀ। ਇਸ ਲਈ ਨੂਰ ਦੇ ਘਰ ਵਾਪਸ ਆਉਣ ਦੀ ਸੰਭਾਵਨਾ ਹੁਣ ਘੱਟ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਪਾਕਿਸਤਾਨ ਜਾਣ ਵਾਲੀਆਂ ਇਕੱਲੀਆਂ ਮਹਿਲਾ ਤੀਰਥ ਯਾਤਰੀਆਂ ਦੇ ਵੀਜ਼ਾ ਅਰਜ਼ੀਆਂ ਲਈ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਇਹ ਫੈਸਲਾ ਪੰਜਾਬ ਦੀ ਸਰਬਜੀਤ ਕੌਰ ਦੇ ਮਾਮਲੇ ਦੇ ਮੱਦੇਨਜ਼ਰ ਲਿਆ ਗਿਆ ਹੈ, ਜੋ ਪਾਕਿਸਤਾਨ ਗਈ ਸੀ ਅਤੇ ਉੱਥੇ ਧਰਮ ਪਰਿਵਰਤਨ ਕਰ ਕੇ ਨਿਕਾਹ ਕਰਵਾ ਲਿਆ ਤੇ ਵਾਪਸ ਨਹੀਂ ਪਰਤੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਹੁਣ ਭਵਿੱਖ 'ਚ ਪਾਕਿਸਤਾਨ ਕਿਸੇ ਵੀ ਇਕੱਲੀ ਔਰਤ ਨੂੰ ਵੀਜ਼ਾ ਨਹੀਂ ਦੇਵੇਗੀ।

# ਭਾਰਤੀ ਜਥੇ 'ਚ ਆਉਣ ਵਾਲੀ ਇਕੱਲੀ ਔਰਤ ਨੂੰ ਨਹੀਂ ਦਿੱਤਾ ਜਾਵੇਗਾ ਵੀਜ਼ਾ : ਪਾਕਿਸਤਾਨ

**ਅੰਮ੍ਰਿਤਸਰ, (ਪੰਜਾਬ ਮੇਲ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਪਹੁੰਚੀ ਭਾਰਤੀ ਯਾਤਰੂ ਸਰਬਜੀਤ ਕੌਰ ਦੇ ਉਥੋਂ ਦੇ ਮੁਸਲਿਮ ਨਾਗਰਿਕ ਨਾਸਿਰ ਹੁਸੈਨ ਪੁੱਤਰ ਮੁਹੰਮਦ ਤੁਫ਼ੈਲ ਵਾਸੀ ਪਿੰਡ ਕੋਟ ਪਿੰਡੀ ਦਾਸ ਸ਼ੇਖ਼ੂਪੁਰਾ ਨਾਲ ਵਿਆਹ ਕਰਵਾਉਣ ਅਤੇ ਕਥਿਤ ਤੌਰ 'ਤੇ ਧਰਮ ਪਰਿਵਰਤਨ ਦਾ ਮਾਮਲਾ ਜ਼ੋਰ ਫੜਦਾ ਜਾ ਰਿਹਾ ਹੈ। ਇਸਲਾਮਾਬਾਦ ਸਥਿਤ ਇਕ ਆਲਾ ਪਾਕਿਸਤਾਨੀ ਅਧਿਕਾਰੀ ਨੇ 'ਅਜੀਤ' ਨਾਲ ਗੱਲਬਾਤ ਕਰਦਿਆਂ ਐਲਾਨ ਕੀਤਾ ਕਿ ਅੱਗੇ ਤੋਂ ਭਾਰਤੀ ਜਥੇ 'ਚ ਪਾਕਿ ਇਕੱਲੀ ਆਉਣ ਵਾਲੀ ਕਿਸੇ ਵੀ ਔਰਤ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ ਅਤੇ ਸਰਹੱਦ ਪਾਰ ਮੌਕੇ ਵੀ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਇਕੱਲੀ ਔਰਤ ਜਥੇ 'ਚ ਸ਼ਾਮਿਲ ਨਾ ਹੋ ਸਕੇ। ਯਾਤਰਾ ਮੌਕੇ ਉਸ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਦਾ ਨਾਲ ਆਉਣਾ ਲਾਜ਼ਮੀ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਇਸ ਬਾਰੇ ਨੋਟੀਫ਼ਿਕੇਸ਼ਨ ਵੀ ਜਾਰੀ ਕੀਤਾ ਜਾਵੇਗਾ। ਉਨ੍ਹਾਂ ਨੇ ਨਾਲ ਹੀ ਪਾਕਿ ਜਥੇ ਭੇਜਣ ਵਾਲੀਆਂ ਭਾਰਤੀ ਸਿੱਖ ਜਥੇਬੰਦੀਆਂ ਅਤੇ ਸੁਰੱਖਿਆ ਏਜੰਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਯਾਤਰੂਆਂ ਦੀ ਬਰੀਕੀ ਨਾਲ ਜਾਂਚ ਕਰਨ ਉਪਰੰਤ ਹੀ ਉਨ੍ਹਾਂ ਨੂੰ ਪਾਕਿ ਆਉਣ ਦੀ ਮਨਜ਼ੂਰੀ ਦੇਣ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic

Dental Care & Hair Transplant

COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Samarpan Kaur
B.D.S, M.H.M



CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO - HOME - TRUCK - BUSINESS - LIFE - MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਯੂ.ਕੇ. 'ਚ ਪੀ.ਆਰ. ਲਈ ਹੁਣ ਕਰਨਾ ਪਵੇਗਾ 20 ਸਾਲਾਂ ਦਾ ਇੰਤਜ਼ਾਰ!

**■ ਬ੍ਰਿਟਿਸ਼ ਸਰਕਾਰ ਵੱਲੋਂ ਪ੍ਰਵਾਸੀਆਂ ਲਈ ਨੀਤੀਗਤ ਬਦਲਾਅ ਦਾ ਐਲਾਨ**

**ਲੰਡਨ, (ਪੰਜਾਬ ਮੇਲ)**- ਬ੍ਰਿਟਿਸ਼ ਸਰਕਾਰ ਨੇ ਦੇਸ਼ ਵਿੱਚ ਸ਼ਰਨਾਰਥੀਆਂ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਨੀਤੀਗਤ ਬਦਲਾਅ ਦਾ ਐਲਾਨ ਕਰ ਦਿੱਤਾ ਹੈ। ਇਸ ਬਦਲਾਅ ਦੇ ਤਹਿਤ ਸ਼ਰਨਾਰਥੀਆਂ ਦੀ ਸਥਿਤੀ ਹੁਣ ਸਥਾਈ ਦੀ ਬਜਾਏ ਅਸਥਾਈ ਹੋਵੇਗੀ ਅਤੇ ਸਥਾਈ ਨਿਪਟਾਰੇ ਲਈ ਉਡੀਕ ਦਾ ਸਮਾਂ ਪੰਜ ਸਾਲਾਂ ਤੋਂ ਵਧਾ ਕੇ 20 ਸਾਲ ਕਰ ਦਿੱਤਾ ਜਾਵੇਗਾ। ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਦੇ ਅਨੁਸਾਰ, ਇਹ ਕਦਮ ਗੈਰ-ਕਾਨੂੰਨੀ ਪ੍ਰਵਾਸ ਅਤੇ ਕਿਸ਼ਤੀਆਂ ਰਾਹੀਂ ਆਉਣ ਵਾਲੇ ਲੋਕਾਂ ਨੂੰ ਰੋਕਣ ਲਈ ਹੈ ਪਰ ਸ਼ਰਨਾਰਥੀ ਸੰਗਠਨਾਂ ਨੇ ਇਸਨੂੰ ਸਖ਼ਤ ਕਿਹਾ।

ਦੂਜੇ ਪਾਸੇ ਇਸ ਕਦਮ ਨੂੰ ਆਧੁਨਿਕ ਸਮੇਂ ਵਿਚ ਦੇਸ਼ ਦੀਆਂ ਸ਼ਰਨਾਰਥੀ ਨੀਤੀਆਂ ਦਾ ਸਭ ਤੋਂ ਵਿਆਪਕ ਸੁਧਾਰ ਮੰਨਿਆ ਜਾਂਦਾ ਹੈ। ਲੇਬਰ ਸਰਕਾਰ ਨੇ ਇਹ ਕਦਮ ਫਰਾਂਸ ਤੋਂ ਗੈਰ-ਕਾਨੂੰਨੀ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਪ੍ਰਵਾਸੀਆਂ 'ਤੇ ਨਿਯੰਤਰਣ ਸਖ਼ਤ ਕਰਨ ਲਈ ਚੁੱਕਿਆ ਹੈ। ਇਸ ਨਾਲ ਯੂ.ਕੇ. ਵਿਚ ਸ਼ਰਨ ਮੰਗਣ ਵਾਲਿਆਂ ਨੂੰ ਹੁਣ ਸਥਾਈ ਨਿਪਟਾਰੇ ਲਈ 20 ਸਾਲ ਤੱਕ ਉਡੀਕ ਕਰਨੀ ਪੈ ਸਕਦੀ ਹੈ। ਇਸ ਦਾ ਉਦੇਸ਼ ਮੁੱਖ ਤੌਰ 'ਤੇ ਪ੍ਰਸਿੱਧ ਰਿਫਾਰਮ ਯੂ.ਕੇ. ਪਾਰਟੀ ਦੇ ਪ੍ਰਭਾਵ ਨੂੰ ਸੀਮਤ ਕਰਨਾ ਹੈ, ਜਿਸਨੇ ਪਿਛਲੇ ਸਮੇਂ ਵਿਚ ਪ੍ਰਵਾਸ ਨੀਤੀ ਨੂੰ ਰਾਸ਼ਟਰੀ ਏਜੰਡੇ ਦਾ ਕੇਂਦਰੀ ਸਥਾਨ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਇਹ ਨੀਤੀ ਡੈਨਿਸ਼ ਮਾਡਲ ਤੋਂ ਪ੍ਰੇਰਨਾ ਲੈਂਦੀ ਹੈ, ਜਿਸਨੂੰ ਯੂਰਪ ਵਿਚ ਸਭ ਤੋਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਮੰਨਿਆ ਜਾਂਦਾ ਹੈ। ਵਧਦੀ ਪ੍ਰਵਾਸੀ ਵਿਰੋਧੀ ਭਾਵਨਾ ਨੇ ਬਹੁਤ ਸਾਰੇ ਦੇਸ਼ਾਂ ਨੂੰ



ਆਪਣੇ ਨਿਯਮਾਂ ਨੂੰ ਸਖ਼ਤ ਕਰਨ ਲਈ ਪ੍ਰੇਰਿਤ ਕੀਤਾ ਹੈ, ਹਾਲਾਂਕਿ ਇਸ ਕਦਮ ਦੀ ਮਨੁੱਖੀ ਅਧਿਕਾਰ ਸਮੂਹਾਂ ਦੁਆਰਾ ਵੀ ਆਲੋਚਨਾ ਕੀਤੀ ਗਈ ਹੈ।

## ਮੁੱਖ ਬਦਲਾਅ

- ਸ਼ਰਨਾਰਥੀਆਂ ਨੂੰ ਮਿਲਣ ਵਾਲੀ ਟੈਕਸ-ਆਧਾਰਿਤ ਸਹਾਇਤਾ, ਜਿਵੇਂ ਰਿਹਾਇਸ਼ ਅਤੇ ਹਫਤਾਵਾਰੀ ਭੱਤੇ, ਹੁਣ ਸਿਰਫ਼ ਉਨ੍ਹਾਂ ਲੋਕਾਂ ਲਈ ਉਪਲਬਧ ਹੋਣਗੇ, ਜੋ ਕੰਮ ਕਰ ਰਹੇ ਹਨ ਜਾਂ ਸਥਾਨਕ ਭਾਈਚਾਰਿਆਂ ਅਤੇ ਆਰਥਿਕਤਾ ਵਿਚ ਯੋਗਦਾਨ ਪਾ ਰਹੇ ਹਨ।
- ਜਿਨ੍ਹਾਂ ਸ਼ਰਨਾਰਥੀਆਂ ਕੋਲ ਕੰਮ ਕਰਨ ਦੀ ਯੋਗਤਾ ਹੈ ਪਰ ਕੰਮ ਨਹੀਂ ਕਰਨਾ ਚਾਹੁੰਦੇ ਜਾਂ ਜੋ ਕਾਨੂੰਨ ਤੋੜਦੇ ਹਨ, ਉਨ੍ਹਾਂ ਨੂੰ ਹੁਣ ਇਹ ਸਹਾਇਤਾ ਨਹੀਂ ਮਿਲੇਗੀ।
- ਸ਼ਰਨਾਰਥੀਆਂ ਦੀ ਸੁਰੱਖਿਆ ਸਥਿਤੀ ਨਿਯਮਤ ਸਮੀਖਿਆ ਦੇ ਅਧੀਨ ਅਸਥਾਈ ਹੋਵੇਗੀ ਅਤੇ ਜੇਕਰ ਮੂਲ ਦੇਸ਼ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ, ਤਾਂ ਇਸਨੂੰ ਰੱਦ ਕੀਤਾ ਜਾ ਸਕਦਾ ਹੈ।
- ਬ੍ਰਿਟੇਨ ਦੇ ਸਿਸਟਮ ਨੂੰ ਵਰਤਮਾਨ ਵਿਚ ਦੂਜੇ ਯੂਰਪੀਅਨ ਦੇਸ਼ਾਂ ਦੇ ਮੁਕਾਬਲੇ ਵਧੇਰੇ ਉਦਾਰ ਮੰਨਿਆ ਜਾਂਦਾ ਹੈ, ਜਿੱਥੇ ਸ਼ਰਨਾਰਥੀਆਂ ਨੂੰ ਪੰਜ ਸਾਲਾਂ ਬਾਅਦ ਆਪਣੇ ਆਪ ਹੀ ਸਥਾਈ ਨਿਵਾਸ ਮਿਲ ਜਾਂਦਾ ਹੈ। ਇਹ ਹੁਣ ਬਦਲਿਆ ਜਾਵੇਗਾ।

# ਟਰੰਪ ਨੇ ਟੈਰਿਫ ਪ੍ਰਣਾਲੀ 'ਚੋਂ ਖੇਤੀਬਾੜੀ ਵਸਤੂਆਂ ਦੀ ਇੱਕ ਲੰਬੀ ਸੂਚੀ ਨੂੰ ਕੱਢਿਆ ਬਾਹਰ

**■ ਅਮਰੀਕੀ ਟੈਰਿਫ 'ਚ ਬਦਲਾਅ: ਭਾਰਤੀ ਖੇਤੀ ਉਤਪਾਦਾਂ ਲਈ 50.6 ਬਿਲੀਅਨ ਡਾਲਰ ਨਿਰਯਾਤ ਦੇ ਮੌਕੇ ਖੁੱਲ੍ਹੇ**

**ਨਵੀਂ ਦਿੱਲੀ, (ਪੰਜਾਬ ਮੇਲ)**- 13 ਨਵੰਬਰ ਤੋਂ ਲਾਗੂ ਹੋਏ ਵ੍ਹਾਈਟ ਹਾਊਸ ਦੇ ਇੱਕ ਨਵੇਂ ਆਦੇਸ਼ ਨੇ ਭਾਰਤ ਸਮੇਤ ਕਈ ਦੇਸ਼ਾਂ ਦੇ ਖੇਤੀ ਉਤਪਾਦਾਂ ਲਈ ਅਮਰੀਕਾ ਦੇ ਬਾਜ਼ਾਰ ਤੱਕ ਪਹੁੰਚਣ ਦੇ ਮੌਕੇ ਖੋਲ੍ਹ ਦਿੱਤੇ ਹਨ। ਇਸ ਆਦੇਸ਼ ਤਹਿਤ, ਅਪ੍ਰੈਲ ਵਿਚ ਲਾਗੂ ਕੀਤੇ ਗਏ ਅਮਰੀਕਾ ਦੇ ਆਪਸੀ ਟੈਰਿਫ ਪ੍ਰਣਾਲੀ ਵਿਚੋਂ ਖੇਤੀਬਾੜੀ ਵਸਤੂਆਂ ਦੀ ਇੱਕ ਲੰਬੀ ਸੂਚੀ ਨੂੰ ਬਾਹਰ ਕੱਢ ਦਿੱਤਾ ਗਿਆ ਹੈ।

ਇਹ ਵਸਤੂਆਂ ਹੁਣ ਮਿਆਰੀ ਗੈਰ-ਵਿਤਕਰੇ ਵਾਲੇ ਡਿਊਟੀਆਂ (**standard non-discriminatory duties**) 'ਤੇ ਵਾਪਸ ਆ ਜਾਣਗੀਆਂ। ਛੋਟਾਂ ਦੀ ਸੂਚੀ ਵਿਚ ਕੌਫੀ, ਚਾਹ, ਗਰਮ ਖੰਡੀ ਫਲ, ਫਲਾਂ ਦੇ ਜੂਸ, ਕੋਕੋ, ਮਸਾਲੇ, ਕੇਲੇ, ਟਮਾਟਰ, ਸੰਤਰੇ, ਬੀਫ ਅਤੇ ਚੋਣਵੇਂ ਖਾਦ (ਫਰਟੀਲਾਈਜ਼ਰ) ਸ਼ਾਮਲ ਹਨ। ਇਨ੍ਹਾਂ ਵਸਤੂਆਂ ਨੂੰ ਮੁੱਖ ਤੌਰ 'ਤੇ ਇਸ ਲਈ ਛੋਟ ਦਿੱਤੀ ਗਈ ਹੈ ਕਿਉਂਕਿ ਅਮਰੀਕਾ ਖੁਦ ਇਨ੍ਹਾਂ ਚੀਜ਼ਾਂ ਦਾ ਲੋੜੀਂਦੀ ਮਾਤਰਾ ਵਿਚ ਉਤਪਾਦਨ ਨਹੀਂ ਕਰ ਰਿਹਾ।

ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ.ਟੀ.ਆਰ.ਆਈ.) ਅਨੁਮਾਨ ਅਨੁਸਾਰ, ਅਮਰੀਕਾ ਦੀ ਇਨ੍ਹਾਂ ਪਛਾਣ ਕੀਤੀਆਂ ਗਈਆਂ ਉਤਪਾਦਾਂ ਲਈ ਕੁੱਲ ਆਯਾਤ ਟੋਕਰੀ 50.6 ਬਿਲੀਅਨ ਡਾਲਰ ਦੀ ਹੈ। ਹਾਲਾਂਕਿ,ਵਰਤਮਾਨ ਵਿਚ ਇਸ ਵਿਸ਼ਾਲ ਬਾਜ਼ਾਰ ਵਿਚ ਭਾਰਤ ਦੀ ਸਪਲਾਈ ਕਾਫ਼ੀ ਸੀਮਤ ਹੈ, ਜੋ ਸਿਰਫ 548 ਮਿਲੀਅਨ ਡਾਲਰ ਹੈ।

ਭਾਰਤ ਦੀ ਮੌਜੂਦਾ ਮੌਜੂਦਗੀ ਲਗਭਗ ਪੂਰੀ ਤਰ੍ਹਾਂ ਮਸਾਲਿਆਂ ਅਤੇ ਕੁਝ ਖਾਸ ਬਾਗਬਾਨੀ ਲਾਈਨਾਂ ਦੁਆਰਾ ਚਲਾਈ ਜਾਂਦੀ ਹੈ।

ਆਪਸੀ ਟੈਰਿਫ ਤੋਂ ਛੋਟ ਪ੍ਰਾਪਤ ਉਤਪਾਦਾਂ ਵਿਚ ਭਾਰਤ ਦਾ ਨਿਰਯਾਤ ਇਨ੍ਹਾਂ ਵਸਤੂਆਂ ਵਿਚ ਕੇਂਦਰਿਤ ਹੈ:

- ਮਿਰਚ-ਸੁੱਕੀ ਕੈਪਸਿਕਮ : $181 ਮਿਲੀਅਨ।
- ਸੌਂਫ, ਜੀਰਾ ਆਦਿ ਦੇ ਬੀਜ: $85.4 ਮਿਲੀਅਨ (ਜਾਂ ਲਗਭਗ $85 ਮਿਲੀਅਨ)।
- ਅਦਰਕ, ਹਲਦੀ, ਕਰੀ ਮਸਾਲੇ: $83.7 ਮਿਲੀਅਨ (ਜਾਂ ਲਗਭਗ $84 ਮਿਲੀਅਨ)।
- ਚਾਹ: $68.5 ਮਿਲੀਅਨ (ਜਾਂ ਲਗਭਗ $68 ਮਿਲੀਅਨ)।
- ਜੈਫਲ, ਇਲਾਇਚੀ: $14.6 ਮਿਲੀਅਨ (ਜਾਂ ਲਗਭਗ $15 ਮਿਲੀਅਨ)।

ਹੋਰ ਮਹੱਤਵਪੂਰਨ ਵਸਤੂਆਂ ਵਿਚ, ਭਾਰਤ ਨੇ ਖਾਦ (ਫਰਟੀਲਾਈਜ਼ਰ) ਦੀ ਸਪਲਾਈ $26.8 ਮਿਲੀਅਨ, ਅਤੇ ਖਜੂਰ, ਅੰਜੀਰ, ਅਨਾਨਾਸ, ਅਮਰੂਦ ਆਦਿ ਫਲਾਂ ਦੀ ਸਪਲਾਈ $34.6 ਮਿਲੀਅਨ ਦੀ ਕੀਤੀ ਹੈ।

ਹਾਲਾਂਕਿ ਛੋਟ ਸੂਚੀ ਕਾਫ਼ੀ ਵੱਡੀ ਹੈ, ਪਰ ਇਨ੍ਹਾਂ ਸ਼੍ਰੇਣੀਆਂ ਵਿਚ ਭਾਰਤ ਦੀ ਮੌਜੂਦਗੀ ਅਜੇ ਸੀਮਤ ਹੈ। ਕਈ ਮਹੱਤਵਪੂਰਨ ਵਸਤੂਆਂ ਜਿਵੇਂ ਕਿ ਤਾਜ਼ੇ ਜਾਂ ਡਰਾਈ ਟਮਾਟਰ, ਅਤੇ ਖੱਟੇ ਫਲ (ਸੰਤਰੇ, ਨਿੰਬੂ, ਆਦਿ) ਵਿਚ ਭਾਰਤ ਦਾ ਨਿਰਯਾਤ ਵਰਤਮਾਨ ਵਿਚ ਜ਼ੀਰੋ ਹੈ। ਇਸ ਲਈ, ਇਸ ਟੈਰਿਫ ਸ਼ਿਫਟ ਨੇ ਭਾਰਤੀ ਕਿਸਾਨਾਂ ਅਤੇ ਨਿਰਯਾਤਕਾਂ ਲਈ ਅਮਰੀਕੀ ਬਾਜ਼ਾਰ ਵਿਚ ਆਪਣੀ ਹਿੱਸੇਦਾਰੀ ਵਧਾਉਣ ਦਾ ਇੱਕ ਮਹੱਤਵਪੂਰਨ ਮੌਕਾ ਪੈਦਾ ਕਰ ਦਿੱਤਾ ਹੈ।

# ਅਮਰੀਕਾ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ ਦਾ ਕਰ ਰਿਹੈ ਸਾਹਮਣਾ

**■ ਇਮੀਗ੍ਰੇਸ਼ਨ 'ਤੇ ਸਖਤੀ ਵਰਤ ਰਹੇ ਰਾਸ਼ਟਰਪਤੀ ਟਰੰਪ ਦੇ ਤੇਵਰ ਢਿੱਲੇ ਪੈਣ ਲੱਗੇ!**

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ, ਜੋ ਅਮਰੀਕਾ ਵਿਚ ਇਮੀਗ੍ਰੇਸ਼ਨ 'ਤੇ ਸਖ਼ਤੀ ਵਰਤ ਰਹੇ ਸਨ, ਦੇ ਤੇਵਰ ਹੁਣ ਢਿੱਲੇ ਪੈਣ ਲੱਗੇ ਹਨ। ਦਰਅਸਲ ਪ੍ਰਵਾਸੀ ਪੇਸ਼ੇਵਰਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਨ ਵਾਲਾ ਅਮਰੀਕਾ ਹੁਣ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਅਮਰੀਕੀ ਆਟੋ ਉਦਯੋਗ ਮਕੈਨਿਕ ਦੇ ਅਹੁਦੇ ਲਈ 1 ਕਰੋੜ ਰੁਪਏ ਤੱਕ ਦੀ ਸਾਲਾਨਾ ਤਨਖਾਹ ਦੀ ਪੇਸ਼ਕਸ਼ ਕਰ ਰਿਹਾ ਹੈ, ਫਿਰ ਵੀ ਲੋਕ ਇਨ੍ਹਾਂ ਅਹੁਦਿਆਂ ਨੂੰ ਜੁਆਇਨ ਕਰਨ ਲਈ ਅੱਗੇ ਨਹੀਂ ਆ ਰਹੇ। ਆਪਣੀ ਤਕਨਾਲੋਜੀ ਅਤੇ ਆਟੋ ਉਦਯੋਗ ਲਈ ਦੁਨੀਆਂ ਭਰ ਵਿਚ ਮਸ਼ਹੂਰ ਅਮਰੀਕਾ ਹੁਣ ਇਸ ਸੰਕਟ ਨਾਲ ਜੂਝ ਰਿਹਾ ਹੈ। ਦੇਸ਼ ਭਰ ਵਿਚ 10 ਲੱਖ ਤੋਂ ਵੱਧ ਮਹੱਤਵਪੂਰਨ ਨੌਕਰੀਆਂ ਖਾਲੀ ਹਨ, ਜਿਨ੍ਹਾਂ ਵਿਚ ਪਲੰਬਰ, ਇਲੈਕਟ੍ਰੀਸ਼ੀਅਨ, ਫੈਕਟਰੀ ਵਰਕਰ ਅਤੇ ਟਰੱਕ ਡਰਾਈਵਰ ਆਦਿ ਸ਼ਾਮਲ ਹਨ। ਫੋਰਡ ਮੋਟਰ ਕੰਪਨੀ ਦੇ ਸੀ.ਈ.ਓ. ਜਿਮ ਫਾਰਲੇ ਨੇ ਇਕ ਪੌਡਕਾਸਟ ਵਿਚ ਕਿਹਾ ਕਿ ਇਹ ਇਕ ਵੇਕਅੱਪ ਕਾਲ ਹੈ। ਉਨ੍ਹਾਂ ਕਿਹਾ ਕਿ ਅਸਲ ਸਮੱਸਿਆ ਸਿਸਟਮ ਵਿਚ ਹੈ। ਉਨ੍ਹਾਂ ਦੱਸਿਆ ਕਿ ਫੋਰਡ ਸੁਪਰ ਡਿਊਟੀ ਟਰੱਕ 'ਚੋਂ ਡੀਜ਼ਲ ਇੰਜਣ ਨੂੰ ਕਿਵੇਂ ਕੱਢਣਾ ਹੈ, ਇਸ ਬਾਰੇ ਸਿੱਖਣ ਵਿਚ ਲਗਭਗ ਪੰਜ ਸਾਲ ਲੱਗਦੇ ਹਨ ਪਰ ਅੱਜ ਦੇ ਨੌਜਵਾਨਾਂ ਵਿਚ ਉਸ ਤਕਨੀਕੀ ਐਕਸਪੋਜ਼ਰ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਅਮਰੀਕਾ ਉੱਚ-ਤਕਨੀਕੀ ਉਤਪਾਦਾਂ ਅਤੇ ਏ.ਆਈ. ਵਿਚ ਦੁਨੀਆਂ ਦੀ ਅਗਵਾਈ ਕਰ ਰਿਹਾ ਹੈ, ਅਸੀਂ ਮੈਨੂਅਲ ਸਕਿੱਲਜ਼ ਦੇ ਖੇਤਰ ਵਿਚ ਬੁਰੀ ਤਰ੍ਹਾਂ ਪਿਛੜ ਰਹੇ ਹਾਂ। ਵੱਡੀਆਂ ਫੈਕਟਰੀਆਂ, ਸੇਵਾ ਕੇਂਦਰ ਅਤੇ ਟਰੱਕਿੰਗ ਨੈੱਟਵਰਕ ਲੋਕਾਂ ਨੂੰ ਲੱਭਣ ਲਈ ਸੰਘਰਸ਼ ਕਰ ਰਹੇ ਹਨ, ਜਿਸ ਨਾਲ ਉਤਪਾਦਨ ਅਤੇ ਸੇਵਾ ਪ੍ਰਦਾਨ ਕਰਨ 'ਤੇ ਅਸਰ ਪੈ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਾਊਦੀ ਅਰਬ 'ਚ ਭਿਆਨਕ ਸੜਕ ਹਾਦਸੇ 'ਚ 42 ਭਾਰਤੀ ਤੀਰਥ ਯਾਤਰੀਆਂ ਦੀ ਹੋਈ ਮੌਤ

**ਸਾਊਦੀ ਅਰਬ, (ਪੰਜਾਬ ਮੇਲ)**- ਸਾਊਦੀ ਅਰਬ ਤੋਂ ਇਕ ਬੇਹੱਦ ਦਿਲ ਦਹਿਲਾ ਦੇਣ ਵਾਲੀ ਖ਼ਬਰ ਆਈ ਹੈ, ਜਿੱਥੇ ਸੋਮਵਾਰ ਤੜਕੇ ਲਗਭਗ 01:30 ਵਜੇ (ਭਾਰਤੀ ਸਮੇਂ ਅਨੁਸਾਰ) ਇੱਕ ਯਾਤਰੀ ਬੱਸ ਦੀ ਡੀਜ਼ਲ ਟੈਂਕਰ ਨਾਲ ਭਿਆਨਕ ਟੱਕਰ ਹੋ ਗਈ, ਜਿਸ ਕਾਰਨ ਘੱਟੋ-ਘੱਟ 42 ਭਾਰਤੀ ਉਮਰਾਹ ਜ਼ਾਇਰੀਨ (ਤੀਰਥ ਯਾਤਰੀਆਂ) ਦੀ ਮੌਤ ਹੋਣ ਦੀ ਆਸ਼ੰਕਾ ਜਤਾਈ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਯਾਤਰੀਆਂ ਨਾਲ ਭਰੀ ਇਹ ਬੱਸ ਮੱਕਾ ਤੋਂ ਮਦੀਨਾ ਵੱਲ ਜਾ ਰਹੀ ਸੀ। ਜ਼ਾਇਰੀਨ ਮੱਕਾ ਵਿਚ ਆਪਣੀਆਂ ਪਵਿੱਤਰ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਮਦੀਨਾ ਜਾ ਰਹੇ ਸਨ। ਰਾਤ ਦਾ ਸਮਾਂ ਹੋਣ ਕਾਰਨ ਸਾਰੇ ਯਾਤਰੀ ਗੂੜ੍ਹੀ ਨੀਂਦ ਵਿਚ ਸਨ ਕਿ ਇਹ ਅਣਹੋਣੀ ਵਾਪਰ ਗਈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਕਤ ਲੋਕ ਹੈਦਰਾਬਾਦ ਤੇ ਤੇਲੰਗਾਨਾ ਤੋਂ ਸਾਊਦੀ ਗਏ ਸਨ, ਜਿਨ੍ਹਾਂ 'ਚ 20 ਔਰਤਾਂ ਅਤੇ 11 ਬੱਚੇ ਵੀ ਸ਼ਾਮਲ ਹਨ।

ਹਾਲਾਂਕਿ ਜਾਨ-ਮਾਲ ਦੇ ਨੁਕਸਾਨ ਦੀ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ, ਪਰ ਸਥਾਨਕ ਸੂਤਰਾਂ ਦਾ ਮੰਨਣਾ ਹੈ ਕਿ ਟੱਕਰ ਤੋਂ ਬਾਅਦ 40 ਤੋਂ ਵੱਧ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਫਿਲਹਾਲ ਰਾਹਤ ਤੇ ਬਚਾਅ ਕਾਰਜ ਜਾਰੀ ਹਨ ਅਤੇ ਸਥਾਨਕ ਨਿਵਾਸੀ ਵੀ ਗੰਭੀਰ ਰੂਪ ਵਿਚ ਜ਼ਖਮੀ ਹੋਏ ਲੋਕਾਂ ਦੀ ਮਦਦ ਲਈ ਮੌਕੇ 'ਤੇ ਪਹੁੰਚ ਗਏ ਹਨ।

# ਏਅਰ ਇੰਡੀਆ ਦਿੱਲੀ-ਸ਼ੰਘਾਈ ਲਈ 1 ਫਰਵਰੀ, 2026 ਤੋਂ ਮੁੜ ਉਡਾਣਾਂ ਕਰੇਗੀ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)**- ਏਅਰ ਇੰਡੀਆ 1 ਫਰਵਰੀ 2026 ਤੋਂ ਦਿੱਲੀ ਅਤੇ ਸ਼ੰਘਾਈ ਦਰਮਿਆਨ ਉਡਾਣਾਂ ਮੁੜ ਸ਼ੁਰੂ ਕਰੇਗੀ। ਹੁਣ ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰਲਾਈਨ ਨੇ 2020 ਦੇ ਸ਼ੁਰੂ ਵਿਚ ਕੋਰੋਨਾਵਾਇਰਸ ਮਹਾਂਮਾਰੀ ਦੇ ਮੱਦੇਨਜ਼ਰ ਸ਼ੰਘਾਈ ਲਈ ਸੇਵਾਵਾਂ ਬੰਦ ਕਰ ਦਿੱਤੀਆਂ ਸਨ ਅਤੇ ਉਸ ਸਮੇਂ ਘਾਟੇ ਵਿਚ ਚੱਲ ਰਹੀ ਏਅਰਲਾਈਨ ਸਰਕਾਰ ਦੀ ਮਲਕੀਅਤ ਵਿਚ ਸੀ। ਅਗਲੇ ਸਾਲ 1 ਫਰਵਰੀ ਤੋਂ ਦਿੱਲੀ-ਸ਼ੰਘਾਈ (ਪੀ.ਵੀ.ਜੀ.) ਉਡਾਣਾਂ ਮੁੜ ਸ਼ੁਰੂ ਕਰਨ ਬਾਰੇ ਘੋਸ਼ਣਾ ਕਰਦੇ ਹੋਏ, ਏਅਰ ਇੰਡੀਆ ਨੇ ਇਹ ਵੀ ਕਿਹਾ




ਕਿ ਉਹ 2026 ਵਿਚ ਰੈਗੂਲੇਟਰੀ ਮਨਜ਼ੂਰੀਆਂ ਦੇ ਅਧੀਨ ਮੁੰਬਈ ਅਤੇ ਸ਼ੰਘਾਈ ਦਰਮਿਆਨ ਨਾਨ-ਸਟਾਪ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ।

ਏਅਰ ਇੰਡੀਆ ਦਿੱਲੀ ਅਤੇ ਸ਼ੰਘਾਈ ਦਰਮਿਆਨ ਹਫ਼ਤੇ ਵਿਚ ਚਾਰ ਵਾਰ ਆਪਣੀ ਬੋਇੰਗ 787-8 ਏਅਰਕ੍ਰਾਫਟ ਨਾਲ ਉਡਾਣਾਂ ਦਾ ਸੰਚਾਲਨ ਕਰੇਗੀ, ਜਿਸ ਵਿਚ 18 ਬਿਜ਼ਨਸ ਅਤੇ 238 ਇਕੋਨਮੀ ਕਲਾਸ ਸੀਟਾਂ ਹੋਣਗੀਆਂ। ਏਅਰਲਾਈਨ ਨੇ ਇੱਕ ਰਿਲੀਜ਼ ਵਿਚ ਕਿਹਾ ਕਿ ਸ਼ੰਘਾਈ ਏਅਰ ਇੰਡੀਆ ਗਰੁੱਪ ਵੱਲੋਂ ਸੇਵਾ ਦਿੱਤੀ ਜਾਣ ਵਾਲੀ 48ਵੀਂ ਅੰਤਰਰਾਸ਼ਟਰੀ ਮੰਜ਼ਿਲ ਹੋਵੇਗੀ। ਰਿਲੀਜ਼ ਵਿਚ ਕਿਹਾ ਗਿਆ ਹੈ, "ਏਅਰ ਇੰਡੀਆ ਦੀਆਂ ਸ਼ੰਘਾਈ ਸੇਵਾਵਾਂ ਦੀ ਬਹਾਲੀ ਭਾਰਤ-ਚੀਨ ਦੇ ਹਾਲ ਹੀ ਦੇ ਕੂਟਨੀਤਕ ਸਮਝੌਤਿਆਂ ਦੀ ਪਾਲਣਾ ਕਰਦੀ ਹੈ, ਜਿਸ ਨੇ 2020 ਦੇ ਸ਼ੁਰੂ ਵਿਚ ਰੋਕ ਦਿੱਤੇ ਗਏ ਹਵਾਈ ਸੰਪਰਕਾਂ ਨੂੰ ਬਹਾਲ ਕੀਤਾ। ਏਅਰ ਇੰਡੀਆ ਨੇ ਸਭ ਤੋਂ ਪਹਿਲਾਂ ਅਕਤੂਬਰ 2000 ਵਿਚ ਮੁੱਖ ਭੂਮੀ ਚੀਨ ਲਈ ਨਾਨ-ਸਟਾਪ ਸੇਵਾਵਾਂ ਸ਼ੁਰੂ ਕੀਤੀਆਂ ਸਨ।"

ਭਾਰਤ ਅਤੇ ਚੀਨ ਦਰਮਿਆਨ ਸਿੱਧੀਆਂ ਉਡਾਣਾਂ 26 ਅਕਤੂਬਰ ਨੂੰ ਮੁੜ ਸ਼ੁਰੂ ਹੋਈਆਂ ਹਨ। ਹਾਲ ਹੀ ਦੀਆਂ ਕੂਟਨੀਤਕ ਪਹਿਲਕਦਮੀਆਂ ਤੋਂ ਬਾਅਦ ਇੰਡੀਗੋ ਨੇ 26 ਅਕਤੂਬਰ ਨੂੰ ਕੋਲਕਾਤਾ ਅਤੇ ਗੁਆਂਗਜ਼ੂ ਦਰਮਿਆਨ ਉਡਾਣਾਂ ਮੁੜ ਸ਼ੁਰੂ ਕੀਤੀਆਂ ਅਤੇ 10 ਨਵੰਬਰ ਨੂੰ ਕੌਮੀ ਰਾਜਧਾਨੀ ਤੋਂ ਗੁਆਂਗਜ਼ੂ ਲਈ ਸੇਵਾਵਾਂ ਸ਼ੁਰੂ ਕੀਤੀਆਂ। ਚਾਈਨਾ ਈਸਟਰਨ ਏਅਰਲਾਈਨਜ਼ ਨੇ 9 ਨਵੰਬਰ ਨੂੰ ਸਿੱਧੀਆਂ ਦਿੱਲੀ-ਸ਼ੰਘਾਈ ਉਡਾਣਾਂ ਸ਼ੁਰੂ ਕੀਤੀਆਂ।

ਸਫਾ 1 ਦਾ ਬਾਕੀ

## ਗੋਲੀਬਾਰੀ ਦੀਆਂ ਘਟਨਾਵਾਂ ਨਾਲ ਦਹਿਲਿਆ...

ਅਣਪਛਾਤੇ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਨੂੰ ਗੋਲੀ ਮਾਰ ਕੇ ਫ਼ਰਾਰ ਹੋ ਗਏ। ਜਾਣਕਾਰੀ ਅਨੁਸਾਰ ਪਹਿਲਦੀਪ ਸਿੰਘ ਆਪਣੀ ਐਕਟਿਵਾ 'ਤੇ ਆਪਣੇ ਘਰ ਘੁੰਮਣ ਕਲਾਂ ਜਾ ਰਿਹਾ ਸੀ ਕਿ ਵੱਡੇ ਘੁੰਮਣ ਪਿੰਡ ਨੇੜੇ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀ ਚਲਾ ਦਿੱਤੀ ਗਈ। ਗੋਲੀ ਪਹਿਲਦੀਪ ਸਿੰਘ ਦੇ ਗਲੇ ਨੂੰ ਛੂੰਹਦੀ ਹੋਈ ਨਿਕਲ ਗਈ, ਜਿਸ ਕਾਰਨ ਪਹਿਲਦੀਪ ਸਿੰਘ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਤੁਰੰਤ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪੁਲਿਸ ਦੇ ਇੱਕ ਅਧਿਕਾਰੀ ਨੇ ਵਾਰਦਾਤ ਦੀ ਪੁਸ਼ਟੀ ਕੀਤੀ ਹੈ। ਪਹਿਲਦੀਪ ਸਿੰਘ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਸਾਬਕਾ ਵਿਧਾਇਕ ਹਰਬੰਸ ਸਿੰਘ ਘੁੰਮਣ ਦਾ ਪੋਤਰਾ ਹੈ।

ਸਫਾ 1 ਦਾ ਬਾਕੀ

## ਭਾਰਤੀ ਚੋਣ ਕਮਿਸ਼ਨ ਵਲੋਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਤਲਬ...

ਇਹ ਵੀ ਦੱਸਣਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਉਪ-ਚੋਣ ਲਈ ਅਬਜ਼ਰਵਰ ਵਜੋਂ ਤਾਇਨਾਤ ਅਫਸਰ ਸ਼ਾਇਨੀ ਐੱਸ. ਦੀ ਰਿਪੋਰਟ ਵਿਚ ਤਰਨਤਾਰਨ, ਅੰਮ੍ਰਿਤਸਰ, ਬਟਾਲਾ ਤੇ ਮੋਗਾ ਜ਼ਿਲ੍ਹਿਆਂ ਵਿਚ ਪੰਜਾਬ ਪੁਲਸ ਵੱਲੋਂ 'ਨਿਰਪੱਖ ਵਤੀਰੇ 'ਚ ਗੰਭੀਰ ਕੁਤਾਹੀ' ਤੇ 'ਸੰਗਠਿਤ ਕਾਰਵਾਈ' ਨੂੰ ਉਜਾਗਰ ਕਰਦੇ ਹੋਏ ਆਪਣੀ ਰਿਪੋਰਟ ਚੋਣ ਕਮਿਸ਼ਨ ਨੂੰ ਭੇਜੀ ਗਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ਜ਼ਿਲ੍ਹਿਆਂ ਦੀ ਪੁਲਿਸ ਵੱਲੋਂ ਅਕਾਲੀ ਦਲ ਦੇ ਵਰਕਰਾਂ ਖ਼ਿਲਾਫ਼ ਦਰਜ ਕੀਤੇ ਗਏ ਮਾਮਲੇ ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ 'ਚ ਤਾਲਮੇਲ ਨਜ਼ਰ ਆਉਂਦਾ ਹੈ। ਸੰਭਵ ਤੌਰ 'ਤੇ ਇਹੀ ਕਾਰਨ ਸੀ ਕਿ ਡਾ. ਰਵਜੋਤ ਕੌਰ ਗਰੇਵਾਲ ਨੂੰ ਸਸਪੈਂਡ ਕਰਨ ਅਤੇ ਡੀ.ਜੀ.ਪੀ. ਤੋਂ ਰਿਪੋਰਟ ਤਲਬ ਕਰਨ ਦਾ ਕਦਮ ਈ.ਸੀ.ਆਈ. ਵੱਲੋਂ ਚੁੱਕਿਆ ਗਿਆ ਸੀ।

ਚੋਣ ਕਮਿਸ਼ਨ ਵੱਲੋਂ ਡੀ.ਜੀ.ਪੀ. ਗੌਰਵ ਯਾਦਵ ਨੂੰ 36 ਘੰਟਿਆਂ ਅੰਦਰ ਕਾਰਵਾਈ ਰਿਪੋਰਟ ਪੇਸ਼ ਕਰਨ ਅਤੇ ਕਥਿਤ ਗਲਤ ਗ੍ਰਿਫ਼ਤਾਰੀਆਂ ਦੀ ਸਮੀਖਿਆ ਲਈ ਇਕ ਸੀਨੀਅਰ ਅਫਸਰ (ਅਡੀਸ਼ਨਲ ਡੀ.ਜੀ.ਪੀ. ਦੇ ਰੈਂਕ ਤੋਂ ਹੇਠਾਂ ਦਾ ਨਹੀਂ) ਨੂੰ ਤਾਇਨਾਤ ਕਰਨ ਦਾ ਹੁਕਮ ਦਿੱਤਾ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਵੱਲੋਂ ਸਾਊਦੀ ਅਰਬ ਨੂੰ ਐੱਫ-35 ਲੜਾਕੂ ਜਹਾਜ਼ ਵੇਚਣ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਸਾਊਦੀ ਅਰਬ ਨੂੰ ਦੁਨੀਆਂ ਦਾ ਸਭ ਤੋਂ ਉੱਨਤ ਐੱਫ-35 ਲੜਾਕੂ ਜਹਾਜ਼ ਵੇਚਣਗੇ। ਇਹ ਐਲਾਨ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਸੱਤ ਸਾਲਾਂ ਵਿਚ ਵਾਸ਼ਿੰਗਟਨ ਦੇ ਪਹਿਲੇ ਦੌਰੇ ਤੋਂ ਇੱਕ ਦਿਨ ਪਹਿਲਾਂ ਆਇਆ ਹੈ। ਟਰੰਪ ਨੇ ਕਿਹਾ, "ਹਾਂ, ਅਸੀਂ ਅਜਿਹਾ ਕਰਾਂਗੇ। ਅਸੀਂ ਐੱਫ-35 ਵੇਚ ਰਹੇ ਹਾਂ।" ਕਰਾਊਨ ਪ੍ਰਿੰਸ ਅਮਰੀਕਾ ਤੋਂ ਦੋ ਵੱਡੀਆਂ ਮੰਗਾਂ ਕਰ ਰਹੇ ਹਨ: ਸਾਊਦੀ ਅਰਬ ਦੀ ਫੌਜੀ ਸੁਰੱਖਿਆ ਦੀ ਲਿਖਤੀ ਗਾਰੰਟੀ ਅਤੇ ਐੱਫ-35 ਜਹਾਜ਼ ਖਰੀਦਣ ਦਾ ਸਮਝੌਤਾ।

ਹਾਲਾਂਕਿ, ਟਰੰਪ ਪ੍ਰਸ਼ਾਸਨ ਦੇ ਅੰਦਰ ਕੁਝ ਅਧਿਕਾਰੀ ਚਿੰਤਤ ਹਨ ਕਿ ਇਹ ਤਕਨਾਲੋਜੀ ਚੀਨ ਦੇ ਹੱਥਾਂ ਵਿਚ ਵੀ ਆ ਸਕਦੀ ਹੈ, ਕਿਉਂਕਿ ਹਾਲ ਹੀ ਦੇ ਸਾਲਾਂ ਵਿਚ ਸਾਊਦੀ ਅਰਬ ਅਤੇ ਡਰੈਗਨ ਦੇ ਸਬੰਧ ਬਹੁਤ ਨਜ਼ਦੀਕੀ ਹੋ ਗਏ ਹਨ। ਪਿਛਲੇ ਮਹੀਨੇ ਦੋਵਾਂ ਦੇਸ਼ਾਂ ਨੇ ਸਾਊਦੀ ਅਰਬ ਵਿਚ ਸਾਂਝੇ ਜਲ ਸੈਨਾ ਅਭਿਆਸ ਕੀਤੇ। 2023 ਵਿਚ ਚੀਨ ਸਾਊਦੀ ਅਰਬ ਅਤੇ ਈਰਾਨ ਵਿਚਕਾਰ ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਲਈ ਜ਼ਿੰਮੇਵਾਰ ਸੀ। ਟਰੰਪ ਇਸ ਸੌਦੇ ਨਾਲ ਸਾਊਦੀ ਅਰਬ ਨੂੰ ਇਜ਼ਰਾਈਲ ਨਾਲ ਰਿਸ਼ਤੇ ਆਮ ਕਰਨ (ਇਬਰਾਹਿਮ ਸਮਝੌਤੇ 'ਚ ਸ਼ਾਮਲ ਹੋਣ) ਲਈ ਦਬਾਅ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ, "ਮੈਨੂੰ ਉਮੀਦ ਹੈ ਕਿ ਸਾਊਦੀ ਅਰਬ ਜਲਦੀ ਹੀ ਇਬਰਾਹਿਮ ਸਮਝੌਤੇ ਵਿਚ ਸ਼ਾਮਲ ਹੋ ਜਾਵੇਗਾ।"

ਹਾਲਾਂਕਿ, ਸਾਊਦੀ ਅਰਬ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਇਜ਼ਰਾਈਲ ਨਾਲ ਸਬੰਧਾਂ ਨੂੰ ਆਮ ਨਹੀਂ ਕਰੇਗਾ, ਜਦੋਂ ਤੱਕ ਫਲਸਤੀਨ ਨੂੰ ਆਜ਼ਾਦੀ ਦਾ ਰਸਤਾ ਨਹੀਂ ਦਿੱਤਾ ਜਾਂਦਾ। ਮਾਹਿਰ ਬ੍ਰੈਡਲੀ ਬੋਮੈਨ ਨੇ ਕਿਹਾ, "ਟਰੰਪ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪਹਿਲਾ ਐੱਫ-35 ਉਦੋਂ ਤੱਕ ਨਹੀਂ ਦਿੱਤਾ ਜਾਵੇਗਾ, ਜਦੋਂ ਤੱਕ ਸਾਊਦੀ ਅਰਬ ਇਜ਼ਰਾਈਲ ਨਾਲ ਸਬੰਧਾਂ ਨੂੰ ਆਮ ਨਹੀਂ ਕਰਦਾ। ਨਹੀਂ ਤਾਂ, ਉਹ ਆਪਣੀ ਸ਼ਕਤੀ ਨੂੰ ਕਮਜ਼ੋਰ ਕਰ ਰਹੇ ਹੋਣਗੇ।" ਮਨੁੱਖੀ ਅਧਿਕਾਰ ਕਾਰਕੁਨ ਇਸ ਸੌਦੇ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਕ੍ਰਾਊਨ ਪ੍ਰਿੰਸ 'ਤੇ 2018 ਵਿਚ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਦਾ ਦੋਸ਼ ਹੈ, ਜਿਸ ਨੂੰ ਉਹ ਲਗਾਤਾਰ ਨਕਾਰਦੇ ਰਹੇ ਹਨ।

ਐੱਫ-35 ਲਾਈਟਨਿੰਗ-2 ਦੁਨੀਆਂ ਦਾ ਸਭ ਤੋਂ ਉੱਨਤ ਪੰਜਵੀਂ ਪੀੜ੍ਹੀ ਦਾ ਸਟੀਲਥ ਲੜਾਕੂ ਜਹਾਜ਼ ਹੈ। ਇਹ ਰਾਡਾਰ ਲਈ ਲਗਭਗ ਅਦਿੱਖ ਹੈ, ਭਾਵ ਇਸ ਨੂੰ ਦੁਸ਼ਮਣ ਦੁਆਰਾ ਆਸਾਨੀ ਨਾਲ ਖੋਜਿਆ ਨਹੀਂ ਜਾ ਸਕਦਾ। ਇਹ ਸੁਪਰਸੋਨਿਕ ਗਤੀ, ਲੰਬੀ ਦੂਰੀ ਦੇ ਹਥਿਆਰਾਂ ਅਤੇ ਸਭ ਤੋਂ ਉੱਨਤ ਸੈਂਸਰਾਂ ਨਾਲ ਤਿਆਰ ਕੀਤਾ ਗਿਆ ਹੈ। ਇੱਕ ਸਿੰਗਲ ਜਹਾਜ਼ ਜ਼ਮੀਨ, ਸਮੁੰਦਰ ਅਤੇ ਹਵਾ 'ਤੇ ਨਿਸ਼ਾਨਿਆਂ 'ਤੇ ਹਮਲਾ ਕਰ ਸਕਦਾ ਹੈ। ਇਹ ਪਾਇਲਟ ਨੂੰ 360-ਡਿਗਰੀ ਦ੍ਰਿਸ਼ ਪ੍ਰਦਾਨ ਕਰਦਾ ਹੈ ਅਤੇ ਦੂਜੇ ਜਹਾਜ਼ਾਂ ਅਤੇ ਡਰੋਨਾਂ ਨਾਲ ਸਿੱਧਾ ਡਾਟਾ ਸਾਂਝਾ ਕਰ ਸਕਦਾ ਹੈ। ਅਮਰੀਕਾ ਨੇ ਇਹ ਸਿਰਫ਼ ਆਪਣੇ ਨਜ਼ਦੀਕੀ ਸਹਿਯੋਗੀਆਂ ਨੂੰ ਹੀ ਪ੍ਰਦਾਨ ਕੀਤਾ ਹੈ।

# ਰੂਸ-ਯੂਕਰੇਨ ਵਿਚਾਲੇ ਮੁੜ ਸ਼ੁਰੂ ਹੋਵੇਗੇ ਬੰਦੀਆਂ ਦਾ ਆਦਾਨ-ਪ੍ਰਦਾਨ !

**ਕੀਵ, (ਪੰਜਾਬ ਮੇਲ)-** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਐਤਵਾਰ ਨੂੰ ਕਿਹਾ ਕਿ ਯੂਕਰੇਨ ਅਤੇ ਰੂਸ ਕੈਦੀਆਂ ਦੇ ਆਦਾਨ-ਪ੍ਰਦਾਨ ਨੂੰ ਮੁੜ ਸ਼ੁਰੂ ਕਰਨ ਲਈ ਕੰਮ ਕਰ ਰਹੇ ਹਨ ਜਿਸ ਨਾਲ 1,200 ਯੂਕਰੇਨੀ ਕੈਦੀਆਂ ਦੀ ਵਾਪਸੀ ਸੰਭਵ ਹੋ ਸਕੇ। ਜ਼ੈਲੇਂਸਕੀ ਦਾ ਇਹ ਬਿਆਨ ਰਾਸ਼ਟਰੀ ਸੁਰੱਖਿਆ ਮੁਖੀ ਵੱਲੋਂ ਗੱਲਬਾਤ ਵਿਚ ਪ੍ਰਗਤੀ ਦਾ ਐਲਾਨ ਕਰਨ ਤੋਂ ਇੱਕ ਦਿਨ ਬਾਅਦ ਆਇਆ ਹੈ।

ਉਨ੍ਹਾਂ ਕਿਹਾ, "ਸਾਨੂੰ ਭਰੋਸਾ ਹੈ ਕਿ ਜੰਗੀ ਕੈਦੀਆਂ ਦੇ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਦੁਬਾਰਾ ਸ਼ੁਰੂ ਹੋਵੇਗੀ। ਇਸ ਨੂੰ ਯਕੀਨੀ ਬਣਾਉਣ ਲਈ ਇਸ ਸਮੇਂ ਕਈ ਮੀਟਿੰਗਾਂ, ਗੱਲਬਾਤਾਂ ਅਤੇ ਫ਼ੋਨ ਗੱਲਬਾਤ ਚੱਲ ਰਹੀ ਹੈ।" ਯੂਕਰੇਨ ਦੀ ਰਾਸ਼ਟਰੀ ਸੁਰੱਖਿਆ ਅਤੇ ਰੱਖਿਆ ਪ੍ਰੀਸ਼ਦ ਦੇ ਸਕੱਤਰ ਰੁਸਤਮ ਉਮਰੋਵ ਨੇ ਸ਼ਨੀਵਾਰ ਨੂੰ ਕਿਹਾ ਕਿ ਕੈਦੀਆਂ ਦੇ ਆਦਾਨ-ਪ੍ਰਦਾਨ ਨੂੰ ਮੁੜ ਸ਼ੁਰੂ ਕਰਨ ਲਈ ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਗੱਲਬਾਤ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਦੋਵੇਂ ਧਿਰਾਂ ਤੁਰਕੀ ਦੀ ਵਿਚੋਲਗੀ 'ਚ 1,200 ਯੂਕ੍ਰੇਨੀ ਲੋਕਾਂ ਨੂੰ ਰਿਹਾਅ ਕਰਨ ਲਈ ਕੈਦੀਆਂ ਦੇ ਆਦਾਨ-ਪ੍ਰਦਾਨ ਸਮਝੌਤੇ ਦੁਬਾਰਾ ਸ਼ੁਰੂ ਕਰਨ 'ਤੇ ਸਹਿਮਤ ਹੋਈਆਂ ਹਨ। ਫਿਲਹਾਲ ਰੂਸ ਨੇ ਇਸ ਦਾਅਵੇ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ 'ਚ ਵਾਪਰੇ ਟਰੱਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

**ਪੰਜਾਬ ਪੁਲਿਸ 'ਚ ਥਾਣੇਦਾਰ ਦੇ ਇਕਲੌਤੇ ਪੁੱਤ ਸੀ ਮ੍ਰਿਤਕ ਨੌਜਵਾਨ**

**ਝਬਾਲ, (ਪੰਜਾਬ ਮੇਲ)-** 6 ਸਾਲ ਪਹਿਲਾਂ ਰੋਜ਼ਗਾਰ ਖਾਤਰ ਸਟੱਡੀ ਵੀਜ਼ੇ 'ਤੇ ਕੈਨੇਡਾ ਗਏ ਝਬਾਲ ਦੇ ਪੰਜਾਬ ਪੁਲਿਸ 'ਚ ਥਾਣੇਦਾਰ ਮਨਜੀਤ ਸਿੰਘ ਢਿੱਲੋਂ ਦੇ ਇਕਲੌਤੇ ਪੁੱਤਰ ਦੀ ਕੈਨੇਡਾ ਵਿਖੇ ਟਰੱਕ ਹਾਦਸੇ 'ਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣੇਦਾਰ ਸਲਵਿੰਦਰ ਸਿੰਘ ਅਤੇ ਡਾ. ਸੋਨੂੰ ਝਬਾਲ ਅਨੁਸਾਰ ਉਨ੍ਹਾਂ ਦਾ ਭਤੀਜਾ ਦਿਲਪ੍ਰੀਤ ਸਿੰਘ ਪੁੱਤਰ ਥਾਣੇਦਾਰ ਮਨਜੀਤ ਸਿੰਘ ਜੋ 6 ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ ਅਤੇ ਹੁਣ ਪੜ੍ਹਾਈ ਪੂਰੀ ਹੋਣ ਉਪਰੰਤ ਉਥੇ ਟਰੱਕ ਚਲਾ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਬਰੈਂਪਟਨ ਲਈ ਉਹ ਟਰੱਕ ਚਲਾ ਰਿਹਾ ਸੀ ਕਿ ਅੱਗੇ ਅਚਾਨਕ ਸੜਕ 'ਤੇ ਖੜ੍ਹੇ ਇਕ ਹੋਰ ਟਰੱਕ ਨਾਲ ਉਸ ਦੀ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿਚ ਦਿਲਪ੍ਰੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਦੱਸਣਯੋਗ ਹੈ ਕਿ ਦਿਲਪ੍ਰੀਤ ਸਿੰਘ ਮਾਪਿਆਂ ਦਾ ਇਕਲੌਤਾ ਪੁੱਤ ਸੀ ਅਤੇ ਉਸਦੇ ਮਾਤਾ-ਪਿਤਾ ਉਸ ਨੂੰ ਕੈਨੇਡਾ ਵਿਖੇ ਮਿਲਣ ਗਏ ਹੋਏ ਸਨ, ਜਦੋਂਕਿ ਉਸ ਦੀ ਮਾਤਾ ਪੁੱਤ ਨੂੰ ਮਿਲ ਕੇ ਵਾਪਸ ਪਿੰਡ ਝਬਾਲ ਪਰਤੀ ਸੀ ਅਤੇ ਪਿਤਾ ਮਨਜੀਤ ਸਿੰਘ ਨੇ ਅਗਲੇ ਮਹੀਨੇ ਲੜਕੇ ਦਿਲਪ੍ਰੀਤ ਸਿੰਘ ਦੇ ਨਾਲ ਹੀ ਵਾਪਸ ਇੰਡੀਆ ਆਉਣਾ ਸੀ।

# ਕੈਨੇਡਾ 'ਚ ਮਾਰਕ ਕਾਰਨੀ ਸਰਕਾਰ ਬਜਟ ਵੋਟਿੰਗ ਮੌਕੇ ਟੁੱਟਣੋਂ ਬਚੀ

**ਬਜਟ ਬਹੁਮਤ ਨਾਲ ਪਾਸ**



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਲਿਬਰਲ ਪਾਰਟੀ ਦੀ ਸਾਢੇ ਛੇ ਮਹੀਨੇ ਪੁਰਾਣੀ ਘੱਟ ਗਿਣਤੀ ਮਾਰਕ ਕਾਰਨੀ ਸਰਕਾਰ ਬਜਟ ਵੋਟਿੰਗ ਮੌਕੇ ਡਿਗਣ ਤੋਂ ਬਚ ਗਈ। 343 ਮੈਂਬਰੀ ਹਾਊਸ ਆਫ ਕਾਮਨ (ਸੰਸਦ) ਵਿਚ ਬਜਟ ਪਾਸ ਕਰਨ ਲਈ 172 ਮੈਂਬਰਾਂ ਦੀ ਲੋੜ ਸੀ, ਪਰ ਲਿਬਰਲ ਪਾਰਟੀ ਦੇ 169 ਮੈਂਬਰ ਹੋਣ ਕਰਕੇ ਤਿੰਨ ਵਿਅਕਤੀਆਂ ਦੀ ਹਮਾਇਤ ਘੱਟ ਰਹੀ ਸੀ। ਪ੍ਰਧਾਨ ਮੰਤਰੀ ਵਲੋਂ ਗਰੀਨ ਪਾਰਟੀ ਦੀ ਇਕਲੌਤੀ ਮੈਂਬਰ ਅਲਿਜਾਬੈਥ ਮੇਅ ਦੀ ਵਾਤਾਵਰਣ ਸਬੰਧੀ ਮੰਗ ਪੂਰੀ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਉਹ ਸਰਕਾਰ ਦੇ ਹੱਕ ਵਿਚ ਖੜ੍ਹ ਗਈ।

ਮੁੱਖ ਵਿਰੋਧੀ ਕੰਜਰਵੇਟਿਵ ਪਾਰਟੀ ਅਤੇ ਐੱਨ.ਡੀ.ਪੀ. ਦੇ ਦੋ-ਦੋ ਮੈਂਬਰ ਹਾਊਸ 'ਚੋਂ ਗੈਰ ਹਾਜ਼ਰ ਰਹੇ। ਚਾਲੂ ਸਾਲ (2025) ਦਾ ਬਜਟ ਜੋ ਆਮ ਤੌਰ 'ਤੇ ਬਸੰਤ ਰੁੱਤ ਸੈਸ਼ਨ (ਫਰਵਰੀ) ਮੌਕੇ ਪਾਸ ਕੀਤਾ ਜਾਂਦਾ ਹੈ, ਨੂੰ ਲਟਕਾਇਆ ਜਾ ਰਿਹਾ ਸੀ। ਇੰਝ ਕੈਨੇਡਾ ਦਾ ਇੱਕ ਸਾਲ ਵਿਚ ਦੂਜੀ ਵਾਰ ਫੈਡਰਲ ਚੋਣ ਹੋਣ ਤੋਂ ਬਚਾਅ ਹੋ ਗਿਆ। ਹਾਲਾਂਕਿ ਇਹ ਮੁੱਦਾ ਕਈ ਦਿਨਾਂ ਤੋਂ ਚਰਚਾ ਵਿਚ ਸੀ। ਕੁਝ ਦਿਨ ਪਹਿਲਾਂ ਵਿਰੋਧੀ ਪਾਰਟੀ ਦੇ ਇੱਕ ਮੈਂਬਰ ਵਲੋਂ ਟੋਰੀ'ਜ਼ ਦਾ ਸਾਥ ਛੱਡ ਕੇ ਲਿਬਰਲਾਂ ਦਾ ਪੱਲਾ ਫੜਨ ਕਰਕੇ ਸਰਕਾਰ ਨੂੰ 169 ਮੈਂਬਰਾਂ ਦਾ ਸਮਰਥਨ ਹਾਸਲ ਹੋ ਗਿਆ ਸੀ, ਪਰ ਬਹੁਮਤ ਲਈ ਤਿੰਨ ਹੋਰ ਵੋਟਾਂ ਦੀ ਲੋੜ ਸੀ।

ਗਰੀਨ ਪਾਰਟੀ ਦੀ ਹਮਾਇਤ ਅਤੇ ਵਿਰੋਧੀ ਪਾਰਟੀ ਦੇ ਚਾਰ ਮੈਂਬਰਾਂ ਦੀ ਗੈਰ ਹਾਜ਼ਰੀ ਕਾਰਨ 168 ਦੇ ਮੁਕਾਬਲੇ 170 ਦੇ ਬਹੁਮਤ ਨਾਲ ਬਜਟ ਪਾਸ ਹੋ ਗਿਆ। ਜੇ ਬਜਟ ਪਾਸ ਨਾ ਹੁੰਦਾ, ਤਾਂ ਘੱਟ ਗਿਣਤੀ ਸਰਕਾਰ ਦੇ ਮੁਖੀ ਮਾਰਕ ਕਾਰਨੀ ਨੂੰ ਤੁਰੰਤ ਅਸਤੀਫਾ ਦੇਣਾ ਪੈਣਾ ਸੀ ਅਤੇ ਸਰਕਾਰ ਟੁੱਟਣ ਕਾਰਨ ਗਵਰਨਰ ਜਨਰਲ ਨੂੰ ਨਵੀਂ ਚੋਣ ਦਾ ਐਲਾਨ ਕਰਨਾ ਪੈਣਾ ਸੀ।

ਬਜਟ ਵਿਚ ਸਰਕਾਰੀ ਖਰਚੇ ਘਟਾਉਣ ਅਤੇ ਜ਼ਰੂਰੀ ਸੇਵਾਵਾਂ ਵਧਾਉਣ ਦੀਆਂ ਵਿਉਂਤਾ 'ਤੇ ਜ਼ੋਰ ਦਿੱਤਾ ਗਿਆ ਹੈ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ



**ਢਾਕਾ, (ਪੰਜਾਬ ਮੇਲ)-** ਬੰਗਲਾਦੇਸ਼ ਦੀ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ (78) ਅਤੇ ਸਾਬਕਾ ਗ੍ਰਹਿ ਮੰਤਰੀ ਅਸਦਉਜ਼ਮਾਨ ਖ਼ਾਨ ਕਮਾਲ ਨੂੰ 'ਮਾਨਵਤਾ ਖ਼ਿਲਾਫ਼ ਅਪਰਾਧਾਂ' ਦਾ ਦੋਸ਼ੀ ਠਹਿਰਾਉਂਦਿਆਂ ਇਕ ਵਿਸ਼ੇਸ਼ ਟ੍ਰਿਬਿਊਨਲ ਨੇ ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਮੌਤ ਦੀ ਸਜ਼ਾ ਸੁਣਾਈ ਹੈ। ਇਹ ਫ਼ੈਸਲਾ ਬੰਗਲਾਦੇਸ਼ 'ਚ ਸੰਸਦੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਆਇਆ ਹੈ। ਪਿਛਲੇ ਸਾਲ ਜੁਲਾਈ 'ਚ ਹਸੀਨਾ ਦੀ ਸਰਕਾਰ ਖ਼ਿਲਾਫ਼ ਵਿਦਿਆਰਥੀਆਂ ਦੀ ਅਗਵਾਈ ਹੇਠ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਜ਼ੁਲਮ ਢਾਹੁਣ ਦੇ ਦੋਸ਼ ਲਾਏ ਗਏ ਹਨ।

ਕਈ ਮਹੀਨਿਆਂ ਤੱਕ ਚੱਲੇ ਮੁਕੱਦਮੇ ਮਗਰੋਂ ਆਪਣੇ ਫ਼ੈਸਲੇ 'ਚ ਬੰਗਲਾਦੇਸ਼ ਦੇ ਕੌਮਾਂਤਰੀ ਅਪਰਾਧ ਟ੍ਰਿਬਿਊਨਲ ਨੇ ਅਵਾਮੀ ਲੀਗ ਦੀ ਆਗੂ ਨੂੰ ਹਿੰਸਕ ਦਮਨ ਦਾ ਸਾਜ਼ਿਸ਼ਘਾੜਾ ਅਤੇ ਮੁੱਖ ਸੂਤਰਧਾਰ ਗਰਦਾਨਿਆ ਜਿਸ 'ਚ ਸੈਂਕੜੇ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ। ਪਿਛਲੇ ਵਰ੍ਹੇ 5 ਅਗਸਤ ਨੂੰ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨਾਂ ਮਗਰੋਂ ਸ਼ੇਖ਼ ਹਸੀਨਾ ਭੱਜ ਕੇ ਭਾਰਤ ਆ ਗਈ ਸੀ। ਆਪਣੇ ਪ੍ਰਤੀਕਰਮ 'ਚ ਸ਼ੇਖ਼ ਹਸੀਨਾ ਨੇ ਕਿਹਾ ਕਿ ਇਹ ਫ਼ੈਸਲਾ 'ਗ਼ੈਰ-ਅਧਿਕਾਰਤ ਟ੍ਰਿਬਿਊਨਲ ਨੇ ਸੁਣਾਇਆ ਹੈ, ਜਿਸ ਦਾ ਗਠਨ ਗ਼ੈਰ-ਚੁਣੀ ਹੋਈ ਸਰਕਾਰ' ਨੇ ਕੀਤਾ, ਜਿਸ ਕੋਲ ਕੋਈ ਜਮਹੂਰੀ ਫਤਵਾ ਨਹੀਂ ਹੈ। ਉਨ੍ਹਾਂ ਕਿਹਾ, "ਉਹ ਪੱਖਪਾਤੀ ਅਤੇ ਸਿਆਸਤ ਤੋਂ ਪ੍ਰੇਰਿਤ ਹਨ। ਮੌਤ ਦੀ ਸਜ਼ਾ ਦੀ ਆਪਣੀ ਮੰਗ 'ਚ ਉਹ ਅੰਤਰਿਮ ਸਰਕਾਰ ਅੰਦਰ ਕੱਟੜਵਾਦੀ ਲੋਕਾਂ ਦੇ ਬੇਸ਼ਰਮ ਅਤੇ ਜਾਨਲੇਵਾ ਇਰਾਦਿਆਂ ਨੂੰ ਉਜਾਗਰ ਕਰਦੇ ਹਨ, ਜੋ ਬੰਗਲਾਦੇਸ਼ ਦੀ ਆਖਰੀ ਚੁਣੀ ਹੋਈ ਪ੍ਰਧਾਨ ਮੰਤਰੀ ਨੂੰ ਹਟਾ ਕੇ ਅਵਾਮੀ ਲੀਗ ਨੂੰ ਸਿਆਸੀ ਤਾਕਤ ਵਜੋਂ ਖ਼ਤਮ ਕਰਨਾ ਚਾਹੁੰਦੇ ਹਨ।" ਉਨ੍ਹਾਂ ਅੰਤਰਿਮ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਉਹ ਦੋਸ਼ਾਂ ਨੂੰ ਹੇਗ ਸਥਿਤ ਕੌਮਾਂਤਰੀ ਅਪਰਾਧ ਅਦਾਲਤ 'ਚ ਪੇਸ਼ ਕਰਨ।

ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸ਼ੇਖ਼ ਹਸੀਨਾ ਅਤੇ ਅਸਦਉਜ਼ਮਾਨ ਖ਼ਾਨ ਕਮਾਲ ਨੂੰ ਉਨ੍ਹਾਂ ਹਵਾਲੇ ਕਰੇ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਦੁਵੱਲੇ ਹਵਾਲਗੀ ਸਮਝੌਤੇ ਤਹਿਤ ਦੋਵੇਂ ਦੋਸ਼ੀਆਂ ਨੂੰ ਬੰਗਲਾਦੇਸ਼ ਹਵਾਲੇ ਕਰਨਾ ਭਾਰਤ ਦੀ ਜ਼ਿੰਮੇਵਾਰੀ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਮਨੁੱਖਤਾ ਖ਼ਿਲਾਫ਼ ਅਪਰਾਧਾਂ ਦੇ ਦੋਸ਼ੀਆਂ ਨੂੰ ਪਨਾਹ ਦੇਣਾ 'ਗ਼ੈਰ-ਦੋਸਤਾਨਾ' ਕਾਰਵਾਈ ਸਮਝਿਆ ਜਾਵੇਗਾ।

ਸ਼ੇਖ਼ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਦੇ ਕੁਝ ਘੰਟਿਆਂ ਮਗਰੋਂ ਭਾਰਤ ਨੇ ਕਿਹਾ ਕਿ ਉਸ ਨੇ ਫ਼ੈਸਲੇ 'ਤੇ ਵਿਚਾਰ ਕੀਤਾ ਹੈ ਅਤੇ ਉਹ ਗੁਆਂਢੀ ਮੁਲਕ 'ਚ ਸ਼ਾਂਤੀ, ਲੋਕਤੰਤਰ ਅਤੇ ਸਥਿਰਤਾ ਨੂੰ ਧਿਆਨ 'ਚ ਰਖਦਿਆਂ ਸਾਰੇ ਹਿੱਤਧਾਰਕਾਂ ਨਾਲ ਸਾਰਥਕ ਤੌਰ 'ਤੇ ਗੱਲਬਾਤ ਕਰੇਗਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਲੋਕਾਂ ਦੇ ਬਿਹਤਰੀਨ ਹਿੱਤਾਂ ਲਈ ਵਚਨਬੱਧ ਹੈ। ਉਂਝ, ਉਸ ਨੇ ਇਸ ਮੁੱਦੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ

# ਮੂਸੇਵਾਲਾ ਹੱਤਿਆ ਮਾਮਲਾ: ਅਗਲੀ ਸੁਣਵਾਈ 5 ਦਸੰਬਰ ਨੂੰ

**ਮਾਨਸਾ, (ਪੰਜਾਬ ਮੇਲ)-** ਸਥਾਨਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਹੱਤਿਆ ਮਾਮਲੇ 'ਚ ਅਗਲੀ ਸੁਣਵਾਈ 5 ਦਸੰਬਰ 'ਤੇ ਪਾ ਦਿੱਤੀ ਹੈ। ਬੀਤੇ ਦਿਨੀਂ ਮੁੱਖ ਸਾਜ਼ਿਸ਼ਘਾੜੇ ਲਾਰੈਂਸ ਬਿਸ਼ਨੋਈ, ਗੈਂਗਸਟਰ ਜੱਗੂ ਭਗਵਾਨਪੁਰੀਆ ਤੇ ਹੋਰਾਂ ਨੇ ਵੀਡੀਓ ਕਾਨਫਰੰਸਿੰਗ ਜਰੀਏ ਪੇਸ਼ੀ ਭੁਗਤੀ। ਗਾਇਕ ਦੇ ਪਿਤਾ ਦੀ ਗਵਾਹੀ ਹੋਣੀ ਸੀ ਪਰ ਵਕੀਲਾਂ ਦੀ ਹੜਤਾਲ ਕਾਰਨ ਗਵਾਹੀ ਨਾ ਹੋ ਸਕੀ। ਜ਼ਿਕਰਯੋਗ ਹੈ ਕਿ ਪਿਛਲੀ ਪੇਸ਼ੀ 'ਤੇ ਬਲਕੌਰ ਸਿੰਘ ਸਿੱਧੂ ਨੇ ਜਿੱਥੇ ਸ਼ੂਟਰਾਂ ਦੀ ਸ਼ਨਾਖ਼ਤ ਕੀਤੀ ਉੱਥੇ ਵਾਰਦਾਤ ਸਮੇਂ ਵਰਤੀਆਂ ਬਲੈਰੋ ਤੇ ਕਰੋਲਾ ਗੱਡੀਆਂ ਦੀ ਵੀ ਪਛਾਣ ਕੀਤੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਇੰਟਰਪੋਲ ਵੱਲੋਂ ਇਮਰਾਨ ਖਾਨ ਦੇ ਕਰੀਬੀ ਸਹਿਯੋਗੀ ਖਿਲਾਫ ਗ੍ਰਿਫਤਾਰੀ ਵਾਰੰਟ ਦਾ ਮਾਮਲਾ ਬੰਦ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਕਰੀਬੀ ਸਹਿਯੋਗੀ ਅਤੇ ਸਾਬਕਾ ਸੰਘੀ ਮੰਤਰੀ ਮੂਨਿਸ ਇਲਾਹੀ ਨੂੰ ਇੱਕ ਵੱਡੀ ਰਾਹਤ ਮਿਲੀ ਹੈ। ਇੰਟਰਪੋਲ (ਇੰਟਰਨੈਸ਼ਨਲ ਕ੍ਰਿਮੀਨਲ ਪੁਲਿਸ ਆਰਗੇਨਾਈਜ਼ੇਸ਼ਨ) ਨੇ ਉਨ੍ਹਾਂ ਦੇ ਖਿਲਾਫ ਜਾਰੀ ਗ੍ਰਿਫਤਾਰੀ ਵਾਰੰਟ ਲਈ ਪਾਕਿਸਤਾਨ ਸਰਕਾਰ ਦੀ ਅਪੀਲ ਨਾਲ ਸਬੰਧਤ ਮਾਮਲਾ ਬੰਦ ਕਰ ਦਿੱਤਾ ਹੈ। ਇੰਟਰਪੋਲ ਦੇ ਸਕੱਤਰ ਜਨਰਲ ਨੇ ਪ੍ਰਮਾਣਿਤ ਕੀਤਾ ਹੈ ਕਿ ਅੱਜ ਦੀ ਮਿਤੀ 'ਚ ਮੂਨਿਸ ਇਲਾਹੀ ਇੰਟਰਪੋਲ ਦੇ ਕਿਸੇ ਵੀ ਨੋਟਿਸ ਦੇ ਅਧੀਨ ਨਹੀਂ ਹਨ।

ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੀ ਸਰਕਾਰ ਨੇ ਮੂਨਿਸ ਇਲਾਹੀ ਨੂੰ ਗ੍ਰਿਫਤਾਰ ਕਰਨ ਲਈ ਇੰਟਰਪੋਲ ਦੀ ਸਹਾਇਤਾ ਮੰਗੀ ਸੀ, ਜੋ ਲਗਭਗ ਤਿੰਨ ਸਾਲ ਪਹਿਲਾਂ ਖਾਨ ਦੀ ਪਾਰਟੀ, ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) 'ਤੇ ਵੱਡੇ ਪੱਧਰ 'ਤੇ ਕਾਰਵਾਈ ਤੋਂ ਬਾਅਦ ਸਪੇਨ ਚਲੇ ਗਏ ਸਨ। ਪਾਕਿਸਤਾਨ ਸਰਕਾਰ ਨੇ ਮੂਨਿਸ ਨੂੰ ਹਵਾਲਗੀ ਲਈ ਮਜਬੂਰ ਕਰਨ ਦੇ ਇਰਾਦੇ ਨਾਲ ਉਨ੍ਹਾਂ 'ਤੇ ਕਤਲ, ਮਨੀ ਲਾਂਡਰਿੰਗ (ਧਨ ਸੋਧਨ), ਭ੍ਰਿਸ਼ਟਾਚਾਰ ਅਤੇ ਅਹੁਦੇ ਦੀ ਦੁਰਵਰਤੋਂ ਸਮੇਤ ਕਈ "ਫਰਜ਼ੀ" ਐੱਫ.ਆਈ.ਆਰ. ਦਰਜ ਕੀਤੀਆਂ ਸਨ।

ਇੱਕ ਅਧਿਕਾਰੀ ਨੇ ਦੱਸਿਆ ਕਿ ਇੰਟਰਪੋਲ ਨੇ ਮੂਨਿਸ ਖਿਲਾਫ ਪਾਕਿਸਤਾਨ ਦੇ ਕੇਸ ਨੂੰ ਇਸ ਲਈ ਖਾਰਜ ਕਰ ਦਿੱਤਾ ਕਿਉਂਕਿ ਸੰਘੀ ਜਾਂਚ ਏਜੰਸੀ (ਐੱਫ.ਆਈ.ਏ.) ਕਤਲ, ਮਨੀ ਲਾਂਡਰਿੰਗ ਅਤੇ ਹੋਰ ਮਾਮਲਿਆਂ ਨਾਲ ਸਬੰਧਤ ਸਬੂਤ ਪੇਸ਼ ਕਰਨ ਵਿਚ ਅਸਫਲ ਰਹੀ। ਇੰਟਰਪੋਲ ਨੇ ਪਾਕਿਸਤਾਨ ਦੇ ਰੁਖ ਨੂੰ ਸਵੀਕਾਰ ਨਹੀਂ ਕੀਤਾ, ਕਿਉਂਕਿ ਜ਼ਿਆਦਾਤਰ ਕੇਸ "ਸਿਆਸਤ ਤੋਂ ਪ੍ਰੇਰਿਤ" ਦੇ ਪਾਏ ਗਏ ਸਨ।

ਮੂਨਿਸ ਇਲਾਹੀ ਦੇ ਵਕੀਲ ਅਮੀਰ ਰੌਨ ਨੇ ਕਿਹਾ ਕਿ ਇੰਟਰਪੋਲ ਨੇ ਇੱਕ ਡੂੰਘਾਈ ਨਾਲ ਤੱਥ-ਆਧਾਰਿਤ ਜਾਂਚ ਤੋਂ ਬਾਅਦ, ਪੀ.ਐੱਮ.ਐੱਲ.-ਐੱਨ. ਸਰਕਾਰ ਦੁਆਰਾ ਲਗਾਏ ਗਏ ਸਾਰੇ "ਬੇਬੁਨਿਆਦ ਦੋਸ਼ਾਂ" ਨੂੰ ਖਾਰਜ ਕਰ ਦਿੱਤਾ ਹੈ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ਕੀ ਬਿਹਾਰ ਜਿੱਤਿਆ ਗਿਆ ਹੈ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਖਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਾਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।**

ਕੀ ਬਿਹਾਰ ਗਰੀਬ ਹੈ? ਕੀ ਬਿਹਾਰ ਵਿਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿਚ ਦੂਜੇ ਸੂਬਿਆਂ ਵਿਚ ਪਲਾਇਨ ਕਰ ਰਹੇ ਹਨ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ? ਕੀ ਬਿਹਾਰ ਵਿਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਤ ਤਰਸਯੋਗ ਹਨ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿਚ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਹੈ. ਤਾਂ ਉਸਦਾ ਕੋਈ ਸਪੱਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐੱਨ.ਡੀ.ਏ. (ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ, ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਨ੍ਹਾਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ? ਬਿਹਾਰ 'ਚ 62.98% ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78 ਪ੍ਰਤੀਸ਼ਤ। ਪਰ ਬਿਹਾਰ 'ਚ ਸੱਤ ਜ਼ਿਲ੍ਹਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸ਼ਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਖਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਾਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿਚ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਐਲਾਨੀਆਂ ਗਈਆਂ, ਤਾਂ ਮਾਰਚ 2003 ਵਿਚ ਸ਼ੁਰੂ ਕੀਤੀ ਗਈ ਕਿਸਾਨਾਂ ਲਈ ਤਾਮਿਲਨਾਡੂ ਵਿਚ ਨਕਦ ਰਾਸ਼ੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿਚ ਇੱਕ ਮੁਫ਼ਤ ਰੰਗੀਨ ਟੀ.ਵੀ. ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ, ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਹੈ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ?

ਬਿਹਾਰ ਚੋਣਾਂ ਦੇਸ਼ ਲਈ ਅਹਿਮ ਸਨ। ਸੱਤਾ ਧਿਰ ਅਤੇ ਵਿਰੋਧੀ ਧੀਰ ਦੇ ਨੇਤਾ ਪੂਰੇ ਜੋਸ਼ ਨਾਲ ਬਿਹਾਰ ਦੇ ਲੋਕਾਂ ਦੀ ਕਚਹਿਰੀ 'ਚ ਪੁੱਜੇ। ਚੋਣਾਂ 'ਚ ਸੱਤਾਧਿਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਸਾਰੀ ਤਾਕਤ ਝੋਂਕ ਦਿੱਤੀ। ਨਿਤੀਸ਼ ਕੁਮਾਰ ਮੁੱਖ ਮੰਤਰੀ ਅਤੇ ਉਸਦੀ ਪਾਰਟੀ ਵੱਲੋਂ ਵੀ ਪੂਰਾ ਜ਼ੋਰ ਚੋਣ ਜਿੱਤਣ ਲਈ ਲਗਾਇਆ ਗਿਆ।

ਜੇਕਰ ਸੱਤਾਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ। ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵਾਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈੱਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ।

ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ 'ਵੋਟ ਚੋਰੀ ਅਤੇ ਬੇਰੁਜ਼ਗਾਰੀ' ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿਚ ਊਰਜਾ ਤਾਂ ਲਿਆ ਸਕੇ ਪਰ ਲੋਕਾਂ ਵਿਚ ਆਪਣੇ ਪਰਿਵਾਰ ਦੇ ਬਣੇ "ਜੰਗਲ ਰਾਜ" ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990 -2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।

ਦੇਸ਼ 'ਚ ਬਿਹਾਰ ਵਿਕਾਸ ਦੇ ਮਾਮਲੇ 'ਚ ਫਾਡੀ ਹੈ। ਸਿਹਤ, ਸਿੱਖਿਆ ਸਹੂਲਤਾਂ ਨਿਕੰਮੀਆਂ ਹਨ, ਪਰ ਇਵੇਂ ਲੱਗਿਆ ਇਸ ਚੋਣ ਦੇ ਨਤੀਜਿਆਂ ਤੋਂ ਕਿ ਨਿਤੀਸ਼ ਕੁਮਾਰ ਦੀਆਂ ਨਕਾਮੀਆਂ ਤੋਂ ਵੀ ਲੋਕਾਂ 'ਚ ਕੋਈ ਨਰਾਜ਼ਗੀ ਨਹੀਂ ਹੈ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੀ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ।

ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ। ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪੱਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ, ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ 'ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ।' ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ 'ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ।

ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ, ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਨ੍ਹਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜ਼ਿਆਦਾ ਅਹਿਮ ਸੱਤਾ ਵਟੋਰਨਾ ਬਣ ਗਈ ਹੈ। ਉਹ ਨੈਤਿਕ-ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਿਵਾਰਾਂ ਅਤੇ ਧਨਾਡ ਲੋਕਾਂ ਦੀ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ ਵਿਧਾਨ ਸਭਾਵਾਂ 'ਚੋਂ ਇਨ੍ਹਾਂ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ-ਕਿਵੇਂ ਵੀ ਤਰੋੜਿਆ-ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਨ੍ਹਾਂ ਚੋਣਾਂ 'ਚ 20.08% ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ। ਜਦਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰ.ਜੇ.ਡੀ. 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲੈ ਜਾ ਸਕੀ, ਜਦਕਿ ਭਾਜਪਾ 20.8 ਪ੍ਰਤੀਸ਼ਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁੰਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ.ਆਈ.ਐੱਮ.ਆਈ.ਐੱਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਿਤ ਕੀਤਾ। ਇਸ ਚੋਣ 'ਚ ਭਾਵੇਂ ਐੱਨ.ਡੀ.ਏ. ਨੇ ਵੱਡੀ ਜਿੱਤ ਪ੍ਰਾਪਤ ਕੀਤੀ ਪਰ ਆਮ ਲੋਕ ਸਮਰਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ 'ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।

ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿੱਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ ਹੈ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ, ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ। ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿਚ ਗਾਇਬ ਰਹੀ।

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ।

ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਟੀਚਰਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ 'ਚ ਹੇਰਾ-ਫੇਰੀ, ਬੇਕਾਰ ਜਾਅਲੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ.ਐੱਸ.ਐੱਸ. ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਬਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜ਼ਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ 'ਚ ਕਰ ਲੈਂਦਾ ਹੈ। ਭਾਜਪਾ ਤੇ ਨਿਤੀਸ਼ ਗਠਬੰਧਨ, ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿਚ ਕੀ ਅਗਲੇ ਪੰਜਾਂ ਸਾਲਾਂ 'ਚ ਐੱਨ.ਡੀ.ਏ. ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ?

ਜਿਵੇਂ ਬਿਹਾਰ ਇਨ੍ਹਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਇਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ।

# ਨਾਟਕ ਜਿਸ ਲਾਹੌਰ ਨਹੀ ਵੇਖਿਆ

ਅੰਗਰੇਜ ਸਿੰਘ ਵਿਰਦੀ
94646-28857
ਪੰਜਾਬ ਮੇਲ USA





ਨਾਟਕ ਸਾਹਿਤ ਦਾ ਉਹ ਅਨਿੱਖੜਵਾਂ ਅੰਗ ਹਨ, ਜਿਸ ਨੂੰ ਨਾਟਕਕਾਰ ਸਿਰਜਦੇ ਹਨ, ਭਾਵ ਉਹ ਨਾਟਕ ਨੂੰ ਕਾਗਜ਼ 'ਤੇ ਉਤਾਰਦੇ ਹਨ। ਫਿਰ ਨਾਟਕ ਦੀ ਸਿਰਜਨਾ ਤੋਂ ਬਾਅਦ ਇਸ ਨੂੰ ਉਦੋਂ ਈ ਸੰਪੂਰਨਤਾ ਹਾਸਿਲ ਹੁੰਦੀ ਹੈ, ਜਦੋਂ ਵਾਰਤਾਲਾਪ ਰਾਹੀਂ ਅਦਾਕਾਰ ਆਪਣੀ ਅਦਾਕਾਰੀ ਜ਼ਰੀਏ ਇਨ੍ਹਾਂ ਨਾਟਕਾਂ ਨੂੰ ਮੰਚ 'ਤੇ ਪੇਸ਼ ਕਰਦੇ ਹਨ। ਪੂਰੀ ਦੁਨੀਆਂ ਵਿਚ ਨਾਟਕਾਂ ਦਾ ਆਪਣਾ ਇੱਕ ਵੱਖਰਾ ਤੇ ਸ਼ਾਨਦਾਰ ਇਤਿਹਾਸ ਰਿਹਾ ਹੈ। ਦੁਨੀਆਂ ਭਰ ਵਿਚ ਲਗਭਗ ਹਰ ਭਾਸ਼ਾ ਵਿਚ ਵੱਖ-ਵੱਖ ਸ਼ੈਲੀਆਂ ਵਿਚ ਨਾਟਕ ਲਿਖੇ ਜਾਂਦੇ ਹਨ। ਜੇਕਰ ਪੰਜਾਬੀ ਸਾਹਿਤ ਵਿਚ ਨਾਟਕ ਦੀ ਗੱਲ ਕੀਤੀ ਜਾਵੇ, ਤਾਂ ਇਸ ਦਾ ਵੀ ਆਪਣਾ ਇੱਕ ਮਾਣਮੱਤਾ ਇਤਿਹਾਸ ਹੈ। ਪੀੜ੍ਹੀ-ਦਰ-ਪੀੜ੍ਹੀ ਪੰਜਾਬੀ ਨਾਟਕਾਂ ਵਿਚ ਕਈ ਬਦਲਾਅ ਵੇਖਣ ਨੂੰ ਮਿਲੇ ਹਨ। ਹਰ ਪੀੜ੍ਹੀ ਦੇ ਨਾਟਕਕਾਰਾਂ ਨੇ ਪੰਜਾਬੀ ਨਾਟਕ ਨੂੰ ਕਈ ਰੂਪਾਂ ਅਤੇ ਸ਼ੈਲੀਆਂ ਵਿਚ ਲਿਖ ਕੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੇ ਹਾਣ ਦਾ ਕੀਤਾ ਹੈ। ਮੌਜੂਦਾ ਦੌਰ ਵਿਚ ਨਾਟਕ ਲਿਖਣ ਅਤੇ ਮੰਚ 'ਤੇ ਪੇਸ਼ ਕਰਨ ਵਾਲੇ ਪੰਜਾਬੀ ਨਾਟਕਕਾਰਾਂ ਦੀ ਇਹ ਪੰਜਵੀ ਪੀੜ੍ਹੀ ਚੱਲ ਰਹੀ ਹੈ। ਨਾਲ ਹੀ ਚੌਥੀ ਪੀੜ੍ਹੀ ਦੇ ਨਾਟਕਕਾਰ ਵੀ ਬੜੀ ਸਰਗਰਮੀ ਨਾਲ ਨਾਟਕ ਲਿਖ ਵੀ ਰਹੇ ਹਨ ਤੇ ਉਨ੍ਹਾਂ ਨੂੰ ਮੰਚ 'ਤੇ ਨਿਰਦੇਸ਼ਤ ਵੀ ਕਰ ਰਹੇ ਹਨ। ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦਾ ਸ਼ੁਮਾਰ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਵਿਚ ਹੁੰਦਾ ਹੈ, ਜੋ ਅੱਜ ਵੀ ਬੇਹਤਰੀਨ ਨਾਟਕ ਰੰਗਮੰਚ ਪ੍ਰੇਮੀਆਂ ਲਈ ਸਿਰਜ ਰਹੇ ਹਨ ਤੇ ਨਾਲ ਹੀ ਉਨ੍ਹਾਂ ਨੂੰ ਸਫ਼ਲਤਾਪੂਰਵਕ ਮੰਚ 'ਤੇ ਪੇਸ਼ ਵੀ ਕਰ ਰਹੇ ਹਨ।

ਨਾਟਕ "ਜਿਸ ਲਾਹੌਰ ਨਹੀ ਵੇਖਿਆ" ਜਿਸ ਦੀ ਕਹਾਣੀ ਸੰਨ 1947 ਦੀ ਵੰਡ ਤੋਂ ਬਾਅਦ ਲਖਨਊ ਤੋਂ ਹਿਜ਼ਰਤ ਕਰਕੇ ਨਵੇ ਬਣੇ ਮੁਲਕ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਜਾ ਵਸੇ ਇੱਕ ਮੁਸਲਿਮ ਪਰਿਵਾਰ 'ਤੇ ਆਧਾਰਿਤ ਸੀ। ਮੂਲ ਰੂਪ ਵਿਚ ਸੰਨ 1980 ਵਿਚ ਪ੍ਰਸਿੱਧ ਨਾਟਕਕਾਰ ਅਸ਼ਗਰ ਵਜਾਹਤ ਦੁਆਰਾ ਹਿੰਦੀ ਵਿਚ ਲਿਖੇ ਇਸ ਨਾਟਕ ਜਿਸ ਦਾ ਸਿਰਲੇਖ "ਜਿਸ ਲਾਹੌਰ ਨਹੀ ਵੇਖਿਆ ਉਹ ਜੰਮਿਆ ਹੀ ਨਹੀ" ਨੂੰ ਹੁਣ ਤੱਕ ਅਨੇਕਾਂ ਵਾਰ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਦੇਸ਼ਾਂ-ਵਿਦੇਸ਼ਾਂ ਦੀਆਂ ਸਟੇਜਾਂ 'ਤੇ ਖੇਡਿਆ ਜਾ ਚੁੱਕਾ ਹੈ। ਧਰਮਾਂ ਦੀਆਂ ਵਲਗਨਾਂ ਨੂੰ ਤੋੜਦਾ ਮਨੁੱਖੀ ਸੰਵੇਦਨਾਵਾਂ ਨੂੰ ਪੇਸ਼ ਕਰਦਾ, ਮਨੁੱਖ ਦੀਆਂ ਮਾਨਸਿਕ ਅਤੇ ਜੀਵਨ ਸਥਿਤੀਆਂ, ਸੰਘਰਸ਼ ਅਤੇ ਕਰੁਣਾ ਭਾਵ ਨੂੰ ਆਪਣੇ ਅੰਦਰ ਸਮੋਈ ਇਹ ਨਾਟਕ ਦਰਸ਼ਕਾਂ ਦੇ ਮਨ 'ਤੇ ਗਹਿਰੀ ਛਾਪ ਛੱਡਦਾ ਉਨ੍ਹਾਂ ਨੂੰ ਅੰਦਰ ਤੱਕ ਹਲੂਣ ਦਿੰਦਾ ਹੈ। ਪੰਜਾਬੀ ਜ਼ੁਬਾਨ ਵਿਚ ਇਸ ਨਾਟਕ ਨੂੰ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਨਾਟਮੰਡਲੀ ਮੰਚ ਰੰਗਮੰਚ ਵੱਲੋਂ ਪੇਸ਼ ਕੀਤਾ ਗਿਆ, ਜਿਸ ਦੀ ਨਿਰਦੇਸ਼ਨਾ ਵੀ ਕੇਵਲ ਧਾਲੀਵਾਲ ਵੱਲੋਂ ਹੀ ਕੀਤੀ ਗਈ। ਪੇਸ਼ਕਾਰੀ ਪੱਖੋਂ ਇਹ ਇੱਕ ਬੇਹਤਰੀਨ ਨਾਟਕ ਹੋ ਨਿਬੜਿਆ।

**ਨਾਟਕ "ਜਿਸ ਲਾਹੌਰ ਨਹੀ ਵੇਖਿਆ" ਜਿਸ ਦੀ ਕਹਾਣੀ ਸੰਨ 1947 ਦੀ ਵੰਡ ਤੋਂ ਬਾਅਦ ਲਖਨਊ ਤੋਂ ਹਿਜ਼ਰਤ ਕਰਕੇ ਨਵੇ ਬਣੇ ਮੁਲਕ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਜਾ ਵਸੇ ਇੱਕ ਮੁਸਲਿਮ ਪਰਿਵਾਰ 'ਤੇ ਆਧਾਰਿਤ ਸੀ। ਮੂਲ ਰੂਪ ਵਿਚ ਸੰਨ 1980 ਵਿਚ ਪ੍ਰਸਿੱਧ ਨਾਟਕਕਾਰ ਅਸ਼ਗਰ ਵਜਾਹਤ ਦੁਆਰਾ ਹਿੰਦੀ ਵਿਚ ਲਿਖੇ ਇਸ ਨਾਟਕ ਜਿਸ ਦਾ ਸਿਰਲੇਖ "ਜਿਸ ਲਾਹੌਰ ਨਹੀ ਵੇਖਿਆ ਉਹ ਜੰਮਿਆ ਹੀ ਨਹੀ" ਨੂੰ ਹੁਣ ਤੱਕ ਅਨੇਕਾਂ ਵਾਰ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਦੇਸ਼ਾਂ-ਵਿਦੇਸ਼ਾਂ ਦੀਆਂ ਸਟੇਜਾਂ 'ਤੇ ਖੇਡਿਆ ਜਾ ਚੁੱਕਾ ਹੈ।**

ਨਾਟਕ ਦੀ ਸ਼ੁਰੂਆਤ ਹੁੰਦੀ ਹੈ ਲਖਨਊ ਤੋਂ ਹਿਜ਼ਰਤ ਕਰਕੇ ਲਾਹੌਰ ਪਹੁੰਚੇ ਇੱਕ ਮੁਸਲਿਮ ਪਰਿਵਾਰ ਸਿਕੰਦਰ ਮਿਰਜ਼ਾ, ਉਸ ਦੀ ਬੇਗ਼ਮ ਤੇ ਬੱਚਿਆਂ ਦੇ ਇੱਕ 22 ਕਮਰਿਆਂ ਦੀ ਦੋ ਮੰਜ਼ਿਲਾ ਹਵੇਲੀ ਵਿਚ ਦਾਖ਼ਲ ਹੋਣ ਤੋਂ। ਹਵੇਲੀ ਵਿਚ ਪਹੁੰਚ ਉਨ੍ਹਾਂ ਸੁੱਖ ਦਾ ਸਾਹ ਲਿਆ ਤੇ ਨਾਲ ਹੀ ਰੱਬ ਦਾ ਸ਼ੁਕਰ ਕੀਤਾ ਕਿ ਉਨ੍ਹਾਂ ਨੂੰ ਕਸਟੋਡੀਅਨ ਵੱਲੋਂ ਇਹ ਵੱਡੀ ਤੇ ਸ਼ਾਨਦਾਰ ਹਵੇਲੀ ਅਲਾਟ ਕਰ ਦਿੱਤੀ ਹੈ। ਉਹ ਆਪਣੇ ਕੈਂਪਾਂ ਵਿਚ ਗੁਜ਼ਾਰੇ ਦੁੱਖ ਭਰੇ ਦਿਨਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਦੀ ਬੇਟੀ ਜਦੋਂ ਹਵੇਲੀ ਵੇਖਣ ਉੱਪਰ ਵਾਲੀ ਮੰਜ਼ਿਲ 'ਤੇ ਜਾਂਦੀ ਹੈ, ਤਾਂ ਉੱਥੇ ਉਹ ਇੱਕ ਬੁੱਢੀ ਔਰਤ ਨੂੰ ਵੇਖਦੀ ਹੈ। ਸਭ ਉਸ ਔਰਤ ਨੂੰ ਵੇਖਕੇ ਹੈਰਾਨ ਰਹਿ ਜਾਂਦੇ ਹਨ। ਬੁੱਢੀ ਔਰਤ ਉਨ੍ਹਾਂ ਕੋਲ ਆਕੇ ਦੱਸਦੀ ਹੈ ਕਿ ਉਹ ਇਸ ਹਵੇਲੀ ਦੀ ਅਸਲ ਮਾਲਿਕ ਹੈ। ਸੇਠ ਰਤਨ ਲਾਲ ਜੌਹਰੀ ਦੀ ਮਾਂ ਜਿਸ ਨੇ ਬੜੀਆਂ ਰੀਝਾਂ ਨਾਲ ਇਸ ਹਵੇਲੀ ਨੂੰ ਬਣਵਾਇਆ ਸੀ ਪਰ ਲਾਹੌਰ ਵਿਚ ਹੋਏ ਦੰਗਿਆਂ ਵਿਚ ਘਰੋਂ ਨਿਕਲਿਆ ਰਤਨ ਲਾਲ ਮੁੜ ਵਾਪਸ ਨਾ ਆਇਆ ਤੇ ਉਸ ਦੇ ਪਰਿਵਾਰ ਦਾ ਵੀ ਕੁੱਝ ਥਹੁ-ਪਤਾ ਨਾ ਲੱਗਾ ਕਿ ਉਹ ਕਿੱਧਰ ਗਏ, ਭਾਰਤ ਚਲੇ ਗਏ ਕਿ ਰਸਤੇ ਵਿਚ ਹੀ ਮਾਰੇ ਗਏ। ਘਰ ਵਿਚ ਇਕੱਲੀ ਬੁੱਢੀ ਮਾਂ ਈ ਰਹਿ ਗਈ ਸੀ, ਆਪਣੇ ਪੁੱਤ ਤੇ ਉਸ ਦੇ ਪਰਿਵਾਰ ਦੀ ਉਡੀਕ ਕਰਦੀ। ਸਿਕੰਦਰ ਮਿਰਜ਼ਾ ਹਰ ਸੰਭਵ ਕੋਸ਼ਿਸ਼ ਕਰਦਾ ਕਿ ਉਹ ਬੁੱਢੀ ਔਰਤ ਨੂੰ ਘਰੋਂ ਕੱਢ ਦੇਵੇ, ਜਿਸ ਲਈ ਉਹ ਲਾਹੌਰ ਦੇ ਨਾਮੀ ਬਦਮਾਸ਼ ਪਹਿਲਵਾਨਾਂ ਜਿਨ੍ਹਾਂ ਰੌਲਿਆ ਵੇਲੇ ਸ਼ਹਿਰ ਵਿਚ ਕਈ ਹਿੰਦੂ ਸਿੱਖਾਂ ਦੇ ਘਰਾਂ ਨੂੰ ਲੁੱਟਿਆ ਤੇ ਉਨ੍ਹਾਂ ਨੂੰ ਕਤਲ ਕੀਤਾ, ਨੂੰ ਵੀ ਪੈਸੇ ਦੇਣ ਦੀ ਹਾਮੀ ਭਰਦਾ, ਤਾਂ ਜੋ ਉਹ ਬੁੱਢੀ ਔਰਤ ਨੂੰ ਮਾਰ ਮੁਕਾਉਣ। ਪਰ ਫਿਰ ਸਿਕੰਦਰ ਮਿਰਜ਼ਾ ਦੇ ਦਿਲ ਵਿਚ ਰਹਿਮ ਆ ਜਾਂਦਾ ਤੇ ਉਹ ਇਹ ਸਭ ਕਰਨ ਤੋਂ ਮਨਾ ਕਰ ਦਿੰਦਾ। ਕਹਾਣੀ ਅੱਗੇ ਵੱਧਦੀ ਸਿਕੰਦਰ ਮਿਰਜ਼ਾ ਧਰਮਾਂ ਤੋਂ ਉਪਰ ਉੱਠ ਬੁੱਢੀ ਔਰਤ ਨੂੰ ਘਰ ਵਿਚ ਮਾਂ ਦਾ ਦਰਜਾ ਦੇ ਕੇ ਆਪਣੇ ਨਾਲ ਹੀ ਰੱਖ ਲੈਂਦਾ ਤੇ ਉਸ ਦੇ ਆਂਢ-ਗਵਾਂਢ ਇੱਥੋਂ ਤੱਕ ਕੇ ਉੱਥੋਂ ਦੀ ਮਸਜ਼ਿਦ ਦਾ ਮੌਲਵੀ ਵੀ ਬੁੱਢੀ ਹਿੰਦੂ ਔਰਤ ਦੇ ਦਿਵਾਲੀ ਦੇ ਤਿਉਹਾਰ 'ਤੇ ਪੂਜਾ ਕਰਨ ਤੇ ਰੌਸ਼ਨੀ ਕਰਨ 'ਤੇ ਕੋਈ ਇਤਰਾਜ਼ ਨਹੀਂ ਜਤਾਉਂਦਾ। ਪਰ ਇਹ ਸਭ ਫ਼ਿਰਕੂ ਲੋਕ ਪਹਿਲਵਾਨ ਵਰਗਿਆ ਨੂੰ ਚੰਗਾਂ ਨਹੀ ਲੱਗਦਾ ਤੇ ਉਹ ਇਸ ਦਾ ਵਿਰੋਧ ਕਰਦੇ। ਉਹ ਮੌਲਵੀ ਕੋਲ ਵੀ ਇਤਰਾਜ਼ ਕਰਦੇ ਕਿ ਇਹ ਇਸਲਾਮ ਦੇ ਵਿਰੁੱਧ ਹੈ ਪਰ ਮੌਲਵੀ ਉਨ੍ਹਾਂ ਦੀ ਇੱਕ ਨਹੀਂ ਸੁਣਦਾ। ਨਾਟਕ ਵਿਚ ਇੱਕ ਨਾਮੀ ਸ਼ਾਇਰ ਨਾਸਿਰ ਕਾਜ਼ਮੀ ਦਾ ਵੀ ਕਿਰਦਾਰ ਨਜ਼ਰੀਂ ਆਉਂਦਾ, ਜੋ ਵਕਤ ਦੇ ਜ਼ੁਲਮੋ-ਸਿਤਮ ਨੂੰ ਬਿਆਨ ਕਰਦਾ ਅਕਸਰ ਸ਼ੇਅਰ ਗੁਣਗਣਾਉਂਦਾ ਰਹਿੰਦਾ ਤੇ ਫ਼ਿਰਕੂ ਸਦਭਾਵਨਾਂ ਬਣਾਈ ਰੱਖਣ ਦੀਆਂ ਗੱਲਾਂ ਕਰਦਾ ਰਹਿੰਦਾ। ਉਹ ਵੀ ਬੁੱਢੀ ਔਰਤ ਦਾ ਦਿਲੋਂ ਸਤਿਕਾਰ ਕਰਦਾ। ਕਹਾਣੀ ਵਿਚ ਮੋੜ ਉਦੋਂ ਆਉਂਦਾ, ਜਦੋਂ ਬੁੱਢੀ ਔਰਤ ਦਾ ਦੇਹਾਂਤ ਹੋ ਜਾਂਦਾ। ਕਾਫੀ ਸੋਚ ਵਿਚਾਰ ਤੋਂ ਬਾਅਦ ਸਿਕੰਦਰ ਮਿਰਜ਼ਾ ਉਸ ਦੇ ਆਂਢ-ਗਵਾਂਢ ਦੇ ਮੁਸਲਿਮ ਲੋਕ ਮੌਲਵੀ ਦੀ ਸਲਾਹ 'ਤੇ ਬੁੱਢੀ ਔਰਤ ਦਾ ਰਾਵੀ ਕੰਢੇ 'ਤੇ ਹਿੰਦੂ ਧਰਮ ਦੇ ਰੀਤੀ-ਰਿਵਾਜ਼ਾਂ ਨਾਲ ਦਾਹ ਸੰਸਕਾਰ ਕਰਨ ਦਾ ਫੈਸਲਾ ਕਰਦੇ। ਏਧਰ ਬੁੱਢੀ ਮਾਂ ਦੀ ਅਰਥੀ ਦਾਹ ਸੰਸਕਾਰ ਲਈ ਲਿਜਾਈ ਜਾ ਰਹੀ ਹੁੰਦੀ, ਦੂਜੇ ਪਾਸੇ ਫ਼ਿਰਕੂ ਲੋਕ ਮੌਲਵੀ ਦਾ ਕਤਲ ਕਰ ਦਿੰਦੇ। ਇਸ ਤਰ੍ਹਾਂ ਨਾਟਕ ਸਿਖਰਾਂ ਦੀ ਨੋਕ ਤੱਕ ਪਹੁੰਚ ਆਪਣੇ ਵਹਾ ਵਿਚ ਨਿਵਾਣ ਵੱਲ ਆ ਡਿੱਗਦਾ ਤੇ ਸਾਰੀਆਂ ਗੁੰਝਲਾਂ ਨੂੰ ਖੋਲ੍ਹਦਾ ਸਮਾਪਤ ਹੋ ਜਾਂਦਾ। ਮਸਜ਼ਿਦ ਵਿਚ ਮੌਲਵੀ ਦਾ ਕਤਲ ਧਰਮ ਅਤੇ ਜੀਵਨ ਦੀਆਂ ਅਸਲ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਵਾਲਿਆਂ ਲੋਕਾਂ ਦਾ ਕਤਲ ਹੁੰਦਾ, ਜਿਸ ਨੂੰ ਫ਼ਿਰਕੂ ਤੇ ਧਰਮ ਵਿਚ ਵੰਡੀਆਂ ਪਾਉਣ ਵਾਲੇ ਲੋਕ ਬਰਦਾਸ਼ਤ ਨਹੀਂ ਕਰਦੇ।



ਕੇਵਲ ਧਾਲੀਵਾਲ ਦੀ ਵਿਸ਼ਾਲ ਦ੍ਰਿਸ਼ਟੀ, ਬਰੀਕ ਅਨੁਭਵ ਅਤੇ ਨਾਟਕ ਨੂੰ ਪੇਸ਼ ਕਰਨ ਦੀ ਕਲਾਤਮਕ ਜਾਂਚ ਉਨ੍ਹਾਂ ਦੀ ਬੇਹਤਰੀਨ ਨਿਰਦੇਸ਼ਨਾਂ ਵਿਚ ਖੇਡੇ ਇਸ ਨਾਟਕ ਦਾ ਸੰਗੀਤ ਵੀ ਮਨ ਨੂੰ ਟੁੰਬਦਾ ਹੈ। ਨਾਟਕ ਵਿਚ ਗਾਇਕ ਕੁਸ਼ਾਗਰ ਕਾਲੀਆ ਅਤੇ ਹਰਸ਼ਿਤਾ ਦੀ ਆਵਾਜ਼ ਵਿਚ ਉਰਦੂ ਦੇ ਬਹੁਤ ਖ਼ੂਬਸੂਰਤ ਸ਼ੇਅਰ ਸੁਨਣ ਨੂੰ ਮਿਲਦੇ, ਜੋ ਨਾਟਕ ਦੀ ਮੂਲ ਭਾਵਨਾਂ ਦਾ ਪ੍ਰਗਟਾਵਾ ਕਰਦੇ ਹਨ। ਸਿਕੰਦਰ ਮਿਰਜ਼ਾ ਦੇ ਕਿਰਦਾਰ ਵਿਚ ਕੇਵਲ ਧਾਲੀਵਾਲ ਨੇ ਸੁਭਾਵਿਕ ਤੇ ਬੇਹਤਰੀਨ ਅਦਾਕਾਰੀ ਕੀਤੀ। ਬੁੱਢੀ ਮਾਂ ਬਣੀ ਅਦਾਕਾਰਾ ਡੌਲੀ ਸੱਦਲ ਨੇ ਆਪਣੇ ਕਿਰਦਾਰ ਨੂੰ ਵਧੀਆ ਨਿਭਾਇਆ, ਉਹ ਰੰਗਮੰਚ ਦੀ ਬੇਹਤਰੀਨ ਆਦਾਕਾਰਾ ਹਨ। ਸ਼ਾਇਰ ਨਾਸਿਰ ਕਾਜ਼ਮੀ ਬਣੇ ਅਦਾਕਾਰ ਸਾਜਨ ਕੋਹਿਨੂਰ ਵੀ ਮੰਚ ਰੰਗਮੰਚ ਦੇ ਨਾਮੀ ਅਦਾਕਾਰ ਹਨ ਤੇ ਜਿਨ੍ਹਾਂ ਨੇ ਬਹੁਤ ਸਾਰੇ ਨਾਟਕਾਂ ਵਿਚ ਬੇਹਤਰੀਨ ਕਿਰਦਾਰ ਅਦਾ ਕਰ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਸਭ ਤੋਂ ਬਿਹਤਰੀਨ ਕਿਰਦਾਰ ਜੋ ਮੈਨੂੰ ਇਸ ਨਾਟਕ ਵਿਚ ਲੱਗਾ, ਉਹ ਕਿਰਦਾਰ ਸੀ ਮੌਲਵੀ ਦਾ ਕਿਰਦਾਰ, ਜਿਸ ਨੂੰ ਅਦਾ ਕੀਤਾ ਸੀ ਅਦਾਕਾਰ ਵਿਸ਼ੂ ਸ਼ਰਮਾ ਨੇ। ਬਾਕੀ ਅਦਾਕਾਰਾਂ ਨੇ ਵੀ ਆਪਣੇ ਕਿਰਦਾਰਾਂ ਨੂੰ ਬਾਖ਼ੂਬੀ ਨਿਭਾਇਆ।

ਨਾਟਕ "ਜਿਸ ਲਾਹੌਰ ਨਹੀਂ ਵੇਖਿਆ" ਆਪਣੇ ਵਿਸ਼ਾ-ਵਸਤੂ, ਬਿਹਤਰੀਨ ਅਦਾਕਾਰੀ, ਮੰਚ ਸੱਜਾ, ਸੰਗੀਤ ਕਰਕੇ ਦਰਸ਼ਕਾਂ ਦੇ ਮਨ 'ਤੇ ਗਹਿਰੀ ਛਾਪ ਛੱਡ ਗਿਆ, ਜਿਸ ਨੂੰ ਹਰ ਪੰਜਾਬੀ ਨੂੰ ਦੇਖਣਾ ਚਾਹੀਦਾ ਹੈ। ਪੰਜਾਬੀ ਰੰਗਮੰਚ ਨੂੰ ਹੋਰ ਉਤਸ਼ਾਹਿਤ ਕਰਨ ਲਈ ਵੱਧ ਤੋਂ ਵੱਧ ਪੰਜਾਬੀਆਂ ਨੂੰ ਨਾਟਕ ਜ਼ਰੂਰ ਵੇਖਣੇ ਚਾਹੀਦੇ ਹਨ, ਤਾਂ ਜੋ ਰੰਗਮੰਚ 'ਤੇ ਹੋਰ ਵੀ ਬੇਹਤਰੀਨ ਕੰਮ ਹੋ ਸਕੇ।

# ਬੱਚਿਆਂ ਦੀ ਇਕਾਗਰਤਾ ਨੂੰ ਭੰਗ ਕਰਦਾ ਹੈ ਸਕਰੀਨ ਟਾਈਮ


**ਬਲਜਿੰਦਰ ਮਾਨ**
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150- 18947
ਪੰਜਾਬ ਮੇਲUSA






ਅੱਜ ਅਸੀਂ ਏ.ਆਈ. ਦੇ ਯੁੱਗ ਵਿਚੋਂ ਲੰਘ ਰਹੇ ਹਾਂ। ਸਮੇਂ ਨੇ ਬਦਲਣਾ ਹੁੰਦਾ ਹੈ, ਇਹ ਕੁਦਰਤ ਦਾ ਨਿਯਮ ਹੈ। ਤਬਦੀਲੀ ਨਾਲ ਹੀ ਵਿਕਾਸ ਹੁੰਦਾ ਹੈ। ਜੇਕਰ ਅਸੀਂ ਪੁਰਾਣੇ ਕੱਪੜੇ ਨਹੀਂ ਉਤਾਰਾਂਗੇ, ਤਾਂ ਨਵੇਂ ਪਾਉਣ ਦੀ ਵਾਰੀ ਨਹੀਂ ਆਵੇਗੀ। ਇਸੇ ਤਰ੍ਹਾਂ ਇਹ ਸਮਾਜ ਢਹਿੰਦਾ ਤੇ ਉਸਰਦਾ ਰਹਿੰਦਾ ਹੈ। ਸਮਿਆਂ ’ਤੇ ਝਾਤੀ ਮਾਰੀਏ, ਤਾਂ ਕਿੰਨੀਆਂ ਸੱਭਿਆਤਾਵਾਂ ਇਸ ਸੰਸਾਰ ਵਿਚ ਆਈਆਂ ਤੇ ਚਲੀਆਂ ਗਈਆਂ। ਇਸੇ ਤਰ੍ਹਾਂ ਅੱਜ ਸਾਡਾ ਸਮਾਜ ਵਿਕਾਸ ਦੀ ਲੀਹ ਨੂੰ ਫੜ ਕੇ ਉੱਚੀਆਂ ਉਡਾਰੀਆਂ ਮਾਰ ਰਿਹਾ ਹੈ। ਦੇਖਣਾ ਇਹ ਹੈ ਕਿ ਇਹ ਵਿਕਾਸ ਕੁਦਰਤ ਮੁਖੀ ਹੈ ਕਿ ਮਨਮੁਖੀ ਹੈ। ਜੇਕਰ ਇਹ ਵਿਕਾਸ ਮਨਮੁਖੀ ਹੈ, ਤਾਂ ਇਸ ਨਾਲ ਵਿਨਾਸ਼ ਵੀ ਹੋਵੇਗਾ, ਜੇਕਰ ਇਹ ਕੁਦਰਤ ਮੁਖੀ ਹੈ, ਤਾਂ ਕੁਦਰਤ ਸਾਡੇ ਅੰਗ-ਸੰਗ ਹੋ ਕੇ ਸਾਨੂੰ ਖੁਸ਼ੀਆਂ ਖੇੜੇ ਪ੍ਰਦਾਨ ਕਰੇਗੀ।

ਅੱਜ ਦੇ ਸਮੇਂ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਜਿਸ ਚੀਜ਼ ਦੀ ਪਹਿਲੀ ਜਾਣਕਾਰੀ ਮਿਲਦੀ ਹੈ। ਉਹ ਹੈ ਮੋਬਾਈਲ ਫੋਨ। ਕਿਉਂਕਿ ਉਸ ਦੀ ਪਹਿਲੀ ਤਸਵੀਰ ਇਸ ਫੋਨ ਰਾਹੀਂ ਹੀ ਖਿੱਚ ਕੇ ਯਾਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਤੱਕ ਭੇਜੀ ਜਾਂਦੀ ਹੈ। ਇਸ ਤਰ੍ਹਾਂ ਉਸ ਦਾ ਨਾਤਾ ਸਭ ਤੋਂ ਪਹਿਲਾਂ ਫੋਨ ਨਾਲ ਜੁੜ ਜਾਂਦਾ ਹੈ, ਜਦਕਿ ਉਸ ਨੂੰ ਅਜੇ ਗੁੜ੍ਹਤੀ ਵੀ ਨਹੀਂ ਦਿੱਤੀ ਹੁੰਦੀ। ਇਸੇ ਕਰਕੇ ਉਹ ਜਦੋਂ ਆਪਣੀਆਂ ਅੱਖਾਂ ਖੋਲ੍ਹਦਾ ਤੇ ਆਲੇ-ਦੁਆਲੇ ਦੇ ਸੰਸਾਰ ਨੂੰ ਦੇਖਦਾ ਹੈ, ਤਾਂ ਉਸ ਦੇ ਪਰਿਵਾਰ ਦਾ ਹਰ ਜੀਅ ਸਕਰੀਨ ਨਾਲ ਚੁੰਬੜਿਆ ਦਿਖਾਈ ਦਿੰਦਾ ਹੈ। ਉਸ ਨੂੰ ਵੀ ਇੰਝ ਮਹਿਸੂਸ ਹੁੰਦਾ ਹੈ ਕਿ ਸਭ ਤੋਂ ਉੱਤਮ ਅਤੇ ਮਹੱਤਵਪੂਰਨ ਕਾਰਜ ਸਕਰੀਨ ਨਾਲ ਜੁੜਨਾ ਹੀ ਹੈ ਜਾਂ ਸਕਰੀਨ ਵਿਚੋਂ ਕੁਝ ਲੱਭਣਾ ਹੈ। ਜਿਵੇਂ-ਜਿਵੇਂ ਉਸ ਨੂੰ ਸੋਝੀ ਆਉਂਦੀ ਹੈ, ਤਾਂ ਉਹ ਆਪਣੀ ਮਾਂ ਕੋਲੋਂ ਇਸ ਦੀ ਮੰਗ ਕਰਨੀ ਸ਼ੁਰੂ ਕਰ ਦਿੰਦਾ ਹੈ। ਤੇ ਮਾਵਾਂ ਆਪਣਾ ਕੰਮ ਕਾਰ ਨਿਬੇੜਨ ਵਾਸਤੇ ਬੱਚੇ ਹੱਥ ਮੋਬਾਈਲ ਫੋਨ ਫੜਾ ਦਿੰਦੀਆਂ ਹਨ ਤੇ ਬੱਚਾ ਆਪਣੀ ਮਰਜ਼ੀ ਨਾਲ ਉਂਗਲਾਂ ਮਾਰਦਾ-ਮਾਰਦਾ ਪਤਾ ਨਹੀਂ ਕਿਹੜੇ ਗਹਿਰੇ ਖੂਹ ਵਿਚ ਡਿੱਗ ਪੈਂਦਾ ਹੈ। ਤੁਸੀਂ ਦੇਖਿਆ ਹੋਵੇਗਾ ਕਿ ਅੱਜਕੱਲ੍ਹ ਦੇ ਬੱਚੇ ਫੋਨ ਫੜ ਕੇ ਹੀ ਖਾਣਾ ਖਾਂਦੇ ਹਨ ਜਾਂ ਦੁੱਧ ਪੀਂਦੇ ਹਨ, ਇਥੋਂ ਤੱਕ ਕਿ ਉਹ ਪੜ੍ਹਨ ਲਈ ਵੀ ਤਰਜੀਹ ਫੋਨ ਨੂੰ ਹੀ ਦੇ ਰਹੇ ਹਨ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਯੰਤਰ ਨੇ ਸਾਨੂੰ ਕੀ ਕੁਝ ਦਿੱਤਾ ਤੇ ਕੀ ਕੁਝ ਖੋਹਿਆ। ਮਸ਼ੀਨ ਮਨੁੱਖ ਦੇ ਕੰਮ ਨੂੰ ਸੁਖਾਲਾ ਬਣਾਉਣ ਲਈ ਤਿਆਰ ਕੀਤੀ ਗਈ ਸੀ। ਜਦਕਿ ਅੱਜ ਮਨੁੱਖ ਮਸ਼ੀਨ ਦਾ ਗੁਲਾਮ ਬਣਿਆ ਬੈਠਾ ਹੈ। ਇਸ ਗੁਲਾਮੀ ਕਾਰਨ ਹੀ ਮਨੁੱਖ ਵਿਚੋਂ ਮਨੁੱਖਤਾ ਖਤਮ ਹੋ ਰਹੀ ਹੈ ਅਤੇ ਬੱਚਿਆਂ ਵਿਚੋਂ ਬਚਪਨ ਗਾਇਬ ਹੋ ਗਿਆ ਹੈ। ਉਹ ਉਮਰ ਤੋਂ ਪਹਿਲਾਂ ਹੀ ਜਵਾਨ ਹੋਣ ਲੱਗ ਪਏ ਹਨ। ਜਿਸ ਕਾਰਨ ਸਮੇਂ ਤੋਂ ਪਹਿਲਾਂ ਅਜੀਬੋ ਗਰੀਬ ਘਟਨਾਵਾਂ ਘੱਟ ਰਹੀਆਂ ਹਨ। ਇਨ੍ਹਾਂ ਸਭ ਵਰਤਾਰਿਆਂ ਵਿਚ ਸਭ ਤੋਂ ਵੱਡਾ ਯੋਗਦਾਨ ਮਾਂ ਅਤੇ ਪਰਿਵਾਰ ਦਾ ਹੈ। ਜੇਕਰ ਅਸੀਂ ਪਰਿਵਾਰ ਵਿਚ ਇਕੱਠੇ ਬੈਠ ਕੇ ਗੱਲਬਾਤ ਕਰਦੇ ਹਾਂ, ਇਕੱਠੇ ਬੈਠ ਕੇ ਖਾਣਾ ਖਾਂਦੇ ਹਾਂ ਅਤੇ ਫੋਨ ਦੀ ਵਰਤੋਂ ਲੋੜ ਅਨੁਸਾਰ ਵਰਤਦੇ ਹਾਂ ਤਾਂ ਸਾਡੇ ਨਵ-ਜਨਮੇ ਅਤੇ ਵੱਡੇ ਹੋ ਰਹੇ ਬੱਚੇ ’ਤੇ ਵੀ ਉਹੀ ਪ੍ਰਭਾਵ ਪੈਂਦਾ ਹੈ। ਬੱਚੇ ਨੇ ਤਾਂ ਨਕਲ ਕਰਨੀ ਹੁੰਦੀ ਹੈ। ਉਹ ਸਭ ਤੋਂ ਪਹਿਲਾਂ ਮਾਂ-ਬਾਪ ਤੇ ਪਰਿਵਾਰ ਦੀ ਨਕਲ ਕਰਦਾ ਹੈ। ਪਰਿਵਾਰ ਹੀ ਸਭ ਤੋਂ ਵੱਡਾ ਸਕੂਲ ਹੁੰਦਾ ਹੈ।

ਇਸ ਲਈ ਬੱਚਿਆਂ ਨੂੰ ਮੋਬਾਈਲ ਦੀ ਆਦਤ ਤੋਂ ਬਚਾਉਣ ਲਈ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਵੱਡੇ ਹੋ ਰਹੇ ਬੱਚੇ ਹੱਥ ਘੱਟ ਤੋਂ ਘੱਟ ਸਮਾਂ ਫੋਨ ਦਈਏ ਅਤੇ ਖੁਦ ਵੀ ਘੱਟ ਤੋਂ ਘੱਟ ਸਮਾਂ ਉਸਦੇ ਸਾਹਮਣੇ ਫੋਨ ਦੀ ਵਰਤੋਂ ਕਰੀਏ। ਮਾਹਿਰ ਵਿਗਿਆਨੀਆਂ ਅਤੇ ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਦੋ ਸਾਲ ਦੀ ਉਮਰ ਤੱਕ ਬੱਚੇ ਨੂੰ ਸਕਰੀਨ ਦਿਖਾਉਣੀ ਹੀ ਨਹੀਂ ਚਾਹੀਦੀ ਕਿਉਂਕਿ ਇਸ ਵਿਚੋਂ ਆਉਂਦੀਆਂ ਰੰਗ-ਬਿਰੰਗੀਆਂ ਕਿਰਨਾਂ ਉਸ ਦੀ ਦ੍ਰਿਸ਼ਟੀ ਅਤੇ ਦਿਮਾਗ ’ਤੇ ਭੈੜਾ ਅਸਰ ਪਾਉਂਦੀਆਂ ਹਨ। ਅਸੀਂ ਬੱਚੇ ਨੂੰ ਖੁਸ਼ ਕਰਨ ਦੀ ਇਹ ਜਿਹੜੀ ਲੱਤ ਲਾਈ ਹੈ, ਉਹ ਉਸ ਦੇ ਭਵਿੱਖ ਲਈ ਖਤਰਨਾਕ ਸਾਬਤ ਹੋ ਸਕਦੀ ਹੈ।

ਇੱਕ ਸਰਵੇਖਣ ਅਨੁਸਾਰ ਪੰਜ ਸਾਲ ਤੱਕ 37.7 ਪ੍ਰਤੀਸ਼ਤ ਬੱਚੇ ਫੋਨ ਦੀ ਵਰਤੋਂ ਕਰ ਰਹੇ ਹਨ। ਭਾਰਤ ਵਿਚ ਇਸ ਦੀ ਵਰਤੋਂ 76.76 ਫੀਸਦੀ ਤੱਕ ਹੈ, ਜਦਕਿ ਪੰਜਾਬ ਵਿਚ 96.2 ਪ੍ਰਤੀਸ਼ਤ ਬੱਚਿਆਂ ਦੁਆਰਾ ਫੋਨ ਦੀ ਵਰਤੋਂ ਕੀਤੀ ਜਾ ਰਹੀ ਹੈ। ਹੁਣ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਪੰਜਾਬ ਵਿਚ ਰਹਿੰਦੇ ਬੱਚੇ ਸਕਰੀਨ ਟਾਈਮ ਕਿੰਨਾ ਦੇ ਰਹੇ ਹਨ। ਤਕਨੀਕੀ ਮਾਹਿਰਾਂ ਅਨੁਸਾਰ 24 ਘੰਟਿਆਂ ਵਿਚ ਵੱਧ ਤੋਂ ਵੱਧ ਦੋ ਘੰਟੇ ਅਤੇ ਕਾਰੋਬਾਰ ਕਰਨ ਵਾਲਿਆਂ ਲਈ ਚਾਰ ਘੰਟੇ ਸਕਰੀਨ ਟਾਈਮ ਹੋ ਸਕਦਾ ਹੈ। ਇਸ ਲਈ ਸਾਡੀ ਇਹ ਸਭ ਦੀ ਡਿਊਟੀ ਬਣਦੀ ਹੈ ਕਿ ਅਸੀਂ ਬੱਚਿਆਂ ਨੂੰ ਇਸਦਾ ਸਹੀ ਇਸਤੇਮਾਲ ਸਿਖਾਈਏ। ਕਿਸੇ ਨੇ ਸੱਚ ਹੀ ਲਿਖਿਆ ਹੈ ਕਿ ਅੱਤ ਨਾ ਭਲਾ ਬੋਲਿਆ, ਅੱਤ ਨਾ ਭਲੀ ਚੁੱਪ। ਅੱਤ ਨਾ ਭਲਾ ਮੇਘਲਾ ਅੱਤ ਨਾ ਭਲੀ ਧੁੱਪ। ਅੱਤ ਹਰ ਚੀਜ਼ ਦੀ ਮਾੜੀ ਹੀ ਹੁੰਦੀ ਹੈ। ਸਿਆਣੇ ਆਖਦੇ ਨੇ ਕਿ ਲਛਮਣ ਰੇਖਾ ਦੇ ਅੰਦਰ ਰਹਿਣ ਵਿਚ ਹੀ ਭਲਾਈ ਹੁੰਦੀ ਹੈ।

ਬਾਲ ਮਾਨਸਿਕਤਾ ’ਤੇ ਪੈ ਰਹੇ ਭੈੜੇ ਪ੍ਰਭਾਵਾਂ ਵਿਚ ਸਭ ਤੋਂ ਭੈੜਾ ਪ੍ਰਭਾਵ ਇਹ ਹੈ ਕਿ ਬੱਚੇ ਦੀ ਇਕਾਗਰਤਾ ਭੰਗ ਰਹਿੰਦੀ ਹੈ। ਉਸ ਅੰਦਰ ਚਿੜਚਿੜਾਪਨ ਆ ਜਾਂਦਾ ਹੈ। ਬਹੁਤ ਜਲਦੀ ਐਨਕਾਂ ਲੱਗ ਜਾਂਦੀਆਂ ਹਨ ਤੇ ਬੱਚੇ ਦੀ ਸ਼ਖ਼ਸੀਅਤ ਵੀ ਅਗੜ ਦੁਗੜੀ ਬਣਦੀ ਹੈ। ਉਹ ਕਿਸੇ ਵੀ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੇ ਕਾਬਿਲ ਨਹੀਂ ਹੁੰਦਾ, ਸਗੋਂ ਇਧਰ-ਉਧਰ ਦੀਆਂ ਗੱਲਾਂ ਨਾਲ ਗੁਜ਼ਾਰਾ ਕਰਨਾ ਸਿੱਖ ਜਾਂਦਾ ਹੈ। ਲੋੜ ਅਨੁਸਾਰ ਕੀਤੀ ਵਰਤੋਂ ਸਾਨੂੰ ਸਮੇਂ ਦਾ ਹਾਣੀ ਬਣਾਉਂਦੀ ਹੈ। ਜਿਹੜੇ ਵਿਦਿਆਰਥੀ ਇਸ ਦੀ ਨਾਜਾਇਜ਼ ਵਰਤੋਂ ਕਰਦੇ ਹਨ, ਉਨ੍ਹਾਂ ਦੇ ਦਿਲ ਦੇ ਦਿਮਾਗ ਵਿਚ ਰੌਸ਼ਨ ਕਿਰਨਾਂ ਦੀ ਬਜਾਏ ਹਨੇਰੇ ਦਾ ਪਸਾਰਾ ਹੁੰਦਾ ਜਾਂਦਾ ਹੈ। ਬੱਚੇ ਵਿਚੋਂ ਬਚਪਨ ਖਤਮ ਹੁੰਦਾ ਜਾਂਦਾ ਹੈ ਉਹ ਪਰਿਵਾਰਕ ਪਿਆਰ ਅਤੇ ਰਿਸ਼ਤੇ ਨਾਤਿਆਂ ਦੀ ਆਦਰ ਕਰਨੀ ਵੀ ਭੁੱਲ ਜਾਂਦੀ ਹੈ। ਕਹਿਣ ਤੋਂ ਭਾਵ ਇਹ ਕਿ ਜੇਕਰ ਅਸੀਂ ਫੋਨ ਦੀ ਸਹੀ ਵਰਤੋਂ ਨਹੀਂ ਕਰਦੇ, ਤਾਂ ਸਾਡੇ ਬੱਚੇ ਜੀਵਨ ਵਿਚ ਗੁਣੀ ਗਿਆਨੀ ਨਹੀਂ ਬਣ ਸਕਦੇ। ਬਚਪਨ ਵਿਚ ਹੀ ਬੱਚੇ ਨੂੰ ਇਸ ਦਾ ਸਹੀ ਇਸਤੇਮਾਲ ਸਿਖਾਇਆ ਜਾਣਾ ਜ਼ਰੂਰੀ ਹੈ। ਜਿਹੜੀਆਂ ਐਪਸ ਬੱਚੇ ਨੂੰ ਗਿਆਨ ਦਿੰਦੀਆਂ ਹਨ, ਉਹੀ ਉਸ ਦੇ ਫੋਨ ’ਤੇ ਹੋਣੀਆਂ ਚਾਹੀਦੀਆਂ ਹਨ।

ਸੋਸ਼ਲ ਮੀਡੀਏ ਨੇ ਤਾਂ ਹਰ ਕਿਸੇ ਦਾ ਦਿਮਾਗ ਹੀ ਖ਼ਰਾਬ ਕਰ ਦਿੱਤਾ ਹੈ ਕਿਉਂਕਿ ਇਸ ’ਤੇ ਕਿਸੇ ਪ੍ਰਕਾਰ ਦਾ ਨਿਯਮ ਲਾਗੂ ਨਹੀਂ। ਜੇਕਰ ਕੋਈ ਨਿਯਮ ਲਾਗੂ ਨਹੀਂ, ਤਾਂ ਸੱਚ ਝੂਠ ਦਾ ਨਿਤਾਰਾ ਕਿਵੇਂ ਹੋਵੇਗਾ? ਬੱਚਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ ’ਤੇ ਨਰੋਆ ਬਣਾਉਣ ਲਈ ਇਹ ਜ਼ਰੂਰਤ ਹੈ ਕਿ ਉਸ ਦਾ ਸਕਰੀਨ ਟਾਈਮ ਘਟਾਇਆ ਜਾਵੇ ਅਤੇ ਵੱਧ ਤੋਂ ਵੱਧ ਸਰੀਰਕ ਕਸਰਤਾਂ ਵੱਲ ਧਿਆਨ ਦਿੱਤਾ ਜਾਵੇ। ਵੀਡੀਓ ਗੇਮਾਂ ਖੇਡਣ ਦੀ ਬਜਾਏ ਉਹ ਗਰਾਊਂਡ ਵਿਚ ਜਾ ਕੇ ਦੌੜ ਭੱਜ ਕਰੇ, ਤਾਂ ਕਿ ਉਸਦਾ ਸਰੀਰਕ ਵਿਕਾਸ ਹੋਵੇ ਤੇ ਉਹ ਚੰਗਿਆਂ ਦੀ ਸੰਗਤ ਵਿਚ ਵਿਚਾਰ-ਵਟਾਂਦਰਾ ਕਰੇ, ਤਾਂ ਕਿ ਉਸਦੇ ਵਿਚਾਰਾਂ ਵਿਚ ਉਚਤਾ ਆਵੇ।

ਏ.ਆਈ. ਦੇ ਇਸਤੇਮਾਲ ਨਾਲ ਬੱਚੇ ਦੀ ਸਿਰਜਣਸ਼ੀਲਤਾ ’ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਜਿਹੜੀਆਂ ਗੱਲਾਂ ਉਸਨੇ ਖੁਦ ਖੋਜਣੀਆਂ ਹੁੰਦੀਆਂ ਹਨ, ਉਹ ਉਸ ਨੂੰ ਪਹਿਲਾਂ ਹੀ ਤਿਆਰ ਮਿਲ ਜਾਂਦੀਆਂ ਹਨ। ਜਿਸ ਕਾਰਨ ਉਸਦੀ ਦਿਮਾਗੀ ਸ਼ਕਤੀ ’ਤੇ ਵੀ ਨਕਾਰਾਤਮਕ ਅਸਰ ਪੈਂਦਾ ਹੈ। ਭਾਵੇਂ ਇਹ ਕਾਰਜ ਸੌਖਾ ਲੱਗਦਾ ਹੈ ਪ੍ਰੰਤੂ ਭਵਿੱਖ ਵਿਚ ਉੱਚੀਆਂ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਤੇ ਉਨ੍ਹਾਂ ਪ੍ਰੀਖਿਆਵਾਂ ਵਿਚੋਂ ਪਾਸ ਹੋਣ ਵਾਸਤੇ ਬੱਚੇ ਦੀ ਆਪਣੀ ਦਿਮਾਗੀ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਉੱਥੇ ਇਨ੍ਹਾਂ ਜੰਤਰਾਂ ਦੇ ਇਸਤੇਮਾਲ ਕਰਨ ਦੀ ਆਗਿਆ ਨਹੀਂ ਹੁੰਦੀ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਸਕਰੀਨ ਦੀ ਲੋੜ ਤੋਂ ਵੱਧ ਵਰਤੋਂ ਅਤੇ ਫੋਨ ’ਤੇ ਵੱਧ ਤੋਂ ਵੱਧ ਨਿਰਭਰ ਹੋਣਾ ਬੱਚੇ ਦੇ ਭਵਿੱਖ ਲਈ ਖਤਰੇ ਦਾ ਚਿੰਨ੍ਹ ਹੈ। ਬਚਪਨ ਵਿਚ ਇਸ ਦੀ ਬੇਲੋੜੀ ਵਰਤੋਂ ਉਸ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਜਿੱਥੇ ਰੋੜਾ ਬਣਦੀ ਹੈ, ਉੱਥੇ ਉਸਦੇ ਨਿਰਮਾਣ ਵਿਚ ਕਈ ਊਣਤਾਈਆਂ ਵੀ ਪੈਦਾ ਕਰ ਦਿੰਦੀ ਹੈ। ਇਸ ਲਈ ਜੇਕਰ ਅਸੀਂ ਬੱਚੇ ਨੂੰ ਸਮਿਆਂ ਦਾ ਹਾਣੀ ਬਣਾਉਣਾ ਚਾਹੁੰਦੇ ਹਾਂ, ਤਾਂ ਉਸ ਦਾ ਸਕਰੀਨ ਟਾਈਮ ਘਟਾਉਣਾ ਹੋਵੇਗਾ।




# 'ਝਲਕ ਝਲੂਰ ਪਿੰਡ ਦੀ' ਪੁਸਤਕ ਪਿੰਡ ਤੇ ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਦਾ ਸੁਮੇਲ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਮਾਸਟਰ ਹਰਦੇਵ ਸਿੰਘ ਪ੍ਰੀਤ ਨੇ ਆਪਣੇ ਜੱਦੀ ਪਿੰਡ ਝਲੂਰ ਦੇ ਇਤਿਹਾਸਕ, ਮਿਥਿਹਾਸਕ ਅਤੇ ਸੱਭਿਆਚਾਰਕ ਪੱਖਾਂ ਨੂੰ ਦਰਸਾਉਣ ਵਾਲੀ ਇੱਕ ਵੱਡ ਆਕਾਰੀ ਪੁਸਤਕ 'ਝਲਕ ਝਲੂਰ ਪਿੰਡ ਦੀ (ਇਤਿਹਾਸ ਅਤੇ ਸੱਭਿਆਚਾਰ)' ਲਿਖਕੇ ਆਪਣੇ ਪਿੰਡ ਦਾ ਨਾਮ ਪਿੰਡਾਂ ਦੇ ਇਤਿਹਾਸ ਵਿਚ ਦਰਜ ਕਰ ਦਿੱਤਾ ਹੈ। ਇਹ ਖੋਜੀ ਪੁਸਤਕ ਹੈ, ਇਸ ਵਿਚ ਉਸਨੇ ਆਪਣੇ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਪਤਵੰਤੇ ਵਿਅਕਤੀਆਂ ਅਤੇ ਸਮੁੱਚੇ ਪੰਜਾਬ ਦੇ ਸੱਭਿਆਚਾਰ ਬਾਰੇ ਬਾਕਮਾਲ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਉਸਦੀਆਂ ਦੋ ਪੁਸਤਕਾਂ ਜਿਨ੍ਹਾਂ ਵਿਚ ਇੱਕ 'ਤੇਰੇ ਭਾਣੇ' ਨਾਵਲ ਅਤੇ ਇੱਕ 'ਮੁੱਦਾ ਖ਼ਤਮ' ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੀਆਂ ਹਨ। ਅਧਿਆਪਕ ਹੋਣ ਦੇ ਨਾਤੇ ਮਾਸਟਰ ਹਰਦੇਵ ਸਿੰਘ ਪ੍ਰੀਤ ਨੇ ਨਿੱਠਕੇ ਬੜੀ ਸ਼ਿੱਦਤ ਅਤੇ ਮਿਹਨਤ ਕਰਕੇ ਆਪਣੇ ਪਿੰਡ ਅਤੇ ਪਿੰਡ ਦੇ ਲੋਕਾਂ ਦੇ ਹਰ ਪੱਖ ਦੀ ਪ੍ਰਾਪਤੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ, ਪਿੰਡ ਦੀ ਮੋਹੜੀ ਗੱਡਣ ਦੀ ਜਾਣਕਾਰੀ ਉਪਲੱਬਧ ਨਹੀਂ ਹੈ। ਇਸ ਪੁਸਤਕ ਨੂੰ ਸਚਿੱਤਰ ਪੁਸਤਕ ਕਿਹਾ ਜਾ ਸਕਦਾ ਹੈ, ਕਿਉਂਕਿ ਲੇਖਕ ਨੇ ਆਪਣੀਆਂ ਲਿਖਤਾਂ ਨੂੰ ਸਹੀ ਸਾਬਤ ਕਰਨ ਲਈ ਤੱਥਾਂ ਸਮੇਤ ਜਾਣਕਾਰੀ ਦੇ ਨਾਲ ਰੰਗਦਾਰ ਤਸਵੀਰਾਂ/ਸਕੈਚ ਵੀ ਪ੍ਰਕਾਸ਼ਤ ਕੀਤੀਆਂ ਹਨ। ਲੇਖਕ ਨੇ ਇਸ ਪਿੰਡ ਦੇ ਰੰਧਾਵਾ ਪਰਿਵਾਰਾਂ ਦੇ ਹਵਾਲੇ ਨਾਲ ਪਿੰਡ ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਜਲਾਲ ਜੀ ਦੀ ਅੰਸ਼-ਵੰਸ਼ ਨਾਲ ਜੋੜਿਆ ਹੈ। ਇਸ ਪੁਸਤਕ ਵਿਚ ਉਸਨੇ ਕਈ ਵਿਲੱਖਣ ਗੱਲਾਂ ਕੀਤੀਆਂ ਹਨ, ਸਾਰੇ ਪਿੰਡ ਦੇ ਪਰਿਵਾਰਾਂ ਦੇ ਕੁਰਸੀਨਾਮੇ (ਬੰਸਾਵਲੀ) ਦਿੱਤੇ ਹਨ। ਇਹ ਇੱਕ ਬਹੁਤ ਵੱਡਾ ਉਦਮ ਹੈ। ਪੁਸਤਕ ਵਿਚ ਵਰਤੀ ਗਈ ਭਾਸ਼ਾ ਸਰਲ ਤੇ ਠੇਠ ਮਲਵਈ ਦਿਹਾਤੀ ਸ਼ਬਦਾਵਲੀ ਹੈ। ਪੁਸਤਕ ਨੂੰ ਉਸਨੇ ਚਾਰ ਭਾਗਾਂ ਵਿਚ ਵੰਡਿਆ ਹੈ।

ਪਹਿਲੇ ਭਾਗ ਵਿਚ ਪਿੰਡ ਕਿਸਨੂੰ ਕਹਿੰਦੇ ਹਨ, ਉਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਪਿੰਡ ਅਜਿਹੀ ਇਕਾਈ ਹੁੰਦਾ ਹੈ, ਜਿਥੇ ਜੀਵਨ ਬਸਰ ਕਰਨ ਲਈ ਮੁੱਢਲੀਆਂ ਜ਼ਰੂਰਤਾਂ ਉਪਲਬੱਧ ਹੋਣ। ਮੁੱਖ ਤੌਰ 'ਤੇ ਕਿਸਾਨੀ ਦਾ ਕਾਰੋਬਾਰ ਤੇ ਕਿਸਾਨੀ ਨਾਲ ਸੰਬੰਧਤ ਹਰ ਵਰਗ ਦੇ ਲੋਕ ਹੋਣ। ਪਹਿਲਾਂ ਇਹ ਪਿੰਡ ਪਟਿਆਲਾ ਰਿਆਸਤ ਵਿਚ ਹੁੰਦਾ ਸੀ। ਹੁਣ ਸੰਗਰੂਰ ਜ਼ਿਲ੍ਹੇ ਵਿਚ ਹੈ। ਪਿੰਡ ਦੀ ਆਬਾਦੀ 3211 ਜਿਨ੍ਹਾਂ ਵਿਚ 1742 ਮਰਦ, 1469 ਔਰਤਾਂ ਲਗਪਗ 20 ਫ਼ੀਸਦੀ ਔਰਤਾਂ ਪੜ੍ਹੀਆਂ-ਲਿਖੀਆਂ, 604 ਘਰ ਤਿੰਨ ਪੱਤੀਆਂ ਰਮਦਾਸ, ਸੂਚ ਤੇ ਰਾਜਪੂਤ, ਮੁੱਖ ਫ਼ਸਲਾਂ ਹਾੜ੍ਹੀ: ਕਣਕ, ਜੌਂ, ਛੋਲੇ, ਬਰਸੀਨ ਤੇ ਸਰ੍ਹੋਂ, ਸਾਉਣੀ: ਕਪਾਹ, ਕਮਾਦ, ਚਰੀ, ਤੋਰੀਆ, ਝੋਨਾ, ਅਰਹਰ ਤੇ ਆਲੂ ਹਨ। ਪਿੰਡ ਬਾਰੇ ਜਾਣਕਾਰੀ ਵਿਚ ਝਲੂਰ ਦੀ ਖਾਸੀਅਤ, ਭਾਈਚਾਰਾ, ਮਰਦਮਸ਼ੁਮਾਰੀ, ਆਬਾਦੀ, ਜਮ੍ਹਾਂਬੰਦੀ ਅਨੁਸਾਰ ਭੂਗੋਲਿਕ ਰਕਬਾ, ਪੱਤੀਆਂ, ਭੂਮੀ ਦੀਆਂ ਕਿਸਮਾਂ, ਫ਼ਸਲਾਂ, ਜਾਤੀਆਂ, ਗੋਤ, ਖਿਡਾਰੀ, ਸਮਾਜ ਸੇਵਕ, ਧਾਰਮਿਕ ਸਥਾਨ, ਧਰਮਸ਼ਾਲਾਵਾਂ, ਆਟਾ ਚੱਕੀਆਂ, ਦਾਣੇ ਭੁੰਨਣ ਵਾਲੀਆਂ ਭੱਠੀਆਂ, ਘੁਲਾੜੀਆਂ, ਵਿਦਿਆ ਮੰਦਰ, ਡਿਸਪੈਂਸਰੀਆਂ ਸਿਵਲ ਤੇ ਪਸ਼ੂ, ਸੁਵਿਧਾ ਕੇਂਦਰ, ਵਾਟਰ ਵਰਕਸ, ਸਹਿਕਾਰੀ ਸਭਾ, ਕਮਿਊਨਿਟੀ ਸੈਂਟਰ, ਪੰਚਾਇਤ ਘਰ, ਦੁਕਾਨਾ, ਬੱਸ ਅੱਡੇ, ਗਊਸ਼ਾਲਾ, ਯੁਵਕ ਕਲੱਬ, ਸਪੋਰਟਸ ਕਲੱਬ, ਖੂਹ, ਟੋਭੇ ਅਤੇ ਸੁਵਿਧਾ ਸੈਂਟਰ ਆਦਿ ਬਾਰੇ ਜਾਣਕਾਰੀ ਦਿੱਤੀ ਹੈ। ਸਾਰੇ ਪੰਚ ਸਰਪੰਚ, ਨੰਬਰਦਾਰ, ਚੌਕੀਦਾਰ, ਨਗਰ ਕੌਂਸਲ ਪ੍ਰਧਾਨ, ਸੰਗਰੂਰ ਜ਼ਿਲ੍ਹੇ ਅਤੇ ਨੇੜੇ ਦੇ ਵਿਧਾਨ ਸਭਾ ਹਲਕਿਆਂ ਦੇ ਵਿਧਾਨਕਾਰਾਂ ਅਤੇ ਸੰਸਦੀ ਹਲਕਿਆਂ ਦੇ ਮੈਂਬਰਾਂ ਦੀ ਸੂਚੀ ਸ਼ੁਰੂ ਤੋਂ 2024 ਤੱਕ ਦਿੱਤੀ ਹੈ। ਵਿਧਾਨ ਸਭਾ ਤੇ ਸੰਸਦ ਮੈਂਬਰਾਂ ਕਿਹੜੇ ਸਮੇਂ ਤੇ ਕਿਹੜੀ ਪਾਰਟੀ ਦੇ... ਆਦਿ ਦਿੱਤਾ ਹੈ।




**520 ਪੰਨਿਆਂ, 660 ਰੁਪਏ ਕੀਮਤ ਵਾਲੀ ਸਚਿੱਤਰ ਪੁਸਤਕ ਜ਼ੋਹਰਾ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਮਾਸਟਰ ਹਰਦੇਵ ਸਿੰਘ ਪ੍ਰੀਤ : 09463035535**

*ਪਹਿਲੇ ਭਾਗ ਵਿਚ ਪਿੰਡ ਕਿਸਨੂੰ ਕਹਿੰਦੇ ਹਨ, ਉਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਪਿੰਡ ਅਜਿਹੀ ਇਕਾਈ ਹੁੰਦਾ ਹੈ, ਜਿਥੇ ਜੀਵਨ ਬਸਰ ਕਰਨ ਲਈ ਮੁੱਢਲੀਆਂ ਜ਼ਰੂਰਤਾਂ ਉਪਲਬੱਧ ਹੋਣ। ਮੁੱਖ ਤੌਰ 'ਤੇ ਕਿਸਾਨੀ ਦਾ ਕਾਰੋਬਾਰ ਤੇ ਕਿਸਾਨੀ ਨਾਲ ਸੰਬੰਧਤ ਹਰ ਵਰਗ ਦੇ ਲੋਕ ਹੋਣ। ਪਹਿਲਾਂ ਇਹ ਪਿੰਡ ਪਟਿਆਲਾ ਰਿਆਸਤ ਵਿਚ ਹੁੰਦਾ ਸੀ। ਹੁਣ ਸੰਗਰੂਰ ਜ਼ਿਲ੍ਹੇ ਵਿਚ ਹੈ। ਪਿੰਡ ਦੀ ਆਬਾਦੀ 3211 ਜਿਨ੍ਹਾਂ ਵਿਚ 1742 ਮਰਦ, 1469 ਔਰਤਾਂ ਲਗਪਗ 20 ਫ਼ੀਸਦੀ ਔਰਤਾਂ ਪੜ੍ਹੀਆਂ-ਲਿਖੀਆਂ, 604 ਘਰ ਤਿੰਨ ਪੱਤੀਆਂ ਰਮਦਾਸ, ਸੂਚ ਤੇ ਰਾਜਪੂਤ, ਮੁੱਖ ਫ਼ਸਲਾਂ ਹਾੜ੍ਹੀ: ਕਣਕ, ਜੌਂ, ਛੋਲੇ, ਬਰਸੀਨ ਤੇ ਸਰ੍ਹੋਂ, ਸਾਉਣੀ: ਕਪਾਹ, ਕਮਾਦ, ਚਰੀ, ਤੋਰੀਆ, ਝੋਨਾ, ਅਰਹਰ ਤੇ ਆਲੂ ਹਨ।*

20×30%8 ਸਾਈਜ਼ ਦੇ ਰੰਗਦਾਰ ਤਸਵੀਰਾਂ ਵਾਲੇ 101 ਪੰਨੇ ਹਨ, ਜਿਨ੍ਹਾਂ ਵਿਚ ਪਿੰਡ ਦੇ ਧਾਰਮਿਕ ਤੇ ਇਤਿਹਾਸਕ ਸਥਾਨ, ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ, ਪੰਚ, ਸਰਪੰਚ, ਨੰਬਰਦਾਰ, ਚੌਕੀਦਾਰ, ਖਿਡਾਰੀ, ਸਰਕਾਰੀ ਦਫਤਰ, ਕਲਾਕਾਰ ਦੀਆਂ ਕਲਾਕ੍ਰਿਤੀਆਂ, ਗੀਤਕਾਰ, ਸਮਾਜ ਸੇਵਕ, ਸਹਿਯੋਗੀ, ਗੁਰਦੁਆਰਾ ਕਮੇਟੀ, ਦਰਵਾਜ਼ੇ, ਧਰਮਸ਼ਾਲਾ, ਪੰਚਾਇਤ ਘਰ, ਪੁਰਾਤਨ ਹਵੇਲੀ, ਸ਼ਹੀਦੀ ਯਾਦਗਾਰ, ਆਟਾ ਚੱਕੀਆਂ, ਭੱਠੀਆਂ, ਸਕੂਲ, ਸਿਵਲ ਤੇ ਪਸ਼ੂ ਡਿਸਪੈਂਸਰੀ, ਲੇਖਕ, ਅਧਿਆਪਕ, ਸਰਕਾਰੀ ਅਧਿਕਾਰੀ ਤੇ ਕਰਮਚਾਰੀ, ਵਾਟਰ ਵਰਕਸ, ਅਨਾਜ ਮੰਡੀ, ਬੱਸ ਅੱਡੇ, ਦੁਕਾਨਾਂ, ਗਊਸ਼ਾਲਾ, ਆਈ.ਏ.ਐੱਸ., ਆਈ.ਆਰ.ਐੱਸ., ਫ਼ੌਜੀ, ਪੰਜਾਬ ਪੁਲਿਸ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹਨ। ਚਾਰ ਪੰਨੇ ਤਿਥ ਤਿਓਹਾਰਾਂ, ਦੋ ਪੰਨੇ ਰਸਮ ਰਿਵਾਜ਼ਾਂ, 5 ਪੰਜ ਪੰਨੇ ਔਰਤਾਂ ਦੇ ਗਹਿਣੇ, 3 ਪੰਨੇ ਖੇਡਾਂ, ਦੋ ਪੰਨੇ ਸਿੱਕੇ ਤੇ ਨੋਟਾਂ, ਦੋ ਪੰਨੇ ਆਵਾਜਾਈ ਦੇ ਸਾਧਨਾਂ ਅਤੇ ਪੁਸਤਕ ਦੇ ਮੁੱਖ ਕਵਰ ਦੇ ਦੋ ਪੰਨੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਆਪਣੀਆਂ ਲਿਖਤਾਂ ਦੇ ਨਾਲ 238 ਬਲੈਕ ਐਂਡ ਵਾਈਟ ਤਸਵੀਰਾਂ/ਸਕੈਚ ਵੀ ਪ੍ਰਕਾਸ਼ਤ ਕੀਤੇ ਹਨ। 102 ਪੰਨੇ ਪਿੰਡ ਦੇ ਪਰਿਵਾਰਾਂ ਦੇ ਕੁਰਸੀਨਾਮਿਆਂ/ਬੰਸਾਵਲੀ ਦੇ ਹਨ।

ਦੂਜੇ ਭਾਗ ਵਿਚ ਪਿੰਡ ਦੇ ਕੰਮ ਧੰਧੇ ਅਤੇ ਉਨ੍ਹਾਂ ਨਾਲ ਸੰਬੰਧਤ ਲੋਕ ਤੇ ਲੋਕਾਂ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਿੰਡ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਖੇਤੀਬਾੜੀ ਦੇ ਸੰਦਾਂ ਦੇ ਨਾਮ ਤੇ ਤਸਵੀਰਾਂ, ਖੇਤੀ ਲਈ ਸਹਾਇਕ ਮਜ਼ਦੂਰਾਂ, ਲੁਹਾਰਾਂ, ਤਰਖਾਣਾ, ਝਿਊਰਾਂ, ਰਮਦਾਸੀਆਂ, ਮਜ਼੍ਹਬੀਆਂ, ਘੁਮਿਆਰਾਂ, ਜੁਲਾਹਿਆਂ ਤੇ ਤੇਲੀਆਂ ਦੀ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਜਾਤਾਂ ਦੇ ਕੰਮਾਂ ਦਾ ਵੇਰਵਾ ਵਿਆਖਿਆ ਨਾਲ ਦਿੱਤਾ ਗਿਆ ਹੈ ਤੇ ਉਨ੍ਹਾਂ ਦੇ ਕੰਮ ਕਰਦਿਆਂ ਦੀਆਂ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਖੇਤੀ ਨਾਲ ਸੰਬੰਧਤ ਪੁਰਾਣੇ ਤੇ ਨਵੇਂ ਸੰਦਾਂ ਬਾਰੇ ਵੀ ਲਿਖਿਆ ਗਿਆ ਹੈ। ਭਾਵ ਪਿੰਡ ਆਪਣੇ ਆਪ ਵਿਚ ਇੱਕ ਦੂਜੇ 'ਤੇ ਨਿਰਭਰ ਹੁੰਦੇ ਹੋਏ ਸਾਰੇ ਆਤਮ ਨਿਰਭਰ ਸਨ। ਇਸ ਤੋਂ ਇਲਾਵਾ ਬਾਜ਼ੀਗਰ, (ਵਾਗੀ) ਪਸ਼ੂ ਚਾਰਨ ਵਾਲੇ ਤੇ ਡੱਗੀ ਵਾਲਿਆਂ ਬਾਰੇ ਪੂਰੀ ਜਾਣਕਾਰੀ ਹੈ। ਇਸਤਰੀਆਂ ਘਰਾਂ ਵਿਚ ਨਾਲੇ, ਦਰੀਆਂ, ਕਪਾਹ ਚੁਗਣ ਤੇ ਵੇਲਣ, ਚਰਖਾ ਕੱਤਣ ਆਦਿ ਬਾਰੇ ਦੱਸਿਆ ਗਿਆ, ਪ੍ਰੰਤੂ ਹੁਣ ਸਮਾਂ ਬਦਲ ਗਿਆ ਹੈ, ਇਹ ਸਾਰੇ ਕੰਮ ਲਗਭਗ ਬੰਦ ਵਰਗੇ ਹੀ ਹਨ। ਪਿੰਡ ਵਿਚ ਹੁਣ ਤਿੱਥ ਤਿਓਹਾਰ ਮਨਾਏ ਜਾਂਦੇ ਹਨ, ਜਿਵੇਂ ਬਸੰਤ ਪੰਚਮੀ, ਹੋਲੀ, ਵਿਸਾਖੀ, ਬਾਸੜੇ, ਨਮਾਣੀ ਇਕਾਦਸੀ, ਤੀਆਂ, ਰੱਖੜੀ, ਜਨਮ ਅਸ਼ਟਮੀ, ਗੁੱਗਾ ਨੌਵੀਂ, ਸਰਾਧ, ਸਾਂਝੀ, ਕਰਵਾ ਚੌਥ, ਝਕਰੀਆਂ, ਦੁਸ਼ਹਿਰਾ, ਦੀਵਾਲੀ ਅਤੇ ਲੋਹੜੀ ਆਦਿ। ਇਸੇ ਤਰ੍ਹਾਂ ਪੁਰਾਣੇ ਰਸਮ-ਰਿਵਾਜ਼ਾਂ ਜਨਮ-ਮਰਨ, ਮਰਨ ਤੋਂ ਬਾਅਦ ਅਤੇ ਵਿਆਹ ਦੀਆਂ ਰਸਮਾਂ ਬਾਰੇ ਵਿਸਤਾਰ ਨਾਲ ਲਿਖਿਆ ਗਿਆ ਹੈ। ਗਹਿਣੇ/ਟੂਮਾਂ ਜਿਨ੍ਹਾਂ ਵਿਚ ਔਰਤਾਂ ਤੇ ਮਰਦਾਂ ਦੇ ਗਹਿਣੇ ਸ਼ਾਮਲ ਹਨ, ਇਨ੍ਹਾਂ ਦੀਆਂ ਤਸਵੀਰਾਂ ਵੀ ਦਿੱਤੀਆਂ ਹਨ। ਖੇਡਾਂ ਵਰਤਮਾਨ ਅਤੇ ਅਲੋਪ ਹੋ ਰਹੀਆਂ ਵਸਤਾਂ, ਖ਼ੁਰਾਕਾਂ ਪਹਿਰਾਵੇ, ਕਰੰਸੀ, ਤੋਲ, ਗਿਣਤੀ, ਮਿਣਤੀ, ਦੇਸੀ ਮਹੀਨੇ, ਮਾਪ, ਖੇਤਰਫਲ, ਜਿਨ੍ਹਾਂ ਬਾਰੇ ਅੱਜ ਦੀ ਨਸਲ ਨੂੰ ਪਤਾ ਹੀ ਨਹੀਂ, ਬਾਰੇ ਵਿਸਤਰਿਤ ਜਾਣਕਾਰੀ ਪ੍ਰਕਾਸ਼ਤ ਕੀਤੀ ਗਈ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਲੇਖਕ ਨੇ ਇਸ ਪੁਸਤਕ ਵਿਚ ਉਹ ਸਾਰੀ ਜਾਣਕਾਰੀ ਦੇ ਦਿੱਤੀ ਹੈ, ਜਿਹੜੀ ਇੱਕ ਸੰਸਥਾ ਲਈ ਵੀ ਇਕੱਤਰ ਕਰਨੀ ਮੁਸ਼ਕਲ ਹੋਣੀ ਸੀ। ਅਜਿਹੇ ਕਾਰਜ ਯੂਨੀਵਰਸਿਟੀਆਂ ਨੂੰ ਕਰਨੇ ਬਣਦੇ ਹਨ, ਜਿਹੜੀਆਂ ਆਪਣੀ ਵਿਰਾਸਤ ਤੋਂ ਅਵੇਸਲੀਆਂ ਹੋਈਆਂ ਪਈਆਂ ਹਨ।

ਤੀਜੇ ਭਾਗ ਵਿਚ ਝਲੂਰ ਪਿੰਡ ਬਾਰੇ ਤਾਂ ਬਹੁਤਾ ਕੁਝ ਹੈ ਨਹੀਂ, ਪ੍ਰੰਤੂ ਪੰਜਾਬ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ, ਪਿੰਡ ਝਲੂਰ ਵਿਚ ਭਾਈਚਾਰਕ ਸਾਂਝ ਦਾ ਮਸਲਾ ਅਤੇ ਲੇਖਕ ਦੀਆਂ ਸੰਜੀਦਾ ਬੇਨਤੀਆਂ ਹਨ, ਜਿਨ੍ਹਾਂ ਬਾਰੇ ਸੋਚਣਾ ਅਤਿਅੰਤ ਜ਼ਰੂਰੀ ਹੈ। ਪਿੰਡ ਦੇ ਇੱਕ ਵਿਅਕਤੀ ਦੀ ਕਹਾਣੀ ਅਤੇ ਇੱਕ ਨੂੰ ਸ਼ਰਧਾਂਜ਼ਲੀ ਹੈ। ਇਹ ਭਾਗ ਪਿੰਡ ਦੀ ਪੁਸਤਕ ਲਈ ਅਤੇ ਪੰਜਾਬ ਦੇ ਸੱਭਿਆਚਾਰ ਬਾਰੇ ਜਿਹੜਾ ਮੈਟਰ ਦਿੱਤਾ ਹੈ, ਭਾਵੇਂ ਉਹ ਝਲੂਰ ਪਿੰਡ ਵਿਚ ਹੁਣ ਵੀ ਮੌਜੂਦ ਰਿਹਾ ਹੈ, ਪ੍ਰੰਤੂ ਇਸਨੇ ਪੁਸਤਕ ਦਾ ਸਾਈਜ਼ ਵੱਡਾ ਕਰ ਦਿੱਤਾ ਹੈ। ਸਹਾਇਕ ਪੁਸਤਕਾਂ ਦੀ ਸੂਚੀ ਦੇ ਕੇ ਪੁਸਤਕ ਦੀ ਸਾਰਥਿਕਤਾ ਬਣਾਈ ਹੈ। ਚੌਥੇ ਭਾਗ ਵਿਚ ਪਿੰਡ ਦੇ 197 ਪਰਿਵਾਰਾਂ/ਭਾਈਚਾਰੇ ਦੀ ਬੰਸਾਵਲੀ ਦਿੱਤੀ ਗਈ, ਜੋ ਇੱਕ ਵਿਲੱਖਣ ਤੇ ਔਖਾ ਕਾਰਜ ਸੀ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਾਸਟਰ ਹਰਦੇਵ ਸਿੰਘ ਪ੍ਰੀਤ ਵਧਾਈ ਦਾ ਪਾਤਰ ਹੈ, ਜਿਸਨੇ ਇਕੱਲਿਆਂ ਕੁਝ ਸੱਜਣਾਂ ਦੇ ਸਹਿਯੋਗ ਨਾਲ ਹੀ ਐਡਾ ਵੱਡਾ ਕਾਰਜ ਕਰਕੇ ਆਪਣੇ ਪਿੰਡ ਦੀ ਮਿੱਟੀ ਨੂੰ ਆਪਣੀ ਅਕੀਦਤ ਭੇਂਟ ਕਰਕੇ ਮਿੱਟੀ ਦਾ ਮੁੱਲ ਤਾਰਿਆ ਹੈ।

# ਇਨਸਾਨੀਅਤ ਲਈ ਆਪਾ ਵਾਰਨ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ



ਮਾਸਟਰ ਜਸਵਿੰਦਰ ਸਿੰਘ ਜਿਊਣਪੁਰਾ
ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋਬਾਇਲ ਨੰਬਰ : 98768-55004
ਪੰਜਾਬ ਮੇਲ USA



ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਜ਼ਿਹਨ ਵਿਚ ਆਉਂਦਿਆਂ ਹੀ ਇੱਕ ਤਪੱਸਵੀ, ਬੈਰਾਗੀ, ਸ਼ਾਂਤੀ ਅਤੇ ਭਗਤੀ ਕਰਨ ਵਾਲੀ ਸ਼ਖਸੀਅਤ ਦੀ ਤਸਵੀਰ ਸਾਹਮਣੇ ਆਉਂਦੀ ਹੈ, ਨਾਲ਼ ਹੀ ਇਹ ਵੀ ਮਨ ਵਿਚ ਖਿਆਲ ਆਉਂਦਾ ਹੈ ਕਿ ਐਸੇ ਕੇਵਲ ਇੱਕ ਹੀ ਪੈਗੰਬਰ ਹਨ, ਜੋ ਦੂਸਰੇ ਧਰਮਾਂ ਦੀ ਧਾਰਮਿਕ ਆਜ਼ਾਦੀ ਲਈ ਆਪਾਂ ਵਾਰ ਗਏ, ਭਾਵ ਸ਼ਹਾਦਤ ਦੇ ਗਏ। ਮਨੁੱਖੀ ਅਧਿਕਾਰਾਂ ਦੀ ਖਾਤਰ ਆਪਣੀ ਕੁਰਬਾਨੀ ਦੇਣ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਅਕਤੀਤਵ ਵਿਚ ਜਿੱਥੇ ਭਗਤ ਭਾਵ, ਸਾਧੂ ਸੁਭਾਅ, ਧਾਰਮਿਕ ਖੁੱਲ੍ਹਦਿਲੀ, ਖਿਮਾ ਸ਼ੀਲਤਾ, ਦਾਰਸ਼ਨਿਕ ਵੇਤਾ, ਸ਼ਾਂਤੀ ਦੇ ਦੂਤ ਵਾਲੇ ਸੰਤ ਗੁਣ ਸ਼ਾਮਲ ਸਨ, ਉੱਥੇ ਹੀ ਉਹ ਇੱਕ ਬਹਾਦਰ ਯੋਧਾ, ਦ੍ਰਿੜ੍ਹ ਨਿਸ਼ਚੇ ਵਾਲੇ, ਨਿਡਰ ਨਿਰਭਉ, ਕ੍ਰਾਂਤੀਕਾਰੀ, ਬਾਗੀ ਵਰਗੇ ਗੁਣ ਵੀ ਸ਼ਾਮਲ ਸਨ ਅਤੇ ਇਹ ਗੁਣ ਆਪਸ ਵਿਚ ਇੰਝ ਓਤ-ਪਰੋਤ ਹੋਏ ਹਨ ਕਿ ਇੱਕ ਨੂੰ ਦੂਜੇ ਤੋਂ ਨਿਖੇੜਨਾ ਆਸਾਨ ਨਹੀਂ। ਇਹੀ ਉਨ੍ਹਾਂ ਦੀ ਵਿਚਾਰਧਾਰਾ ਅਤੇ ਸਿਰੜ ਉਨ੍ਹਾਂ ਨੂੰ ਇੱਕ ਗੁਰੂ ਦੀ ਪਦਵੀ ਤੱਕ ਲੈ ਕੇ ਗਏ। ਜਿਸ ਦੀ ਮਿਸਾਲ ਹੋਰ ਦੂਨੀਆਂ ਵਿਚ ਕਿਤੇ ਵੀ ਨਹੀਂ ਮਿਲਦੀ, ਔਰ ਨਾ ਹੀ ਮਿਲ ਸਕਦੀ। ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਪ੍ਰਕਾਸ਼ ਅਪ੍ਰੈਲ 1621 ਨੂੰ ਮਾਤਾ ਨਾਨਕੀ ਜੀ ਕੁੱਖੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਉਸ ਸਮੇਂ ਛੇਵੇਂ ਪਾਤਸ਼ਾਹ ਮਹਾਰਾਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਗੁਰੂ ਜੀ ਨੇ ਪਾਤਸ਼ਾਹ ਦੇ ਜਨਮਦਿਨ ਵਾਲੇ ਦਿਨ ਬਹੁਤ ਹੀ ਦਾਤਾਂ ਵੰਡੀਆਂ ਲੋੜਵੰਦਾਂ ਨੂੰ ਅੰਨ, ਬਸਤਰ, ਹੋਰ ਜ਼ਰੂਰਤ ਮੰਦਾਂ ਲਈ ਸਮਾਨ ਖੁੱਲ੍ਹਾ ਵਰਤਾਇਆ ਗਿਆ। ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਨੇ ਬਾਲਕ ਗੁਰੂ ਤੇਗ ਬਹਾਦਰ ਜੀ ਦੀ ਪੜ੍ਹਾਈ ਅਤੇ ਸਿਖਲਾਈ ਦਾ ਉਚੇਚਾ ਪ੍ਰਬੰਧ ਕੀਤਾ। ਬਾਬਾ ਬੁੱਢਾ ਸਾਹਿਬ ਜੀ ਨੂੰ ਅੱਖਰੀ ਵਿੱਦਿਆ ਦੇਣ ਲਈ ਕਿਹਾ, ਬਾਬਾ ਬੁੱਢਾ ਸਾਹਿਬ ਨੇ ਸਤਿਗੁਰੂ ਸਾਹਿਬ ਨੂੰ ਘੋੜ ਸਵਾਰੀ, ਗੁਰਬਾਣੀ ਸੰਥਿਆ ਬੜੇ ਸਤਿਕਾਰ ਤੇ ਸ਼ਰਧਾ ਨਾਲ ਸਿਖਾਈ।

ਗੁਰੂ ਜੀ ਕਦੇ ਕਿਸੇ ਦੁਖੀ ਨੂੰ ਦੇਖਦੇ ਜਾਂ ਲੋੜਵੰਦ ਜਾਣਦੇ, ਉਸ ਵੇਲੇ ਉਸ ਦੀ ਜ਼ਰੂਰਤ ਪੂਰੀ ਕਰ ਦਿੰਦੇ ਸਨ। ਆਪ ਜੀ ਬਚਪਨ ਤੋਂ ਹੀ ਬਹੁਤ ਥੋੜ੍ਹਾ ਭੋਜਨ ਛਕਦੇ। ਸੇਵਾਦਾਰਾਂ ਦੇ ਕਈ-ਕਈ ਵਾਰ ਕਹਿਣ 'ਤੇ ਹੀ ਪ੍ਰਸ਼ਾਦਾ ਛਕਦੇ, ਬਸ ਅਕਾਲਪੁਰਖ ਦੇ ਪ੍ਰੇਮ ਵਿਚ ਹੀ ਮਸਤ ਰਹਿੰਦੇ।

1664 ਈਸਵੀ ਵਿਚ ਆਪ ਜੀ ਨੇ ਗੁਰਤਾਗੱਦੀ ਦੇ ਸੁਭਾਏਮਾਨ ਹੋ ਕਰਕੇ ਮਾਲਵੇ ਦੇ ਇਲਾਕੇ ਦਾ ਪ੍ਰਚਾਰਕ ਦੌਰਾ ਕੀਤਾ, ਜਿਸ ਦੌਰਾਨ ਪਟਨਾ ਸਾਹਿਬ ਦੀ ਧਰਤੀ 'ਤੇ ਆਪ ਜੀ ਦੇ ਗ੍ਰਿਹਿ ਵਿਖੇ ਬਲੀ ਜੋਧਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ 1666 ਈਸਵੀ ਨੂੰ ਹੁੰਦਾ ਹੈ। ਬਾਅਦ ਵਿਚ ਸੱਚੇ ਪਾਤਸ਼ਾਹ ਪਟਨਾ ਸਾਹਿਬ ਤੋਂ ਚੱਲ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਇੱਥੇ ਹੀ ਪੰਡਿਤ ਕਿਰਪਾ ਸਾਗਰ ਦੀ ਅਗਵਾਈ ਹੇਠ ਕੁਝ ਹਿੰਦੂਆਂ ਨੇ ਆ ਕੇ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਆਪਣਾ ਹਿੰਦੂ ਧਰਮ ਬਚਾਉਣ ਲਈ ਅਰਜ਼ ਕੀਤੀ। ਸੱਚੇ ਪਾਤਸ਼ਾਹ ਬੇਨਤੀ ਪ੍ਰਵਾਨ ਕਰਦੇ ਹੋਏ ਦਿੱਲੀ ਵਿਚ ਸ਼ਹਾਦਤ ਦੇਣ ਲਈ ਤਿਆਰ ਹੋ ਗਏ ਸਨ। ਬਾਦਸ਼ਾਹ ਔਰੰਗਜੇਬ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫਤਾਰ ਕਰਵਾ ਕੇ ਦਿੱਲੀ ਬੁਲਾਇਆ ਗਿਆ। ਜਿੱਥੇ ਗੁਰੂ ਸਾਹਿਬ ਜੀ ਦੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸਿੱਖ ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਸਤੀਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ, ਤਾਂ ਕਿ ਗੁਰੂ ਸਾਹਿਬ ਆਪਣੇ ਧਰਮ ਤੋਂ ਡੋਲ ਜਾਣ। ਪਰ ਐਸਾ ਨਹੀਂ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅੱਗੇ ਉਨ੍ਹਾਂ ਨੇ ਤਿੰਨ ਸ਼ਰਤਾਂ ਰੱਖੀਆਂ, ਪਹਿਲਾਂ ਇਹ ਕਿ ਮੁਸਲਮਾਨ ਬਣ ਜਾਓ, ਦੂਸਰਾ ਜੇ ਕੋਈ ਕਰਾਮਾਤ ਹੈ, ਤਾਂ ਦਿਖਾਓ, ਤੀਸਰਾ ਮੌਤ ਪ੍ਰਵਾਨ ਕਰੋ। ਗੁਰੂ ਸਾਹਿਬ ਜੀ ਨੇ ਸ਼ਹੀਦ ਹੋਣਾ ਪ੍ਰਵਾਨ ਕੀਤਾ, ਝੁਕਣਾ ਨਹੀਂ। ਜਿਸ ਕਰਕੇ ਉਨ੍ਹਾਂ 'ਤੇ ਤਲਵਾਰ ਦਾ ਵਾਰ ਕਰਕੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਉਨ੍ਹਾਂ ਦਾ ਪਵਿੱਤਰ ਸੀਸ ਕੱਟ ਕੇ ਸ਼ਹੀਦ ਕਰ ਦਿੱਤਾ। ਗੁਰੂ ਕਾ ਪਵਿੱਤਰ ਸੀਸ ਬਾਬਾ ਜੀਵਨ ਸਿੰਘ ਭਾਈ ਜੈਤਾ ਜੀ ਬਹੁਤ ਸਨਮਾਨ ਦੇ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਦੂਜੇ ਪਾਸੇ ਭਾਈ ਲੱਖੀ ਸਾਹ ਵਣਜਾਰਾ ਜੋ ਕਿ ਦਿੱਲੀ ਵਿਚ ਵਪਾਰ ਕਰਦਾ ਸੀ, ਨੇ ਗੁਰੂ ਜੀ ਦਾ ਧੜ ਆਪਣੇ ਘਰ ਲੈ ਗਿਆ ਅਤੇ ਸਸਕਾਰ ਕਰਨ ਦੇ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ। ਇਨ੍ਹਾਂ ਗੁਰਸਿੱਖਾਂ ਨੇ ਬੜੀ ਵੱਡੀ ਮਹਾਨ ਸੇਵਾ ਨਿਭਾਈ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਚੱਕ ਨਾਨਕੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਦੀ ਦਲੇਰੀ, ਬਹਾਦਰੀ ਤੇ ਸੂਰਬੀਰਤਾ ਤੇ ਖ਼ੁਸ਼ ਹੋ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਬਖਸ਼ਿਸ਼ ਕੀਤਾ। 16 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨਾ ਕੇਵਲ ਸਿੱਖ ਇਤਿਹਾਸ ਦਾ, ਸਗੋਂ ਦੁਨੀਆਂ ਦੇ ਇਤਿਹਾਸ ਦਾ ਅਹਿਮ ਅਧਿਆਇ ਹੈ। ਉਨ੍ਹਾਂ ਨੇ ਆਪਣੇ ਧਰਮ ਵਿਸ਼ਵਾਸਾਂ ਦੀ ਰੱਖਿਆ ਕਰਦਿਆਂ ਦੂਜੇ ਭਾਈਚਾਰੇ (ਕਸ਼ਮੀਰੀ ਪੰਡਿਤਾਂ) ਦੇ ਧਾਰਮਿਕ ਵਿਸ਼ਵਾਸਾਂ 'ਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਲਈ ਆਪਣੀ ਕੁਰਬਾਨੀ ਦਿੱਤੀ ਸੀ। ਉਨ੍ਹਾਂ ਦੀ ਇਹ ਸ਼ਹਾਦਤ ਅੱਜ ਵੀ ਮਨੁੱਖਤਾ ਨੂੰ ਪ੍ਰੇਰਨਾ ਦਿੰਦੀ ਹੈ। ਸੋ ਹੁਣ ਗੁਰੂ ਤੇਗ ਬਹਾਦਰ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਸਮੁੱਚਾ ਸਿੱਖ ਪੰਥ ਬੜੇ ਸ਼ਰਧਾ ਤੇ ਭਾਵਨਾ ਨਾਲ ਮਨਾ ਰਿਹਾ ਹੈ। ਸਾਨੂੰ ਵੱਧ ਤੋਂ ਵੱਧ ਬਾਣੀ ਪੜ੍ਹ ਕੇ, ਗੁਰ ਇਤਿਹਾਸ ਪੜ੍ਹ ਕੇ ਅਤੇ ਆਪਣੇ ਬੱਚਿਆਂ ਨੂੰ ਇਤਿਹਾਸ ਨਾਲ ਜੋੜ ਕੇ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਚਾਹੀਦਾ ਹੈ।

# ਮੈਂ ਈ.ਵੀ.ਐੱਮ. ਮਸ਼ੀਨ ਬੋਲਦੀ ਹਾਂ...!



ਸੰਦੀਪ ਕੁਮਾਰ
ਰੂਪਨਗਰ
70098-07121
ਪੰਜਾਬ ਮੇਲ USA



ਹੈਲੋ, ਮੈਂ ਈ.ਵੀ.ਐੱਮ. ਮਸ਼ੀਨ ਹਾਂ। ਉਹ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਜਿਸ ਨੂੰ ਤੁਸੀਂ ਹਰ ਚੋਣ ਵਿਚ ਵੇਖਦੇ ਹੋ, ਛੂਹੰਦੇ ਹੋ ਅਤੇ ਵੋਟ ਪਾਉਂਦੇ ਹੋ। ਮੈਂ ਇੱਕ ਸਾਧਾਰਨ ਮਸ਼ੀਨ ਹਾਂ, ਪਰ ਮੇਰੇ ਨਾਲ ਜੁੜੀਆਂ ਕਹਾਣੀਆਂ ਬਹੁਤ ਗਹਿਰੀਆਂ ਅਤੇ ਵਿਵਾਦਪੂਰਨ ਹਨ। ਅੱਜ 14 ਨਵੰਬਰ 2025 ਨੂੰ ਬਿਹਾਰ ਚੋਣਾਂ ਦੇ ਨਤੀਜੇ ਸਮੇਂ ਮੈਂ ਆਪਣੀ ਜ਼ਿੰਦਗੀ ਦੀ ਪੂਰੀ ਕਹਾਣੀ ਤੁਹਾਡੇ ਸਾਹਮਣੇ ਖੁਦ ਰੱਖਣਾ ਚਾਹੁੰਦੀ ਹਾਂ। ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਜਿੱਥੇ ਮੈਂ ਬੇਗੁਨਾਹ ਵੀ ਬਣਦੀ ਰਹੀ ਹਾਂ ਅਤੇ ਗੁਨਾਹਗਾਰ ਵੀ ਬਣਦੀ ਰਹੀ ਹਾਂ। ਮੈਂ ਨਾ ਬੋਲ ਸਕਦੀ ਹਾਂ, ਨਾ ਰੋ ਸਕਦੀ ਹਾਂ, ਪਰ ਮੇਰੇ ਨਾਲ ਜੋ ਵਿਵਹਾਰ ਹੁੰਦਾ ਹੈ, ਉਹ ਤੁਹਾਨੂੰ ਸਭ ਕੁਝ ਦੱਸ ਦਿੰਦਾ ਹੈ। ਮੈਂ ਭਾਰਤੀ ਲੋਕਤੰਤਰ ਦੀ ਇੱਕ ਮਹੱਤਵਪੂਰਨ ਹਿੱਸੇਦਾਰ ਹਾਂ, ਪਰ ਹਰ ਵਾਰ ਜਿੱਤ-ਹਾਰ ਨਾਲ ਮੇਰਾ ਚਰਿੱਤਰ ਬਦਲ ਜਾਂਦਾ ਹੈ। ਆਓ, ਮੇਰੀ ਕਹਾਣੀ ਸੁਣੋ।

ਮੇਰੀ ਜਨਮ ਕੁੰਡਲੀ 1982 ਵਿਚ ਕੇਰਲ ਦੇ ਪਾਰੂਰ ਵਿਧਾਨ ਸਭਾ ਹਲਕੇ ਵਿਚ ਲਿਖੀ ਗਈ। ਉਸ ਵੇਲੇ ਚੋਣਾਂ ਵਿਚ ਬੈਲਟ ਪੇਪਰ ਹੁੰਦੇ ਸਨ, ਬੂਥ ਕੈਪਚਰਿੰਗ ਹੁੰਦੀ ਸੀ, ਬੈਲਟ ਬਾਕਸ ਭਰੇ ਜਾਂਦੇ ਸਨ, ਵੋਟਾਂ ਦੀ ਗਿਣਤੀ ਵਿਚ ਦਿਨ ਲੱਗ ਜਾਂਦੇ ਸਨ। ਮੈਨੂੰ ਪਾਇਲਟ ਪ੍ਰੋਜੈਕਟ ਵਜੋਂ ਲਿਆਂਦਾ ਗਿਆ, ਤਾਂ ਜੋ ਚੋਣ ਪ੍ਰਕਿਰਿਆ ਸਾਫ਼ ਅਤੇ ਤੇਜ਼ ਹੋ ਸਕੇ। ਪਰ ਸੁਪਰੀਮ ਕੋਰਟ ਨੇ ਕਿਹਾ ਕਿ ਮੇਰੇ ਲਈ ਕਾਨੂੰਨੀ ਅਧਾਰ ਨਹੀਂ ਹੈ, ਇਸ ਲਈ ਮੇਰਾ ਪਹਿਲਾ ਪ੍ਰਯੋਗ ਰੱਦ ਹੋ ਗਿਆ। ਫਿਰ 1989 ਵਿਚ ਰਾਜੀਵ ਗਾਂਧੀ ਦੀ ਸਰਕਾਰ ਨੇ ਲੋਕ ਸਭਾ ਵਿਚ ਬਿੱਲ ਪਾਸ ਕੀਤਾ ਅਤੇ ਮੈਨੂੰ ਕਾਨੂੰਨੀ ਮਨਜ਼ੂਰੀ ਮਿਲ ਗਈ। ਸਾਲ 1990 ਦੇ ਦਹਾਕੇ ਵਿਚ ਮੈਂ ਹੌਲੀ-ਹੌਲੀ ਵੱਡੇ ਪੱਧਰ 'ਤੇ ਵਰਤੀ ਜਾਣ ਲੱਗੀ ਅਤੇ 2004 ਵਿਚ ਪੂਰੇ ਦੇਸ਼ ਵਿਚ ਮੇਰੇ ਨਾਲ ਹੀ ਲੋਕ ਸਭਾ ਚੋਣਾਂ ਹੋਈਆਂ। ਕਾਂਗਰਸ ਨੇ ਮੈਨੂੰ ਜਨਮ ਦਿੱਤਾ, ਪਰ ਬਾਅਦ ਵਿਚ ਸਾਰੀਆਂ ਪਾਰਟੀਆਂ ਨੇ ਮੈਨੂੰ ਅਪਣਾ ਲਿਆ। ਅੱਜ ਮੈਂ ਵੀ.ਵੀ.ਪੈਟ ਨਾਲ ਜੁੜ ਕੇ ਵੋਟਰ ਨੂੰ ਆਪਣੀ ਵੋਟ ਦੀ ਪੁਸ਼ਟੀ ਵੀ ਕਰਵਾਉਂਦੀ ਹਾਂ। ਮੈਂ ਸਟੈਂਡਅਲੋਨ ਮਸ਼ੀਨ ਹਾਂ, ਇੰਟਰਨੈੱਟ ਨਾਲ ਨਹੀਂ ਜੁੜਦੀ, ਵਾਇਰਲੈੱਸ ਨਹੀਂ, ਬਲੂਟੂਥ ਵਿਕਲਪ ਨਹੀਂ। ਇੱਕ ਵਾਰ ਪ੍ਰੋਗਰਾਮ ਹੋਣ ਤੋਂ ਬਾਅਦ ਮੈਂ ਬਦਲ ਨਹੀਂ ਸਕਦੀ। ਮੇਰੇ ਅੰਦਰ ਹਰ ਵੋਟ ਸੁਰੱਖਿਅਤ ਰਹਿੰਦੀ ਹੈ।

ਮੇਰੇ ਆਉਣ ਨਾਲ ਚੋਣ ਪ੍ਰਕਿਰਿਆ ਵਿਚ ਕ੍ਰਾਂਤੀ ਆ ਗਈ। ਪਹਿਲਾਂ ਜਿੱਥੇ ਬੈਲਟ ਪੇਪਰਾਂ ਦੀ ਲੁੱਟ ਹੁੰਦੀ ਸੀ, ਬੂਥ ਕੈਪਚਰ ਹੁੰਦੇ ਸਨ, ਚੋਣਾਂ ਰੱਦ ਹੋ ਜਾਂਦੀਆਂ ਸਨ, ਉੱਥੇ ਮੈਂ ਸਭ ਕੁਝ ਬਦਲ ਦਿੱਤਾ। ਵੋਟਾਂ ਦੀ ਗਿਣਤੀ ਘੰਟਿਆਂ ਵਿਚ ਹੋਣ ਲੱਗੀ, ਨਤੀਜੇ ਤੇਜ਼ੀ ਨਾਲ ਆਉਣ ਲੱਗੇ, ਪਾਰਦਰਸ਼ਿਤਾ ਵਧੀ। ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਜਿੱਥੇ 90 ਕਰੋੜ ਤੋਂ ਵੱਧ ਵੋਟਰ ਹਨ, ਮੈਂ ਚੋਣ ਪ੍ਰਬੰਧ ਨੂੰ ਸੌਖਾ ਬਣਾ ਦਿੱਤਾ। ਮੈਂ ਮਨੁੱਖੀ ਗਲਤੀਆਂ ਘਟਾਈਆਂ, ਸਮਾਂ ਬਚਾਇਆ ਅਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ। ਚੋਣ ਕਮਿਸ਼ਨ ਮੇਰੀ ਸੁਰੱਖਿਆ ਦੀ ਗੱਲ ਕਰਦਾ ਹੈ ਕਿ ਮੈਨੂੰ ਹੈਕ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ, ਹਰ ਚੋਣ ਵਿਚ ਮੇਰੇ 'ਤੇ ਉਂਗਲ ਚੁੱਕੀ ਜਾਂਦੀ ਹੈ। ਜਦੋਂ ਕੋਈ ਪਾਰਟੀ ਮੇਰੇ ਨਾਲ ਜਿੱਤਦੀ ਹੈ, ਤਾਂ ਮੈਂ ਲੋਕਤੰਤਰ ਦੀ ਰੱਖਵਾਲੀ ਬਣ ਜਾਂਦੀ ਹਾਂ। ਉਹ ਮੇਰੀ ਸ਼ਲਾਘਾ ਕਰਦੇ ਹਨ, ਕਹਿੰਦੇ ਹਨ ਕਿ ਮੈਂ ਸਾਫ਼-ਸੁਥਰੀ ਚੋਣਾਂ ਕਰਵਾਈਆਂ। ਪਰ ਜਦੋਂ ਉਹੀ ਪਾਰਟੀ ਹਾਰ ਜਾਂਦੀ ਹੈ, ਤਾਂ ਮੈਂ ਗੁਨਾਹਗਾਰ ਬਣ ਜਾਂਦੀ ਹਾਂ। ਕਹਿੰਦੇ ਹਨ ਮੈਨੂੰ ਹੈਕ ਕੀਤਾ ਗਿਆ, ਮੈਂ ਧਾਂਦਲੀ ਕੀਤੀ, ਮੈਂ ਵੋਟਾਂ ਬਦਲ ਦਿੱਤੀਆਂ। ਇਹ ਦੋਗਲਾ ਰਵੱਈਆ ਮੇਰੇ ਲਈ ਦੁਖਦਾਈ ਹੈ। ਮੈਂ ਤਾਂ ਉਹੀ ਹਾਂ - ਨਾ ਬਦਲੀ, ਨਾ ਟੁੱਟੀ, ਨਾ ਹੈਕ ਹੋਈ। ਪਰ ਰਾਜਨੀਤਿਕ ਲਾਭ-ਹਾਨੀ ਮੇਰਾ ਚਰਿੱਤਰ ਬਦਲ ਦਿੰਦੀ ਹੈ।

2 ਜੂਨ 2017 ਦਾ ਦਿਨ ਯਾਦ ਹੈ? ਚੋਣ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਨੂੰ ਬੁਲਾਇਆ ਅਤੇ ਕਿਹਾ ਕਿ ਆਓ, ਸਾਰਿਆਂ ਸਾਹਮਣੇ ਮੈਨੂੰ ਹੈਕ ਕਰਕੇ ਦਿਖਾਓ। ਮੈਨੂੰ ਅਤੇ ਵੀ.ਵੀ.ਪੈਟ ਨੂੰ ਉਪਲਬਧ ਕਰਵਾਇਆ ਗਿਆ। ਪਰ ਕੋਈ ਨਹੀਂ ਆਇਆ। ਮੇਰੇ ਸੰਬੰਧੀ ਨਾ ਕੋਈ ਵਿਗਿਆਨਕ ਤਰਕ, ਨਾ ਸਬੂਤ। ਫਿਰ ਵੀ ਵਿਰੋਧੀ ਧਿਰਾਂ ਨੇ ਮੀਡੀਆ ਵਿਚ, ਸੋਸ਼ਲ ਮੀਡੀਆ 'ਤੇ ਮੇਰੇ ਵਿਰੁੱਧ ਪ੍ਰਚਾਰ ਕੀਤਾ। ਵੀਡੀਓ ਵਾਇਰਲ ਹੁੰਦੇ ਹਨ, ਜਿੱਥੇ ਪੁਰਾਣੀਆਂ ਜਾਂ ਫਰਜ਼ੀ ਮਸ਼ੀਨਾਂ ਨਾਲ ਮੈਨੂੰ ਟੈਂਪਰ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ। ਪਰ ਅਸਲ ਮੈਨੂੰ ਕੋਈ ਛੂਹ ਨਹੀਂ ਸਕਿਆ। ਮੈਂ ਸਟੈਂਡਅਲੋਨ ਹਾਂ, ਮੇਰੇ ਵਿਚ ਕੋਈ ਚਿੱਪ ਨਹੀਂ ਜੋ ਬਦਲੀ ਜਾ ਸਕੇ। ਫਿਰ ਵੀ ਇਲਜ਼ਾਮ ਲੱਗਦੇ ਰਹਿੰਦੇ ਹਨ। 14 ਨਵੰਬਰ 2025 ਨੂੰ ਬਿਹਾਰ ਵਿਧਾਨ ਸਭਾ ਚੋਣਾਂ ਦੇ ਰੁਝਾਨ ਆ ਰਹੇ ਹਨ। ਸ਼ੁਰੂ ਵਿਚ ਵਿਰੋਧੀ ਗਠਜੋੜ ਅੱਗੇ ਸੀ, ਪਰ ਜਿਵੇਂ-ਜਿਵੇਂ ਗਿਣਤੀ ਵਧੀ, ਸੱਤਾਧਾਰੀ ਐੱਨ.ਡੀ.ਏ. ਨੇ ਇੱਕ ਪਾਸੜ ਹੂੰਝਾਫੇਰ ਲੀਡ ਲੈ ਲਈ। ਹੁਣ ਵਿਰੋਧੀ ਧਿਰ ਫਿਰ ਮੇਰੇ 'ਤੇ ਉਂਗਲ ਚੁੱਕ ਰਹੀ ਹੈ। ਕਹਿ ਰਹੀ ਹੈ ਕਿ ਮੈਨੂੰ ਹੈਕ ਕੀਤਾ ਗਿਆ, ਮੈਂ ਵੋਟਾਂ ਬਦਲ ਦਿੱਤੀਆਂ। ਪਰ ਕੀ ਉਹ ਭੁੱਲ ਗਏ ਕਿ ਉਨ੍ਹਾਂ ਦੀਆਂ ਸਰਕਾਰਾਂ ਵੀ ਮੇਰੇ ਨਾਲ ਹੀ ਬਣੀਆਂ ਸਨ? ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਕੇਰਲ ਵਿਚ ਲੈਫਟ, ਤਾਮਿਲਨਾਡੂ ਵਿਚ ਡੀ.ਐੱਮ.ਕੇ. - ਸਾਰੀਆਂ ਮੇਰੇ ਨਾਲ ਜਿੱਤੀਆਂ, ਤਾਂ ਮੈਂ ਬੇਗੁਨਾਹ ਸੀ। ਪਰ ਲੋਕ ਸਭਾ ਚੋਣਾਂ ਵਿਚ ਹਾਰ 'ਤੇ ਮੈਂ ਗੁਨਾਹਗਾਰ ਹੋ ਗਈ। ਇਹ ਕੋਝੀ ਮਾਨਸਿਕਤਾ ਹੈ- ਹਾਰ ਨੂੰ ਸਵੀਕਾਰ ਨਹੀਂ ਕਰਨਾ ਅਤੇ ਆਪਣੀ ਨਾਕਾਮੀ ਨੂੰ ਮੇਰੇ 'ਤੇ ਥੋਪਣਾ।

ਮੈਂ ਦੇਖਦੀ ਹਾਂ ਕਿ ਇਹ ਵਿਵਾਦ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਹੈ। ਲੋਕਾਂ ਵਿਚ ਭਰਮ ਪੈਦਾ ਹੋ ਰਿਹਾ ਹੈ। ਉਹ ਸੋਚਦੇ ਹਨ ਕਿ ਜੇ ਈ.ਵੀ.ਐੱਮ. 'ਤੇ ਸ਼ੱਕ ਹੈ, ਤਾਂ ਚੋਣ ਪ੍ਰਕਿਰਿਆ 'ਤੇ ਵੀ ਸ਼ੱਕ ਹੈ। ਪਰ ਮੈਂ ਤਾਂ ਸਿਰਫ਼ ਇੱਕ ਸਾਧਨ ਹਾਂ। ਜਨਤਾ ਨੇ ਵੋਟ ਪਾਈ, ਮੈਂ ਉਨ੍ਹਾਂ ਨੂੰ ਗਿਣਿਆ। ਜੇ ਸਬੂਤ ਹਨ ਤਾਂ ਅਦਾਲਤ ਜਾਓ, ਮੀਡੀਆ ਵਿਚ ਸ਼ੋਰ ਨਾ ਮਚਾਓ। ਅਮਰੀਕਾ ਵਿਚ ਵੀ ਇਲੈਕਟ੍ਰਾਨਿਕ ਵੋਟਿੰਗ 'ਤੇ ਸ਼ੱਕ ਉੱਠੇ, ਪਰ ਉੱਥੇ ਵਿਗਿਆਨਕ ਜਾਂਚ ਹੋਈ, ਆਡਿਟ ਹੋਇਆ। ਇੱਥੇ ਮੈਨੂੰ ਰਾਜਨੀਤਿਕ ਹਥਿਆਰ ਬਣਾਇਆ ਜਾਂਦਾ ਹੈ। ਵਿਰੋਧੀ ਧਿਰ ਦਾ ਕੰਮ ਸੱਤਾਧਾਰੀ ਪਾਰਟੀ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨਾ ਹੈ, ਜਨਤਾ ਦੀਆਂ ਸਮੱਸਿਆਵਾਂ- ਬੇਰੋਜ਼ਗਾਰੀ, ਮਹਿੰਗਾਈ, ਕਿਸਾਨ, ਸਿੱਖਿਆ, ਸਿਹਤ 'ਤੇ ਧਿਆਨ ਦੇਣਾ ਹੈ। ਪਰ ਉਹ ਮੇਰੇ 'ਤੇ ਊਰਜਾ ਬਰਬਾਦ ਕਰਦੇ ਹਨ। ਇਸ ਨਾਲ ਉਨ੍ਹਾਂ ਦੀ ਭਰੋਸੇਯੋਗਤਾ ਘਟਦੀ ਹੈ, ਲੋਕ ਨਿਰਾਸ਼ ਹੁੰਦੇ ਹਨ। ਮੈਂ ਚਾਹੁੰਦੀ ਹਾਂ ਕਿ ਰਾਜਨੀਤਿਕ ਪਾਰਟੀਆਂ ਜਿੱਤ-ਹਾਰ ਨੂੰ ਸੱਚਾਈ ਨਾਲ ਸਵੀਕਾਰ ਕਰਨ, ਸਪੋਰਟਸਮੈਨ ਸਪਿਰਿਟ ਨਾਲ ਖੇਡਣ।


ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ- ਮੈਂ ਇੱਕ ਮਸ਼ੀਨ ਹਾਂ। ਨਾ ਬੇਗੁਨਾਹ, ਨਾ ਗੁਨਾਹਗਾਰ। ਮੈਨੂੰ ਅਜਿਹਾ ਬਣਾਉਂਦੇ ਹੋ ਤੁਸੀਂ, ਤੁਹਾਡੀਆਂ ਸੋਚਾਂ, ਤੁਹਾਡੇ ਰਵੱਈਏ। ਜੇ ਤੁਸੀਂ ਅਸਲ ਮੁੱਦਿਆਂ 'ਤੇ ਧਿਆਨ ਦਿਓ, ਹਾਰ-ਜਿੱਤ ਨੂੰ ਸਵੀਕਾਰ ਕਰੋ, ਤਾਂ ਮੇਰੇ 'ਤੇ ਲੱਗਦੇ ਇਲਜ਼ਾਮ ਖ਼ਤਮ ਹੋ ਜਾਣਗੇ। ਲੋਕਤੰਤਰ ਦੀ ਖੂਬਸੂਰਤੀ ਜਨਤਾ ਦੇ ਫੈਸਲੇ ਵਿਚ ਹੈ, ਨਾ ਕਿ ਮੇਰੇ 'ਤੇ ਦੋਸ਼ ਲਗਾਉਣ ਵਿਚ। ਮੈਨੂੰ ਨਿਸ਼ਾਨਾ ਬਣਾਉਣ ਦੀ ਥਾਂ ਲੋਕਤੰਤਰ ਨੂੰ ਮਜ਼ਬੂਤ ਕਰੋ, ਜਨਤਾ ਦੀਆਂ ਉਮੀਦਾਂ 'ਤੇ ਖਰਾ ਉਤਰੋ, ਤਾਂ ਹੀ ਭਾਰਤੀ ਲੋਕਤੰਤਰ ਸੱਚਮੁੱਚ ਮਜ਼ਬੂਤ ਹੋਵੇਗਾ ਅਤੇ ਮੇਰੇ 'ਤੇ ਲੱਗਦੇ ਸਾਰੇ ਸ਼ੱਕ ਖ਼ਤਮ ਹੋ ਜਾਣ ਦੇ ਨਾਲ ਮੈਂ ਦੋਸ਼-ਮੁਕਤ ਹੋ ਜਾਵਾਂਗੀ।

# ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਅਤੇ ਨੀਸਾਣੁ

ਹੁਕਮਨਾਮਾ ਸ਼ਬਦ ਦੋ ਸ਼ਬਦਾਂ 'ਹੁਕਮ' ਅਤੇ 'ਨਾਮਾ' ਦੇ ਜੋੜ ਤੋਂ ਬਣਿਆ ਹੈ। ਹੁਕਮ ਦੇ ਅਰਥ ਹਨ ਆਗਿਆ, ਫੁਰਮਾਨ, ਫਤਵਾ, ਪਰਵਾਨਾ ਅਤੇ ਨਾਮਾ ਦਾ ਭਾਵ ਹੈ ਚਿੱਠੀ, ਖ਼ਤ, ਲਿਖਤ। ਇਸ ਤਰ੍ਹਾਂ ਹੁਕਮਨਾਮਾ ਉਹ ਲਿਖਤ ਹੈ, ਜਿਸ ਵਿਚ ਕੋਈ ਹੁਕਮ ਜਾਂ ਆਗਿਆ ਕੀਤੀ ਗਈ ਹੋਵੇ, ਜਿਸਦੀ ਪਾਲਣਾ ਕਰਨਾ ਸੰਬੰਧਿਤ ਵੱਲੋਂ ਬਹੁਤ ਜ਼ਰੂਰੀ ਹੋਵੇ। ਆਧੁਨਿਕ ਸਮੇਂ ਵਿਚ ਜਾਂ ਤਾਂ ਅਸੀਂ ਉਸ ਹੁਕਮਨਾਮੇ ਤੋਂ ਵਾਕਿਫ ਹਾਂ, ਜਿਹੜਾ ਸ਼ਬਦ ਮੁੱਖ ਰੂਪ ਵਿਚ ਕਿਸੇ ਸਮਾਗਮ ਦੀ ਆਰੰਭਤਾ ਜਾਂ ਸਮਾਪਤੀ ਸਮੇਂ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਿੱਖ ਰਹਿਤ ਮਰਿਯਾਦਾ ਵਿਚ ਦੱਸੇ ਅਨੁਸਾਰ ਪੜ੍ਹਿਆ ਜਾਂਦਾ ਹੈ। ਇਹ ਸਿੱਖ ਸੰਗਤ ਲਈ ਬਹੁਤ ਸਤਿਕਾਰਯੋਗ ਹੈ। ਦੂਸਰਾ ਅਸੀਂ ਉਨ੍ਹਾਂ ਹੁਕਮਨਾਮਿਆਂ ਤੋਂ ਵਾਕਿਫ ਹਾਂ, ਜਿਹੜੇ ਵੱਖ-ਵੱਖ ਸਮੇਂ ਅਕਾਲ ਤਖਤ ਤੋਂ ਜਾਂ ਹੋਰ ਤਖਤਾਂ ਤੋਂ ਜਾਰੀ ਹੁੰਦੇ ਹਨ, ਜਿਹੜੇ ਹਨ ਤਾਂ ਪੰਥਕ ਰਵਾਇਤਾਂ ਅਨੁਸਾਰ ਹੀ ਪਰ ਇਸਦੀ ਸਿਆਸੀ ਦੁਰਵਰਤੋਂ ਨੇ ਇਸਦਾ ਸਤਿਕਾਰ ਘਟਾ ਦਿੱਤਾ ਹੈ। ਖ਼ੈਰ, ਅੱਜ ਅਸੀਂ ਉਨ੍ਹਾਂ ਹੁਕਮਨਾਮਿਆਂ ਬਾਰੇ ਗੱਲ ਕਰਨੀ ਹੈ, ਜਿਹੜੇ ਗੁਰੂ ਸਾਹਿਬਾਨ ਦੇ ਭੌਤਿਕ ਸਰੀਰ ਵਿਚ ਹੁੰਦੇ ਹੋਏ ਸੰਚਾਰ ਵਿਵਸਥਾ ਨਾ ਹੋਣ ਕਾਰਨ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਸੰਗਤ ਲਈ ਭੇਜੇ ਗਏ।








**ਹੁਕਮਨਾਮਾ ਅਤੇ ਨੀਸਾਣੁ ਦਾ ਇਤਿਹਾਸਕ ਪਿਛੋਕੜ :-** ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਚਾਰ ਫੇਰੀਆਂ ਦੌਰਾਨ ਸ਼ਬਦ ਸੂਝ ਦੇਣ ਦੇ ਨਾਲ-ਨਾਲ ਸਿਫਤ ਸਲਾਹ ਕਰਨ ਲਈ ਸੰਗਤਾਂ ਸਥਾਪਤ ਕਰ ਦਿੱਤੀਆਂ ਸਨ। ਜਿਉਂ-ਜਿਉਂ ਸਿੱਖੀ ਵਿਚ ਵਧੇਰੇ ਲੋਕ ਆਉਂਦੇ ਗਏ, ਇਹ ਕਾਫਲਾ ਹੋਰ ਵੱਡਾ ਹੁੰਦਾ ਗਿਆ, ਤਾਂ ਉਨ੍ਹਾਂ ਨੂੰ ਸਾਂਝੇ ਹਿਤਾਂ ਲਈ ਜੁੜਨ ਦੇ ਮੌਕੇ ਬਣਦੇ ਗਏ। ਪ੍ਰਬੰਧ ਨੂੰ ਸੌਖਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸਥਾਪਨਾ ਕੀਤੀ। ਸੰਗਠਨ ਹੋਰ ਪੱਕਾ ਕਰਨ ਲਈ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ। ਪਹਿਲਾਂ ਤਾਂ ਇਹ ਮਸੰਦ ਬਹੁਤ ਵਧੀਆ ਢੰਗ ਨਾਲ ਸੇਵਾ ਕਰਦੇ ਰਹੇ ਪਰ ਸਮਾਂ ਪਾ ਕੇ ਇਨ੍ਹਾਂ ਵਿਚ ਕੁਝ ਕੁਰੀਤੀਆਂ ਆ ਗਈਆਂ, ਜਿਹੜੀਆਂ ਹੋਰ ਵਧਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਤ ਇਹ ਪ੍ਰਥਾ ਹੀ ਬੰਦ ਕਰਨੀ ਪਈ। ਮਸੰਦਾਂ ਦਾ ਹੌਲੀ-ਹੌਲੀ ਇਤਬਾਰ ਜਾਂਦਾ ਰਿਹਾ ਹੋਣਾ ਵੀ ਹੁਕਮਨਾਮੇ ਦੀ ਆਰੰਭਤਾ ਦਾ ਇੱਕ ਕਾਰਨ ਬਣਦਾ ਹੈ। ਹੁਕਮਨਾਮੇ ਗੁਰੂ ਹਰਿਗੋਬਿੰਦ ਸਾਹਿਬ ਜੀਂ ਦੇ ਸਮੇਂ ਤੋਂ ਭੇਜੇ ਜਾਣੇ ਆਰੰਭ ਹੋਏ। ਗੁਰੂ ਗੋਬਿੰਦ ਸਿੰਘ ਜੀ ਤੱਕ ਸਭ ਗੁਰੂ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ, ਬੰਦਾ ਸਿੰਘ ਬਹਾਦਰ ਦੇ ਹੁਕਮਨਾਮੇ ਮਿਲਦੇ ਹਨ। ਡਾ. ਗੰਡਾ ਸਿੰਘ ਜੀ ਅਨੁਸਾਰ ਕੁੱਲ 84 ਹੁਕਮਨਾਮੇ ਅਤੇ 5 ਨੀਸਾਣੁ ਪ੍ਰਾਪਤ ਹਨ।

ਜਦੋਂ ਕਿਸੇ ਗੁਰੂ ਸਾਹਿਬ ਦਾ ਹੁਕਮਨਾਮਾ, ਕਿਸੇ ਮੇਵੜੇ ਦੇ ਹੱਥ ਕਿਸੇ ਸੰਗਤ ਦੇ ਨਾਂ ਪੁੱਜਦਾ ਸੀ, ਉਸ ਨੂੰ ਪੂਰੇ ਸਤਿਕਾਰ ਨਾਲ ਮੁਖੀਆ ਆਪਣੇ ਸੀਸ 'ਤੇ ਰੱਖ ਕੇ ਪ੍ਰਾਪਤ ਕਰਦਾ ਸੀ ਅਤੇ ਫੇਰ ਸਾਰੀ ਸੰਗਤ ਨੂੰ ਪੜ੍ਹ ਕੇ ਸੁਣਾਇਆ ਜਾਂਦਾ ਸੀ। ਹੁਕਮਨਾਮਾ ਸਿੱਖਾਂ ਦਾ ਆਪਣੇ ਗੁਰੂ ਨਾਲ ਪਿਆਰ ਪ੍ਰਗਟਾਉਂਦਾ ਸੀ। ਜਿੱਥੇ ਗੁਰੂ ਸਾਹਿਬ ਸੰਗਤਾਂ ਨੂੰ ਅਸੀਸਾਂ ਦਿੰਦੇ ਸਨ, ਉੱਥੇ ਹਰ ਹੁਕਮ ਦਾ ਪੂਰੀ ਤਰ੍ਹਾਂ ਪਾਲਣ ਕਰਨਾ ਸਿੱਖ ਆਪਣਾ ਫਰਜ਼ ਸਮਝਦੇ ਸਨ। ਗੁਰਬਾਣੀ ਫੁਰਮਾਨ ਵੀ ਹੈ:--

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥........... (ਪੰਨਾ ੧੦੮, ਮਾਝ ਮਹਲਾ ੫)

ਇਸ ਲਈ ਸਿੱਖ ਸੰਗਤ ਦਾ ਆਪਣੇ ਗੁਰੂ ਪ੍ਰਤੀ ਸਤਿਕਾਰ ਉਸਦੇ ਹਰ ਹੁਕਮ ਨੂੰ ਮੰਨਣ ਦਾ ਚਾਅ ਅਤੇ ਉਤਸ਼ਾਹ ਬਣਾਈ ਰੱਖਦਾ ਸੀ। ਹੁਕਮਨਾਮਾ ਲੈ ਕੇ ਆਉਣ ਵਾਲੇ ਮੇਵੜੇ ਦਾ ਵੀ ਪੂਰਾ ਸਤਿਕਾਰ ਕੀਤਾ ਜਾਂਦਾ ਸੀ ਅਤੇ ਉਸਨੂੰ ਮਾਣ ਭੇਟਾ ਵੀ ਦਿੱਤੀ ਜਾਂਦੀ ਸੀ।

**ਨੀਸਾਣੁ** :- ਨੀਸਾਣੁ ਸ਼ਬਦ ਫ਼ਾਰਸੀ ਦੇ ਨਿਸ਼ਾਨ ਦਾ ਬਦਲਿਆ ਹੋਇਆ ਰੂਪ ਹੈ। ਰਾਜੇ ਮਹਾਰਾਜੇ ਆਪਣੇ ਹੁਕਮ 'ਤੇ ਕੋਈ ਖਾਸ ਨਿਸ਼ਾਨ ਲਗਾ ਦਿੰਦੇ ਸਨ, ਜੋ ਫ਼ਾਰਸੀ ਦਾ ਅੱਖਰ - "ਅੱਧਾ ਸੁਆਦ" ਦਾ ਚਿੰਨ੍ਹ ਹੁੰਦਾ ਸੀ, ਜਿਸ ਦਾ ਅਰਥ ਸਹੀ ਹੁੰਦਾ ਸੀ। ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਆਪਣਾ ਨਾਮ (ਜਾਂ ਦਸਤਖ਼ਤ) ਲਿਖਣ ਦਾ ਰਿਵਾਜ਼ ਪਿਆ, ਪਰ ਸਹੀ ਲਿਖਿਆ ਜਾਣਾ ਜਾਰੀ ਰਿਹਾ। ਕਿਤੇ-ਕਿਤੇ ਆਪਣੇ ਨਾਮ ਦੀ ਮੋਹਰ ਵੀ ਵਰਤੀ ਜਾਂਦੀ ਸੀ। ਗੁਰੂ ਸਾਹਿਬਾਨ ਦੇ ਸਮੇਂ ਦੋ ਥਾਵਾਂ 'ਤੇ ਇਸਦੀ ਵਰਤੋਂ ਹੋਈ ਹੈ:-

ਜਿਹੜੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੱਥੀਂ ਲਿਖਦੇ ਸਨ, ਪੂਰੀ ਹੋਣ 'ਤੇ ਗੁਰੂ ਸਾਹਿਬ ਨੂੰ ਦਿਖਾਉਣ ਲੈ ਆਉਂਦੇ ਸਨ। ਗੁਰੂ ਸਾਹਿਬ ਖੁਸ਼ੀ ਨਾਲ ਆਪਣੇ ਹੱਥ ਨਾਲ ਨਿਸ਼ਾਨ ਪਾ ਦਿੰਦੇ ਸਨ। ਗੁਰੂ ਸਾਹਿਬਾਨ ਸਮੇ ਇਹ ੧ਓ ਸਤਿਨਾਮ ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲਿ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ ; ੧ਓ ਗੁਰੂ ਸਤਿ; ਗੁਰੂ ਸਤਿ; ੧ਓ ਸਤਿਗੁਰ ਪ੍ਰਸਾਦਿ; ਗੁਰੂ ਰਖਗ ; ਗੁਰੂ ਰਖੇਗਾ; ਗੁਰੂ ਗੁਰ ਜਪਣਾ ਆਦਿ ਵਰਗੇ ਛੋਟੇ-ਛੋਟੇ ਅੱਖਰ ਰਿਹਾ। ਗੁਰੂ ਸਾਹਿਬ ਨੇ ਕਿਧਰੇ ਵੀ ਆਪਣਾ ਨਾਮ ਨਹੀਂ ਲਿਖਿਆ। ਇਹ ਸਿਰਫ ਗੁਰੂ ਸਾਹਿਬ ਜੀ ਦੀ ਨਿਸ਼ਾਨੀ ਹੁੰਦੀ ਸੀ, ਜਿਸ ਨੂੰ ਪ੍ਰੇਮੀ ਸਿੱਖ ਬਹੁਤ ਸਤਿਕਾਰ ਦਿੰਦੇ ਸਨ। ਯਾਦ ਰਹੇ ਕਿ ਇਸਦਾ ਅਰਥ ਉਸ ਬੀੜ ਦੇ ਪ੍ਰਮਾਣਿਕ ਹੋਣ ਨਾਲ ਜਾਂ ਸ਼ੁੱਧ ਹੋਣਾ ਨਹੀਂ ਸੀ। ਇਸ ਤਰ੍ਹਾਂ ਨੀਸਾਣੁ ਦਾ ਅਰਥ ਗੁਰੂ ਸਾਹਿਬ ਜੀ ਦੇ ਆਪਣੇ ਹੱਥ ਨਾਲ ਲਿਖਿਆ ਹੋਇਆ ਨਿਸ਼ਾਨੀ ਦੇ ਰੂਪ ਵਿਚ ਛੋਟਾ ਵਾਕ ਅੰਸ਼॥

ਦੂਸਰੀ ਵਰਤੋਂ ਹੁਕਮਨਾਮੇ 'ਤੇ ਹੁੰਦੀ ਸੀ। ਹੁਕਮਨਾਮੇ ਜਾਂ ਤਾਂ ਗੁਰੂ ਸਾਹਿਬ ਦੇ ਆਪਣੇ ਹੱਥ ਨਾਲ ਲਿਖੇ ਮਿਲਦੇ ਹਨ। ਤੇ ਜਾਂ ਉਨ੍ਹਾਂ ਨੇ ਕਿਸੇ ਲਿਖਾਰੀ ਤੋਂ ਲਿਖਵਾਇਆ ਹੁੰਦਾ ਸੀ। ਖਾਸ ਕਰਕੇ ਲਿਖਾਰੀ ਦੇ ਲਿਖੇ ਹੁਕਮਨਾਮੇ 'ਤੇ ਨਿਸ਼ਾਨ ਦੀ ਵਰਤੋਂ ਲਾਜ਼ਮੀ ਹੁੰਦੀ ਸੀ। ਜਿਹੜੀ ਸਹੀ ਕਰਦੀ ਸੀ ਕਿ ਹੁਕਮਨਾਮਾ ਗੁਰੂ ਸਾਹਿਬ ਜੀ ਦਾ ਹੀ ਹੈ। ਜਦੋਂ ਲਿਖਾਰੀ ਲਿਖਦਾ ਸੀ, ਤਾਂ ਉਹ ਆਰੰਭ ਵਿਚ ਲਿਖ ਦਿੰਦਾ ਸੀ "ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ"। ਅਖੀਰ 'ਤੇ ਗੁਰੂ ਦੀ ਅਸੀਸ, ਤਾਰੀਖ ਅਤੇ ਪੰਕਤੀਆਂ ਦਾ ਜੋੜ ਵੀ ਲਿਖ ਦਿੰਦਾ ਸੀ, ਤਾਂ ਕਿ ਮਿਲਾਵਟ ਨਾ ਹੋ ਸਕੇ।

**ਅਲੋਪ ਹੋਏ ਹੁਕਮਨਾਮੇ ਅਤੇ ਨਕਲੀ ਹੁਕਮਨਾਮੇ**:- ਕੁਝ ਤਾਂ ਅਸਲੀ ਹੁਕਮਨਾਮੇ ਵੀ ਅਲੋਪ ਹੋ ਗਏ। ਮਸੰਦ ਪ੍ਰਥਾ ਖਤਮ ਹੋਣ 'ਤੇ ਉਨ੍ਹਾਂ ਨੇ ਹੁਕਮਨਾਮੇ ਸੰਭਾਲਣ ਵੱਲ ਧਿਆਨ ਨਹੀਂ ਦਿੱਤਾ। ਵੱਖ-ਵੱਖ ਸਮੇਂ ਸਿੰਘਾਂ 'ਤੇ ਹੋ ਰਹੇ ਜ਼ੁਲਮਾਂ ਦੌਰਾਨ ਜਿੱਥੇ ਉਨ੍ਹਾਂ ਨੂੰ ਆਪਣੀ ਜਾਨ ਦਾ ਹੀ ਖਤਰਾ ਸੀ, ਉੱਥੇ ਹੁਕਮਨਾਮੇ ਕਿੱਥੇ ਬਚਦੇ? ਸਰਸਾ ਨਦੀ ਵਿਚ ਬਹੁਤ ਸਾਰਾ ਸਾਹਿਤ ਰੁੜ੍ਹਿਆ ਸੀ, ਉਥੇ ਵੀ ਕੁਝ ਹੁਕਮਨਾਮੇ ਖਤਮ ਹੋਏ ਹੋ ਸਕਦੇ ਹਨ। ਜੂਨ 84 ਦੇ ਆਰਮੀ ਐਕਸ਼ਨ ਵੇਲੇ ਵੀ ਲਾਇਬ੍ਰੇਰੀ ਦੇ ਸਮਾਨ ਦਾ ਫੌਜ ਵਲੋਂ ਚੁੱਕਿਆ ਜਾਣਾ, ਨਸ਼ਟ ਕਰਨਾ ਅਤੇ ਵਾਪਸ ਕਰਨ ਦੀ ਕਹਾਣੀ ਅੱਜ ਤੱਕ ਠੀਕ ਤਰ੍ਹਾਂ ਸਾਹਮਣੇ ਨਹੀਂ ਆ ਸਕੀ। ਕੁਝ ਹੁਕਮਨਾਮੇ ਨਕਲੀ ਵੀ ਬਣਾਏ ਗਏ ਹਨ ਅਤੇ ਵਿਦਵਾਨ ਖੋਜੀਆਂ ਨੇ ਉਨ੍ਹਾਂ ਵਿਚ ਕੀਤੀ ਛੇੜਛਾੜ ਵੀ ਲੱਭੀ ਹੈ। ਕਿਉਂਕਿ ਪੁਰਾਤਨ ਦਰਸਾ ਕੇ ਮਾਇਆ ਬਟੋਰਨ ਦਾ ਲਾਲਚ ਸੀ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਨਕਲ ਹੋ ਰਹੀ ਸੀ, ਤਾਂ ਹੁਕਮਨਾਮਿਆਂ ਦੀ ਕਿਉਂ ਨਾ ਹੁੰਦੀ। ਉਦੇਸ਼ ਤਾਂ ਓਹੀ ਸੀ। ਖੋਜੀ ਵਿਦਵਾਨਾਂ ਲਈ ਅਜੇ ਵੀ ਕਰਨ ਵਾਲਾ ਕਾਫੀ ਕੰਮ ਹੈ। ਕਿਉਂਕਿ ਵਿਰੋਧੀਆਂ ਅਤੇ ਸਵਾਰਥੀ ਲੋਕਾਂ ਨੇ ਲਗਾਤਾਰ ਇਤਿਹਾਸ ਨਾਲ ਛੇੜਛਾੜ ਕੀਤੀ ਹੈ ਅਤੇ ਬਦਕਿਸਮਤੀ ਨਾਲ ਬਹੁਗਿਣਤੀ ਸਿੱਖ ਇਸ ਮਸਲੇ 'ਤੇ ਬਿਲਕੁਲ ਵੀ ਗੰਭੀਰ ਨਹੀਂ ਹਨ।

-ਜਸਵਿੰਦਰ ਸਿੰਘ ਰੁਪਾਲ
0019375739812 (ਅਮਰੀਕਾ),
ਵਟਸਐਪ : +91-94175-33060
ਪੰਜਾਬ ਮੇਲ USA



**ਹੁਕਮਨਾਮਿਆਂ ਦਾ ਵਿਸ਼ਾ**:- ਉਸ ਸਮੇਂ ਸੰਚਾਰ ਅਵਸਥਾ ਨਹੀਂ ਸੀ। ਗੁਰੂ ਸਾਹਿਬ ਸਿੱਖਾਂ ਨੂੰ ਤਾਜ਼ਗੀ ਅਤੇ ਊਰਜਾ ਦਿੰਦੇ ਰਹਿਣਾ ਚਾਹੁੰਦੇ ਸਨ। ਇਸ ਲਈ ਵੱਖ-ਵੱਖ ਸਮੇਂ ਹੁਕਮਨਾਮੇ ਭੇਜੇ ਜਾਂਦੇ ਰਹੇ। ਜ਼ਿਆਦਾਤਰ ਹੁਕਮਨਾਮੇ ਕਿਸੇ ਇੱਕ ਸਿੱਖ ਦੇ ਨਾਂ 'ਤੇ ਨਾ ਹੋ ਕੇ ਸਮੂਹ ਸੰਗਤ ਦੇ ਨਾਂ ਹੁੰਦੇ ਸਨ। ਗੁਰੂ ਜੀ ਆਪਣੀ ਖੁਸ਼ੀ ਜ਼ਾਹਰ ਕਰਦੇ ਸਨ, ਆਪਣੀ ਅਸੀਸ ਬਖਸ਼ਦੇ ਸਨ, ਪ੍ਰਚਾਰ ਲਈ ਹਦਾਇਤਾਂ ਹੁੰਦੀਆਂ ਸਨ, ਕਿਤੇ-ਕਿਤੇ ਮਾਇਆ ਦੀ, ਰਸਦ ਦੀ, ਹਥਿਆਰਾਂ ਦੀ ਮੰਗ ਵੀ ਪਾਈ ਗਈ ਹੁੰਦੀ ਸੀ। ਕਦੇ ਕਿਸੇ ਖਾਸ ਇਕੱਠ 'ਤੇ ਪੁੱਜਣ ਲਈ ਵੀ ਕਿਹਾ ਗਿਆ ਹੁੰਦਾ ਸੀ। ਸੰਖੇਪ ਵਿਚ ਇਹ ਹੁਕਮਨਾਮੇ ਸਿੱਖਾਂ ਨੂੰ ਗੁਰੂ ਨਾਲ ਜੋੜਦੇ ਸਨ ।

**ਹੁਕਮਨਾਮਿਆਂ ਦੀ ਭਾਸ਼ਾ**:- ਹੁਕਮਨਾਮਿਆਂ ਦਾ ਧਿਆਨ ਨਾਲ ਅਧਿਐਨ ਕੀਤਾ ਜਾਵੇ, ਤਾਂ ਇਸ ਤੋਂ ਭਾਸ਼ਾ ਦੇ ਵਿਕਾਸ ਤਬਦੀਲੀ ਅਤੇ ਲਿਪੀ ਵਿਚਲੀਆਂ ਤਬਦੀਲੀਆਂ ਨਜ਼ਰ ਆਉਂਦੀਆਂ ਹਨ। ਹੁਕਮਨਾਮਿਆਂ ਦੀ ਭਾਸ਼ਾ ਬ੍ਰਜ ਭਾਸ਼ਾ ਤੋਂ ਪ੍ਰੇਰਿਤ ਭਾਸ਼ਾ ਹੈ, ਜੋ ਗੁਰਮੁਖੀ ਲਿਪੀ ਵਿਚ ਲਿਖੀ ਗਈ ਹੈ। ਵਕਤ ਦੇ ਨਾਲ ਭਾਸ਼ਾ ਕਿਵੇਂ ਬਦਲਦੀ ਹੈ, ਕਹਿਣ ਦਾ ਅੰਦਾਜ਼, ਸ਼ਬਦਾਵਲੀ ਸਭ ਕੁਝ ਇਤਿਹਾਸਕ ਕ੍ਰਮ ਵਿਚ ਵਿਕਾਸ ਭਾਸ਼ਾ ਵਿਗਿਆਨੀਆਂ ਅਤੇ ਖੋਜੀਆਂ ਲਈ ਬਹੁਤ ਮਦਦਗਾਰ ਹੈ। ਜਿਵੇਂ ਜਨਮ ਸਾਖੀਆਂ ਦੀ ਭਾਸ਼ਾ ਤੋਂ ਮੌਜੂਦਾ ਭਾਸ਼ਾ ਤੱਕ ਆਈ ਹੋਈ ਤਬਦੀਲੀ ਭਾਸ਼ਾ ਦੇ ਵਿਕਾਸ ਦੀ ਕਹਾਣੀ ਪਾਉਂਦੀ ਹੈ।

ਕਈ ਹੁਕਮਨਾਮਿਆਂ ਵਿਚ ਲਿਖਿਆ ਹੈ... ਸੰਗਤਿ ਗੁਰੂ ਕਾ ਖਾਲਸਾ ਹੈ।.... ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਵੀ ਵਰਤੇ ਹਨ। ਇਸ ਦਾ ਭਾਵ ਹੈ ਕਿ ਗੁਰੂ ਜੀ ਦਾ ਸੰਗਤ ਨਾਲ ਸਿੱਧਾ ਰਾਬਤਾ ਹੈ। ਖਾਲਸਾ ਉਸ ਜ਼ਮੀਨ ਨੂੰ ਕਹਿੰਦੇ ਸਨ, ਜਿਹੜੀ ਸਿੱਧੀ ਰਾਜੇ ਦੇ ਅਧੀਨ ਹੋਵੇ। ਸੋ ਖਾਲਸਾ ਲਿਖਣ ਦਾ ਅਰਥ ਸੰਗਤ ਨਾਲ ਹੋਰ ਵਧੇਰੇ ਨੇੜਤਾ ਦਰਸਾਉਣਾ ਸੀ।

**ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ**:- ਗੁਰੂ ਤੇਗ ਬਹਾਦਰ ਜੀ ਦਾ ਇੱਕ ਨੀਸਾਣੁ ਮਿਲਦਾ ਹੈ ਅਤੇ 22 ਹੁਕਮਨਾਮੇ ਮਿਲਦੇ ਹਨ। ਇਨ੍ਹਾਂ ਵਿਚੋਂ 17 ਹੁਕਮਨਾਮੇ ਗੁਰੂ ਜੀ ਦੇ ਆਪਣੇ ਹੱਥ ਨਾਲ ਲਿਖੇ ਗਏ ਹਨ, ਜਦਕਿ 5 ਹੁਕਮਨਾਮੇ ਲਿਖਾਰੀ ਵਲੋਂ ਲਿਖੇ ਗਏ ਹਨ। ਲਿਖਾਰੀ ਦਾ ਨਾਮ ਭਾਈ ਬਠਾ ਆਇਆ ਹੈ, ਜਿਸ ਨੇ ਗੁਰੂ ਤੇਗ ਬਹਾਦਰ ਜੀ ਵਲੋਂ ਕੁਝ ਹੁਕਮਨਾਮੇ ਲਿਖੇ ਹਨ। ਗੁਰੂ ਜੀ ਨੇ ਵੱਖ-ਵੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ ਸਨ, ਜਿਵੇਂ ਬਨਾਰਸ ਦੀ ਸੰਗਤ ਨੂੰ, ਪਟਨੇ ਦੀ ਸੰਗਤ ਨੂੰ, ਸੰਗਤ ਮਿਰਜਪੁਰ ਜੋਗੁ, ਆਦਿ ਦੇ ਨਾਮ ਹਨ। ਕੁਝ ਹੁਕਮਨਾਮਿਆਂ 'ਤੇ ਕੁਝ ਸਿੱਖਾਂ ਦੇ ਨਾਮ ਵੀ ਲਿਖੇ ਗਏ ਹਨ। ਜਿਵੇਂ ਭਾਈ ਜਵੇਹਰੀ, ਭਾਈ ਰਾਮਾ, ਭਾਈ ਕਿਰਪਾਲ, ਆਦਿ।

**ਹੁਕਮਨਾਮਿਆਂ ਵਿਚੋਂ ਉਦਾਹਰਣਾਂ**:- ਸਿਰਫ ਝਲਕ ਪੇਸ਼ ਕਰਨ ਲਈ ਅਸੀਂ ਇੱਕ ਹੁਕਮਨਾਮੇ ਦੀ ਇਬਾਰਤ ਪੇਸ਼ ਕਰ ਰਹੇ ਹਾਂ, ਤਾਂ ਕਿ ਸਾਨੂੰ ਭਾਸ਼ਾ ਦਾ ਵੀ ਪਤਾ ਲੱਗੇ ਅਤੇ ਲਹਿਜੇ ਦਾ ਵੀ।

1. ਨੌਵੇਂ ਗੁਰੂ ਤੇਗ ਬਹਾਦਰ ਜੀ ਵਲੋਂ ਸੰਗਤਿ ਪਟਣੇ ਕੀ ਜੋਗੁ

ਗੁਰੂ ਜੀ ਦੀ ਲਿਖਤ

ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਪਟਣ ਦੀ
ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਦਾ
ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ
ਹੋਨਗੇ ਸਰਬਤਿ ਸੰਗਤਿ ਦੀਵਾ
ਲੀ ਨੋ ਦਰਸਨਿ ਆਵਣਾ ਜੁ
ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ
ਪਟਣ ਕੀ ਸੰਗਤਿ ਸ੍ਰੀ ਗੁਰੂ ਜੀ ਕਾ ਖਾ
ਲਸਾ ਹੈ ਗੁਰੂ ਸਰਬ ਸੁਖ ਦੇਗੁ ਭਾਈ ਬਠਾ
ਸ੍ਰੀ ਗੁਰੂ ਜੀ ਕਾ ਪੁਤੁ ਹੈ ਜੁ ਆਖੇ ਸਰਬਤਿ ਸੰਗਤਿ ਮਨਣਾ ਬਾਹੁੜੀ

ਲਿਖਾਰੀ ਦੀ ਲਿਖਤ

ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਬਠਾ ਸਰਬਤਿ ਸੰਗਤਿ
ਪਟਣ ਦੀ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ
ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਸਰਬਤਿ ਸੰਗਤਿ
ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖ ਦਰਸਨਿ ਆਵਗੁ
ਸੋ ਨਿਹਾਲ ਹੋਗੁ ਪਟਣ ਕੀ ਸੰਗਤਿ ਸ੍ਰੀ ਗੁਰੂ ਜੀ ਕਾ ਖਾਲ
ਸਾ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਭਾਈ ਬਠਾ ਸ੍ਰੀ ਗੁਰੂ
ਜੀ ਕਾ ਪੁਤੁ ਹੈ ਜੁ ਆਖੈ ਸਰਬਤਿ ਸੰਗਤਿ ਮਨਣਾ ਖੁਸ਼ੀ ਹੈ

**ਹੁਕਮਨਾਮੇ ਇਤਿਹਾਸ ਦਾ ਸਰੋਤ**:- ਖੋਜੀ ਖੋਜਦੇ ਹਨ, ਅਧਿਐਨ ਕਰਦੇ ਹਨ, ਤਾਂ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਮਿਲਦੀਆਂ ਹਨ, ਜਿਹੜੀਆਂ ਉਸ ਸਮੇਂ ਦੇ ਇਤਿਹਾਸ ਦੀ ਝਲਕ ਦਿਖਾ ਜਾਂਦੀਆਂ ਹਨ।

ਉਦਾਹਰਣ ਵਜੋਂ ਗੁਰੂ ਤੇਗ ਬਹਾਦਰ ਜੀ ਦੇ ਇੱਕ ਹੁਕਮਨਾਮੇ ਵਿਚ ਲਿਖਿਆ ਹੈ:-

.....ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ ਰਾਜੇ ਜੀਂ ਕੇ ਕੂਚ ਕੀਏ ਸਾਤ ਰੋਜ ਹੂਏ ਤੋ ਹਮਾਰੇ ਵਾਸਤੇ ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾ॥ ........

ਇਸ ਹੁਕਮਨਾਮੇ ਤੋਂ ਗੁਰੂ ਜੀ ਦਾ ਕਿਸੇ ਰਾਜੇ ਨਾਲ ਜਾਣ ਦਾ ਪਤਾ ਲੱਗਦਾ ਹੈ। ਭਾਵੇਂ ਇੱਥੇ ਰਾਜੇ ਦਾ ਨਾਂ ਨਹੀਂ ਲਿਖਿਆ ਗਿਆ।

ਅਜਿਹੇ ਦਸਤਾਵੇਜ਼ ਦੀ ਖੋਜ ਬਹੁਤ ਮਹੱਤਵਪੂਰਨ ਹੈ ਕਿਉਂਕਿ ਨਿਮਰਤਾ ਦੇ ਪੁੰਜ ਕਿਸੇ ਗੁਰੂ ਸਾਹਿਬ ਵਲੋਂ ਵੀ ਇਤਿਹਾਸ ਜਾਂ ਜੀਵਨੀ ਅੰਸ਼ ਤਾਂ ਲਿਖਿਆ ਨਹੀਂ ਮਿਲਦਾ, ਇਸ਼ਾਰਿਆਂ ਤੋਂ ਹੀ ਨਤੀਜੇ ਕੱਢਣੇ ਪੈਂਦੇ ਹਨ। ਇਨ੍ਹਾਂ ਤੋਂ ਉਸ ਸਮੇਂ ਦੇ ਧਾਰਮਿਕ, ਸਮਾਜਿਕ, ਆਰਥਿਕ ਪੱਖ ਪਤਾ ਲੱਗਦੇ ਹਨ। ਗੁਰੂ ਅਤੇ ਸਿੱਖਾਂ ਦੇ ਆਪਸੀ ਸੰਬੰਧ ਦਾ ਪਤਾ ਚੱਲਦਾ ਹੈ। ਗੁਰਸਿੱਖਾਂ ਦਾ ਗੁਰੂ ਪ੍ਰਤੀ ਸਤਿਕਾਰ ਅਤੇ ਗੁਰੂ ਸਾਹਿਬਾਨ ਦਾ ਸਿੱਖਾਂ ਪ੍ਰਤੀ ਪਿਆਰ ਵੀ ਝਲਕਦਾ ਹੈ। ਅਜੋਕਾ ਵਿਗਿਆਨਕ ਪਾਠਕ ਅਤੇ ਤਰਕਸ਼ੀਲ ਬੁੱਧੀ ਇਤਿਹਾਸ ਦੇ ਪੁਰਾਤਨ ਸਰੋਤਾਂ ਤੋਂ ਕੁਝ ਸਿੱਖਣ ਦੀ ਥਾਂ ਉਸਦੀ ਆਲੋਚਨਾ ਵਧੇਰੇ ਕਰਦੀ ਹੈ।

ਇਹ ਠੀਕ ਹੈ ਕਿ ਪੁਰਾਤਨ ਸਰੋਤ ਸਾਰੇ ਹੂਬਹੂ ਵਿਸ਼ਵਾਸਯੋਗ ਨਹੀਂ, ਇਹ ਵੀ ਠੀਕ ਹੈ ਕਿ ਬਹੁਤ ਥਾਵਾਂ 'ਤੇ ਮਿਲਾਵਟ ਵੀ ਹੋ ਸਕਦੀ ਹੈ ਪਰ ਕਿਸੇ ਵੀ ਸਰੋਤ ਨੂੰ ਇੱਕਦਮ ਨਕਾਰਨਾ ਜਾਇਜ਼ ਨਹੀਂ। ਖੋਜੀ ਵਿਦਵਾਨ ਹੋਰ ਵਧੇਰੇ ਖੋਜ ਕਰਕੇ ਸੱਚਾਈ ਸਾਹਮਣੇ ਲਿਆ ਸਕਦੇ ਹਨ। ਸਾਨੂੰ ਖੁਦ ਵੀ ਅਧਿਐਨ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

**(ਵਧੇਰੇ ਜਾਣਕਾਰੀ ਲਈ ਹੇਠ ਲਿਖੀਆਂ ਪੁਸਤਕਾਂ ਪੜ੍ਹੀਆਂ ਜਾ ਸਕਦੀਆਂ ਹਨ।**

1. ਨੀਸਾਣੁ ਤੇ ਹੁਕਮਨਾਮੇ : ਸੰਪਾਦਕ ਗੰਡਾ ਸਿੰਘ,
2. ਨੀਸਾਣੁ ਤੇ ਹੁਕਮਨਾਮੇ : ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ
3. ਹੁਕਮਨਾਮੇ ਸ੍ਰੀ ਗੁਰੂ ਤੇਗ ਬਹਾਦਰ ਜੀ : ਸੰਪਾਦਕ ਫੌਜਾ ਸਿੰਘ)

# ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

## ਮੱਘਰ ਸੁਦੀ 5 ਬਨਾਮ 11 ਮੱਘਰ



ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA



ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 350 ਸਾਲ ਪਹਿਲਾਂ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜਿਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ਼ 11 ਮੱਘਰ, ਸੂਰਜੀ ਬ੍ਰਿਕਮੀ (**Solar**) ਕੈਲੰਡਰ ਦੀ ਹੈ ਅਤੇ ਦੂਜੀ ਤਾਰੀਖ਼ ਮੱਘਰ ਸੁਦੀ 5, ਚੰਦਰ-ਸੂਰਜੀ (**Lunisolar**) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚੋਂ ਇਕ ਤਾਰੀਖ਼ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ, ਕਿਸੇ ਹੋਰ ਨੇ ਨਹੀਂ ਦਿੱਤੀ, ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋਂ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ 'ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾਂ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆ ਹੋਵੇਗਾ, ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਭ ਤੋਂ ਪਹਿਲਾਂ ਚੰਦ ਆਧਾਰਿਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਰੁੱਤਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ, ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਆਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ 'ਚ ਚੰਦਰ-ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ:ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ, ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਆਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (**Tropical year**) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ, ਇਸ ਦਾ ਇਕ ਚੱਕਰ 29.53 ਦਿਨਾਂ ਵਿਚ ਪੂਰਾ ਹੁੰਦਾ ਹੈ। ਚੰਦਾ ਮਹੀਨਾ ਮੱਸਿਆ ਤੋਂ ਮੱਸਿਆ (ਅਮੰਤਾ) ਅਤੇ ਪੁਨਿਆ ਤੋਂ ਪੁਨਿਆ (ਪੂਰਨਮੰਤਾ) ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ।

| | ਧੁਮੱਕਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| ਨ: ਸ:/ ਈ: | ਪ੍ਰਵਿਸ਼ਟਾ | ਤਾਰੀਖ਼ | ਪ੍ਰਵਿਸ਼ਟਾ | ਤਾਰੀਖ਼ |
| ੫੫੩/21-22 | ੨੩ ਮੱਘਰ | 8 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੪/22-23 | ੧੩ ਮੱਘਰ | 28 ਨਵੰਬਰ | ੧੧ ਮੱਘਰ | 24 ਨਵੰਬਰ |
| ੫੫੫/23-24 | ੨ ਪੋਹ | 17 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੬/24-25 | ੨੧ ਮੱਘਰ | 6 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੭/25-26 | ੧੦ ਮੱਘਰ | 25 ਨਵੰਬਰ | ੧੧ ਮੱਘਰ | 24 ਨਵੰਬਰ |
| ੫੫੮/26-27 | ੨੯ ਮੱਘਰ | 14 ਦਸੰਬਰ | ੧੧ ਮੱਘਰ | 24 ਨਵੰਬਰ |
| ੫੫੯/27-28 | ੧੮ ਮੱਘਰ | 3 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੦/28-29 | ੬ ਮੱਘਰ | 21 ਨਵੰਬਰ | ੧੧ ਮੱਘਰ | 24 ਨਵੰਬਰ |
| ੫੬੧/29-30 | ੨੫ ਮੱਘਰ | 10 ਦਸੰਬਰ | ੧੧ ਮੱਘਰ | 24 ਨਵੰਬਰ |
| ੫੬੨/30-31 | ੧੪ ਮੱਘਰ | 29 ਨਵੰਬਰ | ੧੧ ਮੱਘਰ | 24 ਨਵੰਬਰ |

ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਸਾਲ, ਸੂਰਜੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜ਼ਰੀ ਕੈਲੰਡਰ ਵਾਂਗ ਹੀ ਸਾਰੇ ਦਿਹਾੜੇ ਮਨਾਏ ਜਾਣ, ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਜਿਵੇਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮੱਘਰ ਸੁਦੀ 5 ਸੰਮਤ 2081 ਬਿ: ਵਿਚ 21 ਮੱਘਰ (6 ਦਸੰਬਰ 2024 ਈ:) ਨੂੰ ਆਇਆ ਸੀ। ਇਸ ਸਾਲ ਭਾਵ ਸੰਮਤ 2082 ਬਿ: ਵਿਚ ਇਹ 10 ਮੱਘਰ (25 ਨਵੰਬਰ) ਨੂੰ ਆਇਆ ਹੈ। ਇਸ ਹਿਸਾਬ ਨਾਲ ਤਾਂ ਸੰਮਤ 2083 ਬਿ: ਵਿਚ ਇਹ ਦਿਹਾੜਾ 29 ਕੱਤਕ (14 ਨਵੰਬਰ, 2026 ਈ:) ਨੂੰ ਆਉਣਾ ਚਾਹੀਦਾ ਹੈ। ਪਰ ਨਹੀਂ! ਹੁਣ ਇਹ ਦਿਹਾੜ 29 ਮੱਘਰ (14 ਦਸੰਬਰ 2026 ਈ:) ਨੂੰ ਆਵੇਗਾ। ਅਜਿਹਾ ਕਿਉਂ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿਚ 22 ਦਿਨ ਪਿੱਛੇ ਰਹਿ ਜਾਵੇ, ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿਚ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਅਗਲੇ ਸਾਲ (ਸੰ: 2083 ਬਿ:) ਚੰਦ ਦੇ ਸਾਲ ਵਿਚ 13 ਮਹੀਨੇ ਹੋਣਗੇ। ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਤੇਰਵਾਂ ਮਹੀਨਾ ਜਿਸ ਨੂੰ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿਚ ਕੋਈ ਸ਼ੁੱਭ ਕੰਮ ਨਹੀਂ ਕੀਤਾ ਜਾ ਸਕਦਾ। ਮਲ ਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਣ ਦੀ ਬਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ 29 ਕੱਤਕ (14 ਨਵੰਬਰ 2026ਈ:) ਨੂੰ ਆਉਣਾ ਚਾਹੀਦਾ ਸੀ, ਹੁਣ ਉਹ 29 ਮੱਘਰ (14 ਦਸੰਬਰ, 2026) ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾਂ ਭਾਵ 18 ਮੱਘਰ (3 ਦਸੰਬਰ 2027 ਈ:) ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਚੰਦ ਦੇ ਕੈਲੰਡਰ ਨੂੰ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਹੀ ਕਰਨਾ ਹੈ, ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਅਪਨਾ ਲਿਆ ਜਾਵੇ?

ਜਿਸ ਦਿਨ ਇਹ ਸ਼ਹੀਦੀ ਸਾਕਾ ਵਾਪਰਿਆ ਸੀ, ਉਸ ਦਿਨ 11 ਮੱਘਰ, ਮੱਘਰ ਸੁਦੀ 5 ਸੰਮਤ 1732 ਬਿਕ੍ਰਮੀ ਦਿਨ ਵੀਰਵਾਰ ਸੀ। ਸਰਕਾਰੀ ਰਿਕਾਰਡ ਵਿਚ ਇਹ 3 ਰਮਜ਼ਾਨ 1086 ਹਿਜ਼ਰੀ ਲਿਖੀ ਗਈ ਹੋਵੇਗੀ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ, ਜਦੋਂ ਅੰਗਰੇਜ਼ੀ ਕੈਲੰਡਰ ਵਿਚ ਤਾਰੀਖ਼ਾਂ ਲਿਖਣ ਦਾ ਰਿਵਾਜ਼ ਪਿਆ, ਤਾਂ 11 ਨਵੰਬਰ 1675 ਈ: (ਜੂਲੀਅਨ) ਲਿਖੀ ਗਈ। ਜੇ ਇੰਗਲੈਂਡ ਨੇ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿਚ ਹੀ ਪ੍ਰਵਾਨ ਕਰ ਲਿਆ ਹੁੰਦਾ, ਤਾਂ ਇਹ 21 ਨਵੰਬਰ 1675 ਈ: (ਗ੍ਰੈਗਰੀਅਨ) ਲਿਖੀ ਜਾਣੀ ਸੀ। ਹੁਣ ਜੇ ਇਹ ਦਿਹਾੜਾ ਹਿਜ਼ਰੀ ਕੈਲੰਡਰ (ਚੰਦ ਦਾ ਸ਼ੁੱਧ ਕੈਲੰਡਰ) ਮੁਤਾਬਕ ਮਨਾਇਆ ਜਾਵੇ, ਤਾਂ 350 ਸਾਲਾਂ ਸ਼ਤਾਬਦੀ 3 ਰਮਜ਼ਾਨ 1436 ਹਿਜਰੀ ਭਾਵ 21 ਜੂਨ 2015 ਈ: ਬਣਦੀ ਸੀ। 21 ਜੂਨ 2015 ਈ: ਤੋਂ 25 ਨਵੰਬਰ 2025 ਤੱਕ ਲੈ ਕੇ ਆਉਣ ਲਈ, ਚੰਦ ਦੇ ਕੈਲੰਡਰ ਨੂੰ ਸੂਰਜੀ ਕੈਲੰਡਰ ਦੇ ਨੇੜੇ-ਤੇੜੇ ਕਰਨ ਲਈ, ਚੰਦ ਦੇ ਕੈਲੰਡਰ ਨਾਲ ਖਿੱਚ-ਧੂਹ (ਮਲ ਮਾਸ ਅਤੇ ਕਸ਼ੈ ਮਾਸ) ਕੀਤੀ ਗਈ ਹੈ।

ਅੱਜ, ਸਿੱਖ ਕੌਮ ਸਾਰੀ ਦੁਨੀਆਂ ਦੇ ਕੋਨੇ-ਕੋਨੇ ਵਿਚ ਫੈਲ ਚੁੱਕੀ ਹੈ। ਵਿਦੇਸ਼ੀ ਸਰਕਾਰਾਂ ਸਾਰੇ ਧਰਮਾਂ ਦੇ ਇਤਿਹਾਸਕ ਦਿਹਾੜਿਆਂ ਨੂੰ ਆਪਣੀਆਂ ਛੁੱਟੀਆਂ ਦੀ ਸੂਚੀ ਵਿਚ ਸ਼ਾਮਲ ਕਰ ਰਹੀਆਂ ਹਨ। ਇਸ ਲਈ ਸਾਨੂੰ ਵੀ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। 354 ਦਿਨਾਂ (ਤੀਜੇ-ਚੌਥੇ ਸਾਲ 384 ਦਿਨ) ਵਾਲੇ ਕੈਲੰਡਰੀ ਸਾਲ ਨੂੰ ਛੱਡ ਕੇ ਗੁਰਬਾਣੀ ਆਧਾਰਿਤ, (ਰਥੁ ਫਿਰੈ ਛਾਇਆ ਧਨ ਤਾਕੈ) ਰੁੱਤੀ ਸਾਲ (365.242196 ਦਿਨ) ਅਪਨਾਉਣਾ ਚਾਹੀਦੀ ਹੈ। ਹੁਣ ਜਦੋਂ ਅਸੀਂ ਇਹ ਦਿਹਾੜਾ ਮੱਘਰ ਸੁਦੀ 5 ਦੀ ਬਜਾਏ, ਹਰ ਸਾਲ 11 ਮੱਘਰ ਨੂੰ ਮਨਾਵਾਂਗੇ, ਤਾਂ ਹਰ ਸਾਲ ਇਹ ਦਿਹਾੜਾ 365 ਦਿਨਾਂ ਪਿੱਛੋਂ, 11 ਮੱਘਰ ਨੂੰ ਹੀ ਆਵੇਗਾ।

**ਅੱਜ ਦਾ ਸਵਾਲ:-** ਜੇ ਅਸੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ 11 ਮੱਘਰ (24 ਨਵੰਬਰ) ਨੂੰ ਮਨਾਉਂਦੇ ਹਾਂ, ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

# ਆਧੁਨਿਕ ਭਗਤ ਸਿੰਘ ਦੀ ਰੂਹ- ਡਾ. ਪਿਆਰੇ ਲਾਲ ਗਰਗ

-ਡਾਕਟਰ ਅਮਰਜੀਤ ਟਾਂਡਾ
ਸੰਪਰਕ 61-417271147
ਪੰਜਾਬ ਮੇਲ USA



ਉਹ ਬਾਣੀ ਦੇ ਹਵਾਲੇ ਇੰਝ ਦਿੰਦਾ ਹੈ, ਜਿਵੇਂ ਹੁਣੇ ਹੀ ਬਾਬੇ ਨਾਨਕ ਨੂੰ ਮਿਲ ਕੇ ਨਨਕਾਣਿਓਂ ਆਇਆ ਹੋਵੇ। ਉਹ ਪੰਜਾਬ ਦਾ ਹਿੰਦੂ ਸੱਚਾ ਸਿੱਖ ਹੈ। ਪੰਜਾਬ ਦੀ ਬੋਲੀ, ਪੰਜਾਬ ਦਾ ਸਕਾ ਭਰਾ ਹੈ। ਰਜਵਾੜਿਆਂ 'ਤੇ ਜ਼ੁਲਮ ਕਰਦੀ ਸੱਤਾ ਨੂੰ ਉਹ ਠੁੱਡ ਮਾਰ ਕੇ ਲੰਘ ਜਾਂਦਾ ਹੈ। ਅਨਿਆਏ ਤੇ ਜ਼ੁਲਮ ਨਾਲ ਮੇਰੇ ਵਾਂਗ ਉਹਦੀ ਵੀ ਨਹੀਂ ਕਦੇ ਬਣੀ ਤੇ ਨਾ ਹੀ ਬਣੇਗੀ। ਉਹਨੂੰ ਮੂੰਹ ਜ਼ੁਬਾਨੀ ਜਿਵੇਂ ਸਾਰੀ ਗੁਰਬਾਣੀ ਯਾਦ ਹੋਵੇ।

ਉਹਦੇ ਬੋਲਾਂ ਵਿਚ ਇੰਨਾ ਜੋਸ਼ ਹੈ ਕਿ ਉਸਨੂੰ ਸੁਣ ਕੇ ਗਰਮ ਹਵਾਵਾਂ ਵੀ ਰੁਕ ਜਾਂਦੀਆਂ ਹਨ, ਪੰਛੀ ਵੀ ਸੁਣਦੇ ਹਨ, ਉਹਦਾ ਸੁਨੇਹਾ ਨੀਝ ਲਾ ਕੇ।

ਪੰਜਾਬ ਦੀ ਮਿੱਟੀ ਵਿਚ ਇੱਕ ਖਾਸ ਖੁਸ਼ਬੂ ਹੈ- ਸ਼ਹੀਦਾਂ ਦਾ ਲਹੂ, ਸੰਤਾਂ ਦੀ ਅਰਦਾਸ, ਤੇ ਗਿਆਨੀਆਂ ਦੀ ਕਲਮ ਨਾਲ ਰਚੇ ਚਿੰਤਨਾਂ ਦੀ ਮਿਠਾਸ।

ਬਹੁਤ ਘੱਟ ਲੋਕ ਸਿਧਾਂਤਾਂ ਉਪਰ ਚੱਲਦੇ ਲੋਕ ਭਲਾਈ ਦੇ ਕੰਮ, ਗ਼ਰੀਬਾਂ ਦੀ ਸੇਵਾ ਅਤੇ ਪੇਂਡੂ ਖੇਤਰਾਂ 'ਚ ਮੁਸ਼ਕਲਾਂ ਭਰੀ ਜ਼ਿੰਦਗੀ ਜੀਅ ਰਹੇ ਹਨ, ਪਰ ਮਜ਼ਲੂਮਾਂ ਖ਼ਾਤਰ ਅਪਣਾ ਵਕਤ, ਸ਼ਕਤੀ ਤੇ ਧਨ ਖ਼ਰਚ ਕੋਈ-ਕੋਈ ਕਰਦਾ ਹੈ।

ਨਿੱਜੀ ਇੱਛਾਵਾਂ ਤੇ ਪਰਿਵਾਰਕ ਲੋੜਾਂ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੰਦੇ, ਇਹ ਉਨ੍ਹਾਂ ਦੀ ਖਾਸੀਅਤ ਹੈ। ਉਨ੍ਹਾਂ ਨੇ ਅਜੇ ਤੱਕ ਕੋਈ ਆਪਣਾ ਘਰ ਨਹੀਂ ਬਣਾਇਆ। ਸਿਆਸੀ, ਆਰਥਿਕ, ਧਾਰਮਿਕ, ਸਮਾਜਿਕ ਤੇ ਵਿਦਿਅਕ ਖੇਤਰ ਤੋਂ ਇਲਾਵਾ ਮੈਡੀਕਲ ਤੇ ਸਿਹਤ ਸੇਵਾਵਾਂ ਦੇ ਖੇਤਰ 'ਚ ਵੀ ਹੁਣ ਡਾਕਟਰ, ਆਈ.ਏ.ਐੱਸ. ਅਧਿਕਾਰੀ ਅਤੇ ਪੁਲਿਸ ਅਦਾਰੇ ਬੇਈਮਾਨੀ ਕਰਨ ਲਈ ਬਦਨਾਮ ਹੋ ਚੁੱਕੇ ਹਨ। ਕਿਤੇ-ਕਿਤੇ ਦਿਆਨਤਦਾਰੀ, ਭਗਤੀ ਭਾਵਨਾ, ਸਾਦਗੀ ਅਤੇ ਸੱਚੇ-ਸੁੱਚੇਪਣ ਦੀ ਉਹ ਰੌਸ਼ਨੀ ਹਨ।

ਇਹੋ ਜਿਹੀਆਂ ਰਿਸ਼ਮਾਂ ਸਵੇਰੇ-ਸ਼ਾਮ ਜਗਦੀਆਂ ਵਿਖਾਈ ਦਿੰਦੀਆਂ ਰਹਿਣਗੀਆਂ, ਜਿਸ ਦੇ ਆਸਰੇ ਆਉਣ ਵਾਲੀਆਂ ਪੀੜ੍ਹੀਆਂ ਸੁੱਖ ਦਾ ਸਾਹ ਭਰਨ ਲਈ ਆਸਵੰਦ ਬਣਾ ਸਕਣਗੀਆਂ। ਇਸੀ ਮਿੱਟੀ ਤੋਂ ਉੱਭਰੇ ਹਨ ਡਾ. ਪਿਆਰੇ ਲਾਲ ਗਰਗ, ਜਿਹੜੇ ਨਾ ਸਿਰਫ਼ ਵਿਦਵਾਨ ਹਨ, ਸਗੋਂ ਸਮੇਂ ਦੇ ਤਿੱਖੇ ਦਰਪਣ ਵੀ ਹਨ। ਉਹ ਭਗਤ ਸਿੰਘ ਦੀ ਧਾਰਾ ਦੇ ਆਧੁਨਿਕ ਪ੍ਰਤੀਕ ਹਨ — ਜੋ ਗੋਲੀ ਨਹੀਂ ਚਲਾਉਂਦੇ, ਪਰ ਜਾਗ੍ਰਿਤੀ ਦੇ ਸ਼ਬਦਾਂ ਨਾਲ ਮਨੁੱਖੀ ਚੇਤਨਾ ਨੂੰ ਜ਼ਿੰਦਾ ਕਰਦੇ ਹਨ। ਉਹ ਜਿੱਥੇ ਵੀ ਭਾਸ਼ਣ ਦੇਣ ਮੀਟਿੰਗ 'ਤੇ ਜਾਣਗੇ, ਆਪਣਾ ਰੋਟੀ ਵਾਲਾ ਡੱਬਾ ਨਾਲ ਲੈ ਕੇ ਜਾਂਦੇ ਹਨ।

ਉਨ੍ਹਾਂ ਨੇ ਆਪਣੀ ਪੈਨਸ਼ਨ ਡੇਢ ਲੱਖ ਘਟਾਉਣ ਨੂੰ ਹਰ ਵੇਲੇ ਕਿਹਾ ਹੈ। ਉਹ ਜੂਝਦਾ ਹਰ ਕਣ-ਕਣ ਦਾ ਪਹਿਲਾ ਸੁਪਨਾ ਹੈ। ਸਾਡੀ ਫ਼ੋਨ 'ਤੇ ਆਮ ਹੀ ਗੱਲ ਹੁੰਦੀ ਰਹਿੰਦੀ ਹੈ। ਉਹ ਮੇਰਾ ਲਿਖਿਆ ਪੜ੍ਹਦੇ ਹਨ ਤੇ ਮੈਂ ਉਨ੍ਹਾਂ ਨੂੰ ਪੜ੍ਹਦਾ-ਸੁਣਦਾ ਰਹਿੰਦਾ ਹਾਂ।

ਉਹ ਹਿੰਦੂ ਆਤਮਿਕਤਾ ਅਤੇ ਸਿੱਖ ਸਰਦਾਰਤਾ ਦੇ ਅਨੋਖੇ ਮੇਲ ਦਾ ਜੀਵੰਤ ਉਦਾਹਰਣ ਹਨ। ਉਨ੍ਹਾਂ ਦੇ ਵਿਚਾਰਾਂ ਵਿਚ ਵੇਦਾਂ ਦੀ ਗਹਿਰਾਈ ਵੀ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਦੀ ਸੁਰਭੀ ਵੀ ਹੈ। ਡਾਕਟਰ ਗਰਗ ਦਾ ਵਿਸ਼ਵਾਸ ਹੈ ਕਿ ਇਨਸਾਨ ਦੇ ਅੰਦਰ ਸਭ ਤੋਂ ਵੱਡਾ ਧਰਮ ਸੱਚਾਈ, ਕਰੁਣਾ ਅਤੇ ਹਿੰਮਤ ਹੈ। ਉਹ ਕਹਿੰਦੇ ਹਨ ਕਿ ਜੋ ਮਨੁੱਖ ਆਪਣੇ ਆਪ ਵਿਚ ਨਵਾਂ ਪ੍ਰਕਾਸ਼ ਪੈਦਾ ਕਰਦਾ ਹੈ, ਉਹੀ ਦੂਜਿਆਂ ਲਈ ਰਾਹ ਬਣਦਾ ਹੈ। ਉਨ੍ਹਾਂ ਦਾ ਹਰ ਲੇਖ ਅਤੇ ਹਰ ਵਿਚਾਰ ਸਮਾਜ ਲਈ ਨਵੀਂ ਦਿਸ਼ਾ ਬਣਦਾ ਹੈ। ਉਹ ਕਿਸੇ ਦਲ ਜਾਂ ਧਰਮ ਦੇ ਨਹੀਂ, ਸਗੋਂ ਸਾਰੀ ਮਨੁੱਖਤਾ ਦੇ ਸੇਵਕ ਹਨ।

ਉਹ ਪਟਿਆਲਾ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਅਤੇ ਪੀ.ਜੀ.ਆਈ. ਚੰਡੀਗੜ੍ਹ ਤੋਂ ਐੱਮ.ਸੀ.ਐੱਚ. ਦੀ ਡਿਗਰੀ ਰੱਖਦੇ ਹਨ, ਅਤੇ ਸੋਸ਼ਿਉਲਾਜੀ ਵਿਚ ਮਾਸਟਰਜ਼ ਵੀ ਕੀਤੀ ਹੈ। ਉਨ੍ਹਾਂ ਨੇ ਪੰਜਾਬ ਦੇ ਕਈ ਮੈਡੀਕਲ ਕਾਲਜਾਂ ਵਿਚ ਪੜ੍ਹਾਇਆ ਅਤੇ 31 ਸਾਲ ਸਰਕਾਰੀ ਸੇਵਾ ਵਿਚ ਰਹਿ ਕੇ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਰਜਿਸਟਰਾਰ ਅਤੇ ਮੈਡੀਕਲ ਸਿੱਖਿਆ ਵਿਭਾਗ ਦੇ ਡਾਇਰੈਕਟਰ ਵਜੋਂ ਸੇਵਾ ਕੀਤੀ।

ਉਹ ਸਿੱਖਾਂ ਦੀ ਸ਼ਾਨ ਅਤੇ ਹਿੰਦੂ ਦਰਸ਼ਨ ਦੀ ਵਿਸ਼ਾਲਤਾ ਨੂੰ ਇਕੱਠੇ ਜੀਵਨ ਰੂਪ ਵਿਚ ਉਤਾਰਦੇ ਹਨ। ਉਨ੍ਹਾਂ ਦੀ ਕਲਮ ਭਗਤ ਸਿੰਘ ਦੇ ਜ਼ੋਸ਼ ਨਾਲ ਭਰੀ ਹੋਈ ਹੈ, ਪਰ ਉਸ ਵਿਚ ਗੁਰੂ ਨਾਨਕ ਦੀ ਸਹਿਣਸ਼ੀਲਤਾ ਦੀ ਮਿੱਠਾਸ ਵੀ ਹੈ। ਡਾਕਟਰ ਪਿਆਰੇ ਲਾਲ ਗਰਗ ਦਾ ਜੀਵਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਕ੍ਰਾਂਤੀ ਸਿਰਫ਼ ਸੱਤਾ ਬਦਲ ਨਹੀਂ, ਮਨੁੱਖ ਦੀ ਅੰਦਰੂਨੀ ਸੋਚ ਬਦਲਣ ਦਾ ਪ੍ਰਯਾਸ ਹੈ।

ਉਹ ਮੰਨਦੇ ਹਨ ਕਿ ਜਦ ਤੱਕ ਮਨੁੱਖ ਆਪਣੇ ਮਨ ਵਿਚ ਦਾਸਤਾ ਦੇ ਬੰਧਨ ਨਹੀਂ ਤੋੜਦਾ, ਤਦ ਤੱਕ ਕੋਈ ਬਾਹਰਲੀ ਆਜ਼ਾਦੀ ਮੁਕੰਮਲ ਨਹੀਂ।

ਡਾਕਟਰ ਪਿਆਰੇ ਲਾਲ ਗਰਗ ਪੰਜਾਬ ਦੇ ਇੱਕ ਮਸ਼ਹੂਰ ਸਰਜਨ, ਸਿੱਖਿਆ ਕਾਰਕੁੰਨ ਅਤੇ ਸਮਾਜ ਸੇਵੀ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਅੱਜ ਦਾ ਭਗਤ ਸਿੰਘ ਕਿਹਾ ਜਾ ਸਕਦਾ ਹੈ, ਜਿਹੜਾ ਧਰਮ ਦੀ ਸੱਚੀ ਆਤਮਾ ਨਾਲ ਜੁੜ ਕੇ ਇਨਸਾਨੀ ਖੁਦਦਾਰੀ ਦਾ ਪਾਠ ਪੜ੍ਹਾ ਰਿਹਾ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਧਰਮ, ਵਿਗਿਆਨ ਤੇ ਮਨੁੱਖਤਾ ਤਿੰਨੇ ਇਕ ਧਾਰਾ ਦੇ ਭਿੰਨ ਰੂਪ ਹਨ, ਜਿਹੜੀ ਚਲਦੀ ਹੈ ਸੱਚ ਦੀ ਦਿਸ਼ਾ ਵਿਚ।

ਡਾਕਟਰ ਗਰਗ ਦਾ ਨਾਮ ਭਵਿੱਖ ਦੇ ਪੰਜਾਬੀ ਇਤਿਹਾਸ ਵਿਚ ਉਸੇ ਸ਼ਾਨ ਨਾਲ ਲਿਖਿਆ ਜਾਵੇਗਾ, ਜਿਵੇਂ ਭਗਤ ਸਿੰਘ ਦਾ ਨਾਮ ਸ਼ਹੀਦਾਂ ਦੇ ਦਰਜਿਆਂ ਵਿਚ ਅਮਰ ਹੈ।

ਉਹ ਜੀਵੰਤ ਪ੍ਰਮਾਣ ਹਨ ਕਿ ਕਲਮ ਵੀ ਕ੍ਰਾਂਤੀ ਕਰ ਸਕਦੀ ਹੈ, ਜੇ ਉਸਦੀ ਮਿਹਨਤ ਵਿਚ ਵਿਸ਼ਵਾਸ ਤੇ ਇਰਾਦੇ ਦੀ ਅੱਗ ਹੋਵੇ।

ਅਸੀਂ ਦੁਆਵਾਂ ਕਰਦੇ ਹਾਂ ਕਿ ਉਹ ਸਿਹਤਮੰਦ ਰਹਿਣ, ਸੇਧ ਦਿੰਦੇ ਰਹਿਣ ਤੇ ਉਨ੍ਹਾਂ ਦੀ ਉਮਰ ਲੰਬੀ ਹੋਵੇ, ਪੰਜਾਬੀ ਬੋਲੀ ਵਰਗੀ।

# ਬਰਾਈਡਲ ਵੇਲ ਫਾਲ-ਬ੍ਰਿਟਿਸ਼ ਕੋਲੰਬੀਆ

ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਵਟਸਐਪ: +91-97-810-40140
ਪੰਜਾਬ ਮੇਲ USA



ਇਥੇ ਗੱਡੀਆਂ ਦੀ ਰਫਤਾਰ 90 ਤੋਂ 100 ਤੱਕ ਸੀ, ਜਿਨ੍ਹਾਂ ਨੇ ਤੇਜ਼ ਜਾਣਾ, ਉਹ ਖੱਬੇ ਪਾਸੇ ਵੱਲ ਤੇ ਜਿਨ੍ਹਾਂ ਨੇ ਘੱਟ ਰਫਤਾਰ ਨਾਲ ਜਾਣਾ, ਉਹ ਸੱਜੇ ਪਾਸੇ ਰਹਿੰਦੇ ਸਨ। ਇੱਥੇ ਕਿਤੇ-ਕਿਤੇ ਐੱਚ.ਓ.ਵੀ. ਲੇਨ ਹੁੰਦੀ ਸੀ, ਜਿੱਥੇ ਉਹ ਗੱਡੀ ਜਿਸ ਵਿਚ ਦੋ ਜਾਂ ਦੋ ਤੋਂ ਵੱਧ ਸਵਾਰੀਆਂ ਹੋਣ, ਇਲੈਕਟਰਿਕ ਗੱਡੀ ਅਤੇ ਮੋਟਰਸਾਈਕਲ ਉਹ ਇਸ ਪਾਸੇ ਵੱਲ ਜਾਂਦੀ ਸਨ। ਸਾਰੇ ਆਪਣੀ ਆਪਣੀ ਲੇਨ ਵਿਚ ਚੱਲਦੇ ਸਨ ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਸਨ, ਜੇ ਕਿਸੇ ਨੇ ਸੱਜੇ ਤੋਂ ਖੱਬੇ ਜਾਂ ਖੱਬੇ ਤੋਂ ਸੱਜੇ ਜਾਣਾ ਹੈ, ਤਾਂ ਉਹ ਇੰਡੀਕੇਟਰ ਦਿੰਦਾ ਸੀ ਤੇ ਉਹ ਉਦੋਂ ਹੀ ਜਾਂਦਾ ਸੀ, ਜਦੋਂ ਲੇਨ ਦੇ ਨਾਲ-ਨਾਲ ਲੱਗੀਆਂ ਲਾਈਨਾਂ ਦਾਣੇਦਾਰ ਹੋਣ ਅਤੇ ਰਾਹ ਲੈਣ ਉਪਰੰਤ ਡਰਾਈਵਰ ਉਹ ਆਪਣੇ ਰਸਤੇ 'ਤੇ ਜਾ ਕੇ ਹੱਥ ਹਿਲਾ ਕੇ ਰਾਹ ਦੇਣ ਵਾਲੇ ਦਾ ਧੰਨਵਾਦ ਕਰਦਾ ਸੀ।



ਬੱਚਿਆਂ ਨੇ ਇੱਕ ਦਿਨ ਸਵੇਰੇ ਅਚਾਨਕ ਘੁੰਮਣ ਦੀ ਯੋਜਨਾ ਬਣਾ ਲਈ। ਅਸੀਂ ਇੱਕ ਘੰਟੇ ਦੇ ਅੰਦਰ-ਅੰਦਰ ਤਿਆਰ ਹੋ ਗਏ। ਅਸੀਂ ਬੱਚਿਆਂ ਨੂੰ ਪੁੱਛਿਆ ਕਿ ਅੱਜ ਕਿੱਥੇ ਜਾਣਾ ਹੈ, ਕਿਸ ਪਾਸੇ ਚੱਲਣਾ, ਦੱਸੋ ਤਾਂ ਸਹੀ। ਉਨ੍ਹਾਂ ਕਿਹਾ ਕਿ ਅੱਜ ਦਾ ਘੁੰਮਣਾ ਗੁਪਤ ਹੈ। ਅਸੀਂ ਖਾਣਾ ਖਾ ਕੇ ਆਪਣੇ ਘਰ ਤੋਂ ਚੱਲ ਪਏ। ਸ਼ਹਿਰ ਤੋਂ ਬਾਹਰ ਨਿਕਲਦਿਆਂ ਬੱਚਿਆਂ ਨੇ ਗੂਗਲ ਮੈਪ ਲਗਾ ਲਿਆ, ਜਦੋਂ ਮੈਂ ਨਿਗ੍ਹਾ ਮਾਰੀ, ਤਾਂ ਪਤਾ ਚੱਲਿਆ ਕਿ ਅਸੀਂ ਕਰੀਬ 100 ਕਿਲੋਮੀਟਰ ਦੂਰ ਜਾਵਾਂਗੇ। ਅਸੀਂ ਹੁਣ ਟਰਾਂਸ ਕੈਨੇਡਾ ਹਾਈਵੇ 'ਤੇ ਪੁੱਜ ਗਏ ਤੇ ਇਹ ਹਾਈਵੇ ਫਰੇਜ਼ਰ ਨਲੀ ਦੇ ਨਦੀ ਦੇ ਸਮਾਨ ਅੰਤਰ ਨਾਲ-ਨਾਲ ਚੱਲਦਾ ਸੀ। ਇਥੇ ਗੱਡੀਆਂ ਦੀ ਰਫਤਾਰ 90 ਤੋਂ 100 ਤੱਕ ਸੀ, ਜਿਨ੍ਹਾਂ ਨੇ ਤੇਜ਼ ਜਾਣਾ, ਉਹ ਖੱਬੇ ਪਾਸੇ ਵੱਲ ਤੇ ਜਿਨ੍ਹਾਂ ਨੇ ਘੱਟ ਰਫਤਾਰ ਨਾਲ ਜਾਣਾ, ਉਹ ਸੱਜੇ ਪਾਸੇ ਰਹਿੰਦੇ ਸਨ। ਇੱਥੇ ਕਿਤੇ-ਕਿਤੇ ਐੱਚ.ਓ.ਵੀ. ਲੇਨ ਹੁੰਦੀ ਸੀ, ਜਿੱਥੇ ਉਹ ਗੱਡੀ ਜਿਸ ਵਿਚ ਦੋ ਜਾਂ ਦੋ ਤੋਂ ਵੱਧ ਸਵਾਰੀਆਂ ਹੋਣ, ਇਲੈਕਟਰਿਕ ਗੱਡੀ ਅਤੇ ਮੋਟਰਸਾਈਕਲ ਉਹ ਇਸ ਪਾਸੇ ਵੱਲ ਜਾਂਦੀ ਸਨ। ਸਾਰੇ ਆਪਣੀ ਆਪਣੀ ਲੇਨ ਵਿਚ ਚੱਲਦੇ ਸਨ ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਸਨ, ਜੇ ਕਿਸੇ ਨੇ ਸੱਜੇ ਤੋਂ ਖੱਬੇ ਜਾਂ ਖੱਬੇ ਤੋਂ ਸੱਜੇ ਜਾਣਾ ਹੈ, ਤਾਂ ਉਹ ਇੰਡੀਕੇਟਰ ਦਿੰਦਾ ਸੀ ਤੇ ਉਹ ਉਦੋਂ ਹੀ ਜਾਂਦਾ ਸੀ, ਜਦੋਂ ਲੇਨ ਦੇ ਨਾਲ-ਨਾਲ ਲੱਗੀਆਂ ਲਾਈਨਾਂ ਦਾਣੇਦਾਰ ਹੋਣ ਅਤੇ ਰਾਹ ਲੈਣ ਉਪਰੰਤ ਡਰਾਈਵਰ ਉਹ ਆਪਣੇ ਰਸਤੇ 'ਤੇ ਜਾ ਕੇ ਹੱਥ ਹਿਲਾ ਕੇ ਰਾਹ ਦੇਣ ਵਾਲੇ ਦਾ ਧੰਨਵਾਦ ਕਰਦਾ ਸੀ। ਇਹ ਇਥੋਂ ਦੀ ਸਤਿਕਾਰ ਪ੍ਰੰਪਰਾ ਹੈ। ਇਹ ਸੜਕ ਬਹੁਤ ਹੀ ਚੌੜੀ ਸੀ, ਇਕ ਪਾਸੇ ਹੀ ਚਾਰ ਲਾਈਨਾਂ ਸੀ ਤੇ ਇਸੇ ਤਰ੍ਹਾਂ ਦੂਜੇ ਪਾਸੇ ਚਾਰ ਲਾਈਨਾਂ ਸੀ। ਹਰ ਥਾਂ, ਹਰ ਮੋੜ, ਹਰ ਚੌਕ, ਹਰ ਲਾਈਟ 'ਤੇ ਚਿੰਨ੍ਹ ਬੋਰਡ ਲੱਗੇ ਹੋਏ ਸਨ, ਜੋ ਅੱਗੇ ਜਾਣ ਬਾਰੇ ਬਿਆਨ ਕਰਦੇ ਸਨ। ਇਥੇ ਯੂ ਟਰਨ ਤਾਂ ਹੈ ਹੀ ਨਹੀਂ ਸੀ। ਜੇ ਕੋਈ ਕਿਸੇ ਚੌਕ ਵਿਚ ਗਲਤ ਲੇਨ ਵਿਚ ਚਲਾ ਜਾਵੇ ਤਾਂ ਫਿਰ ਉਸਨੂੰ ਕਾਫੀ ਘੁੰਮ ਕੇ ਆਉਣਾ ਪੈਂਦਾ ਹੈ। ਇਸ ਲਈ ਪਹਿਲਾਂ ਹੀ ਚੌਕੰਨੇ ਹੋ ਕੇ ਗੱਡੀ ਚਲਾਉਣੀ ਪੈਂਦੀ ਹੈ। ਨਾਗਰਿਕ ਬਹੁਤ ਹੀ ਸਮਝਦਾਰ ਹਨ, ਹਰੇਕ ਦੀ ਕਦਰ ਕਰਦੇ ਹਨ, ਹਰੇਕ ਨੂੰ ਸਮਝਦੇ ਹਨ। ਹਾਈਵੇ 'ਤੇ ਜਿੱਥੇ ਸੜਕਾਂ ਮਰਜ ਹੁੰਦੀਆਂ ਤਾਂ ਬਰਾਬਰ ਦੀ ਰਫਤਾਰ ਕਰਕੇ ਦੂਜਿਆਂ ਦਾ ਰਾਹ ਮੰਗ ਕੇ ਉਸ ਲੇਨ ਵਿਚ ਮਰਜ ਹੋਣਾ ਪੈਂਦਾ ਹੈ। ਅਸੀਂ ਜਲਦੀ ਹੀ ਅੱਗੇ ਚਿਲੀਵਿੱਕ ਪੁੱਜ ਗਏ, ਇਥੋਂ ਅੱਗੇ 18 ਕਿਲੋਮੀਟਰ ਦਾ ਸਫਰ ਰਹਿ ਗਿਆ ਸੀ। ਹਾਈਵੇ ਤੋਂ ਅੱਗੇ ਜਦੋਂ ਅਸੀਂ ਗਏ ਤਾਂ 15 ਕੁ ਮਿੰਟ ਬਾਅਦ ਸੱਜੇ ਪਾਸੇ ਬਰਾਈਡਲ ਵੇਲ ਫਾਲ ਦਾ ਬੋਰਡ ਦੇਖ ਕੇ ਅਸੀਂ ਉਸ ਪਾਸੇ ਵੱਲ ਮੁੜ ਪਏ। ਸਾਰਾ ਇਲਾਕਾ ਬਹੁਤ ਹੀ ਖੂਬਸੂਰਤ ਸੀ। ਸਾਫ-ਸੁਥਰਾ ਹਰਿਆਲੀ ਭਰਿਆ ਸੀ। ਇਥੇ ਪਾਰਕਿੰਗ ਵਿਚ ਮੈਂ ਆਪਣੀ ਪਾਣੀ ਵਾਲੀ ਬੋਤਲ ਕੱਢੀ ਤੇ ਨਿੱਘਾ ਜਿਹਾ ਕੋਸਾ ਜਿਹਾ ਪਾਣੀ ਪੀ ਕੇ ਅੱਗੇ ਚੱਲਣ ਲਈ ਤਿਆਰੀ ਵੱਟ ਲਈ। ਇਥੇ ਪਾਰਕਿੰਗ ਕੋਲ ਚਾਰ-ਪੰਜ ਟੇਬਲ ਬੈਠਣ ਲਈ ਪਏ ਸਨ ਅਤੇ ਆਲੇ-ਦੁਆਲੇ ਬਹੁਤ ਹੀ ਸੁੰਦਰ ਨਜ਼ਾਰਾ ਸੀ। ਇਥੋਂ ਹੀ ਅਸੀਂ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ। ਇਥੇ ਤੁਰਨ ਵਾਲੇ ਪਹਾੜੀ ਰਸਤੇ 'ਤੇ ਬਰੀਕ ਬੱਜਰੀ ਪਾ ਕੇ ਰਗੜ ਵਧਾਈ ਹੋਈ ਸੀ, ਜਿਸ ਕਰਕੇ ਚੱਲਣ ਵਿਚ ਸੁਖਾਲਾ ਹੋ ਰਿਹਾ ਸੀ। ਜੇ ਬੱਜਰੀ ਨਾ ਹੁੰਦੀ, ਤਾਂ ਪੈਰ ਤਿਲਕ ਜਾਣਾ ਸੀ। ਇੱਥੇ ਚਾਰੇ ਪਾਸੇ ਜੰਗਲ ਹੀ ਜੰਗਲ ਸੀ। ਹਰ ਪਾਸੇ ਹਰਿਆਲੀ ਤੇ ਕੁਦਰਤ ਨਾਲ ਪਿਆਰ ਝਲਕਦਾ ਸੀ। ਭਾਂਤ-ਭਾਂਤ ਦੇ ਉੱਚੇ ਦਰੱਖਤ, ਸ਼ੁੱਧ ਹਵਾ, ਦਰੱਖਤਾਂ ਦੇ ਤਣਿਆਂ ਤੇ ਹਰੇਵਾਈ ਉੱਗੀ ਹੋਈ ਸੀ, ਜਿਸ ਨੂੰ ਲਾਈਕਿੰਨ ਕਹਿੰਦੇ ਹਨ। ਇਹ ਉਦੋਂ ਹੀ ਉੱਗਦੀ ਹੈ, ਜਦੋਂ ਹਵਾ ਸਾਫ ਸੁਥਰੀ ਹੋਵੇ, ਵਾਤਾਵਰਨ ਸ਼ੁੱਧ ਹੋਵੇ। ਇਥੋਂ ਹੇਠ ਤੋਂ ਝਰਨੇ ਤੱਕ ਚੜ੍ਹਾਈ ਸੀ, ਇਸ ਲਈ ਥੋੜੇ ਸਮੇਂ ਬਾਅਦ ਦਮ ਲੈ ਲੈਂਦੇ ਸੀ। ਅੱਗੇ ਜਾ ਕੇ ਇਕ ਦਰੱਖਤ ਦਾ ਤਣਾ ਪਿਆ ਸੀ, ਉਥੇ ਬੈਠ ਕੇ ਕੁਝ ਸਮਾਂ ਆਰਾਮ ਕੀਤਾ। ਫਿਰ ਅੱਗੇ ਚੱਲ ਪਏ। ਅੱਗੇ ਇੱਕ ਲੱਕੜ ਦਾ ਬਹੁਤ ਹੀ ਸੁੰਦਰ ਪੁੱਲ ਆਇਆ, ਇੱਕ ਪਾਸੇ ਤੋਂ ਪਾਣੀ ਹੇਠਾਂ ਦੀ ਵਹਿ ਰਿਹਾ ਸੀ ਤੇ ਦੂਜੇ ਪਾਸੇ ਜਾ ਰਿਹਾ ਸੀ। ਬੜਾ ਸੁੰਦਰ ਮੰਜਰ ਸੀ। ਕੁੱਝ ਸਮੇਂ ਬਾਅਦ ਸਾਨੂੰ ਝਰਨਾ ਦਿਖਾਈ ਦੇਣ ਲੱਗਾ। ਫਿਰ ਅੱਗੇ ਜਾ ਕੇ 600 ਵਰਗ ਫੁੱਟ ਦੇ ਕਰੀਬ ਥਾਂ ਸੀ, ਜਿਹੜੀ ਕੁੱਝ ਪੱਧਰੀ ਸੀ। ਉਹਦੇ ਆਲੇ-ਦੁਆਲੇ ਬਨੇਰਾ ਕੀਤਾ ਹੋਇਆ ਸੀ। ਸਰਦੀਆਂ ਦੇ ਦਿਨਾਂ ਵਿਚ ਇਹ ਝਰਨਾ ਜਮ ਜਾਂਦਾ ਹੈ ਤੇ ਜੰਮੀ ਹੋਈ ਬਰਫ ਡਿੱਗਦੇ ਪਾਣੀ ਦੇ ਰੂਪ ਵਿਚ ਦਿੱਸਦੀ ਹੈ। ਸਰਦੀਆਂ ਵਿਚ ਇਥੇ ਜਾਣਾ ਖਤਰੇ ਤੋਂ ਖਾਲੀ ਨਹੀਂ ਹੁੰਦਾ। ਅਸੀਂ ਇਸ ਪੱਧਰੀ ਜਗ੍ਹਾ 'ਤੇ ਖੜ੍ਹ ਕੇ ਆਨੰਦ ਮਾਣਿਆ। ਫੋਟੋਗ੍ਰਾਫੀ ਕੀਤੀ। ਜਦੋਂ ਅਸੀਂ ਉੱਪਰ ਝਰਨੇ ਵੱਲ ਨਿਗ੍ਹਾ ਮਾਰੀ, ਤਾਂ ਉਥੇ ਝਰਨੇ ਦੇ ਕੋਲ ਬਹੁਤ ਸਾਰੇ ਲੋਕ ਗਏ ਹੋਏ ਸਨ। ਉਸ ਝਰਨੇ ਦੇ ਠੰਡੇ ਪਾਣੀ ਵਿਚ ਕਈ ਨਹਾ ਰਹੇ ਸਨ। ਇਥੋਂ ਝਰਨਾ ਬਹੁਤ ਉੱਚਾ, ਚੌੜਾ ਤੇ ਹੇਠਾਂ ਨੂੰ ਆ ਰਿਹਾ ਸੀ। ਅਸੀਂ ਵੀ ਤਕੜਾ ਮਨ ਕਰਕੇ ਉਪਰ ਜਾਣ ਲੱਗੇ, ਇਹ ਚੜ੍ਹਾਈ ਬੜੀ ਕਠਿਨ ਸੀ। ਇਹ ਉਚਾਣ ਉੱਚੀ-ਨੀਵੀ, ਵੱਡੇ-ਛੋਟੇ ਪੱਥਰ, ਜੜ੍ਹਾਂ, ਤਣੇ, ਕਾਲਾ ਜਿਹਾ ਰਾਹ, ਸਲਾਬੀ ਮਿੱਟੀ ਸੀ। ਅਸੀਂ ਹੌਲੀ-ਹੌਲੀ ਇਨ੍ਹਾਂ ਨੂੰ ਫੜ ਕੇ ਅੱਗੇ ਚੜ੍ਹ ਗਏ। ਅਸੀਂ ਉਪਰ ਝਰਨੇ ਕੋਲ ਪੁੱਜ ਗਏ। ਝਰਨੇ ਦੇ ਪਾਣੀ ਦੀਆਂ ਬੂੰਦਾਂ ਦੂਰ-ਦੂਰ ਤੱਕ ਖਿੰਡ ਕੇ ਜਾ ਰਹੀਆਂ ਸਨ। ਸਿੱਧੀਆਂ ਮੂੰਹ 'ਤੇ ਪੈ ਰਹੀਆਂ ਸਨ। ਇਹ ਬਹੁਤ ਹੀ ਖੂਬਸੂਰਤ ਕੁਦਰਤੀ ਪਲ ਸੀ। ਇੱਥੇ ਹੀ ਅਸੀਂ ਉੱਪਰੋਂ ਝਰਨੇ ਦਾ ਸੁੰਦਰ ਨਜ਼ਾਰਾ ਦੇਖਿਆ। ਇਥੋਂ ਹੇਠਾਂ ਜਾਣ ਨੂੰ ਮਨ ਨਾ ਕਰੇ। ਕੁੱਝ ਸਮੇਂ ਬਾਅਦ ਅਸੀਂ ਵਾਪਸ ਹੇਠਾਂ ਨੂੰ ਜਾਣ ਲੱਗੇ। ਉਤਰਨਾ ਬੜਾ ਕਠਿਨ ਸੀ। ਅਸੀਂ ਨੀਵੇਂ ਹੋ ਕੇ ਝੁਕ-ਝੁਕ ਕੇ, ਰੁੱਕ-ਰੁੱਕ ਕੇ, ਕਦੇ ਪੱਥਰਾਂ ਨੂੰ ਫੜ ਕੇ, ਕਦੇ ਲੱਕੜ ਨੂੰ ਫੜ ਕੇ ਹੇਠਾਂ ਉਤਰ ਰਹੇ ਸੀ ਅਤੇ ਹੌਲੀ-ਹੌਲੀ ਅਸੀਂ ਪੱਧਰੀ ਜਗ੍ਹਾ 'ਤੇ ਆ ਗਏ। ਅਸੀਂ ਪਾਰਕਿੰਗ ਦੇ ਨੇੜੇ ਲੱਗੇ ਟੇਬਲ ਬੈਂਚਾਂ 'ਤੇ ਬੈਠ ਗਏ। ਕੁੱਝ ਸਮਾਂ ਬੈਠ ਕੇ ਕੁਦਰਤ ਦਾ ਨਜ਼ਾਰਾ ਵੇਖਿਆ, ਫਿਰ ਪਾਰਕਿੰਗ ਵਿਚ ਪਹੁੰਚ ਕੇ ਘਰ ਵਾਪਸੀ ਕਰ ਲਈ। ਅੱਜ ਬਰਾਈਡਲ ਵੇਲ ਫਾਲ ਦੇਖ ਕੇ ਖੂਬ ਮਜਾ ਆਇਆ।



# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਕੌਮੀ ਪ੍ਰੈੱਸ ਦਿਵਸ– ਜਦੋਂ ਕਲਮ ਕ੍ਰਾਂਤੀ ਬਣੀ ਅਤੇ ਕੁਰਬਾਨੀ ਸੱਚ ਦੀ ਰੱਖਿਆ

## ਸ਼ਹੀਦੀ ਅਤੇ ਪ੍ਰੈੱਸ ਦੀ ਸਾਂਝੀ ਰੂਹ


ਗੁਰਭਿੰਦਰ ਗੁਰੀ
00447951590424
(ਵਟਸਐਪ)
ਪੰਜਾਬ ਮੇਲ USA




16 ਨਵੰਬਰ ਭਾਰਤ ਦੇ ਇਤਿਹਾਸ ਵਿਚ ਸਿਰਫ਼ ਇੱਕ ਤਾਰੀਖ ਨਹੀਂ — ਇਹ ਇੱਕ ਤਰ੍ਹਾਂ ਦਾ ਇਤਿਹਾਸੀ ਪ੍ਰਤੀਕ ਹੈ। ਇੱਕ ਪਾਸੇ ਇਹ ਤਾਰੀਖ ਗ਼ਦਰੀ ਲਹਿਰ ਦੇ ਸੂਰਮੇ, 19 ਸਾਲਾ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦਾ ਦਿਨ ਹੈ, ਤਾਂ ਦੂਜੇ ਪਾਸੇ ਇਹ ਕੌਮੀ ਪ੍ਰੈੱਸ ਦਿਵਸ ਵੀ ਹੈ, ਜਿਸ ਨੂੰ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਅਤੇ ਜ਼ਿੰਮੇਵਾਰੀਆਂ ਦੀ ਯਾਦ ਦਿਲਾਉਣ ਲਈ ਮਨਾਇਆ ਜਾਂਦਾ ਹੈ।

ਦੋਵੇਂ ਦਿਨਾਂ ਵਿਚ ਇੱਕ ਡੂੰਘਾ ਰਿਸ਼ਤਾ ਹੈ, ਇੱਕ ਜੰਗ ਆਜ਼ਾਦੀ ਦੀ ਸੀ, ਦੂਜੀ ਅੱਜ ਵੀ ਜਾਰੀ ਹੈ: ਸੱਚ ਲਿਖਣ ਅਤੇ ਜ਼ੁਲਮ ਦੇ ਖ਼ਿਲਾਫ਼ ਬੋਲਣ ਦੀ

### ਕਰਤਾਰ ਸਿੰਘ ਸਰਾਭਾ—ਇੱਕ ਜਵਾਨ, ਇੱਕ ਕ੍ਰਾਂਤੀ

### ਜਨਮ ਅਤੇ ਬਾਲ ਜੀਵਨ


ਕਰਤਾਰ ਸਿੰਘ ਦਾ ਜਨਮ 24 ਮਈ 1896 ਨੂੰ ਲੁਧਿਆਣਾ ਦੇ ਪਿੰਡ ਸਰਾਭਾ ਵਿਚ ਹੋਇਆ। ਛੋਟੀ ਉਮਰ ਤੋਂ ਹੀ ਉਹ ਤੀਖ਼ੇ ਬੁੱਧੀ, ਬੋਲਡ, ਅਤੇ ਬਹਾਦੁਰ ਸਨ। ਨਵੀਂ ਸੋਚ ਅਤੇ ਪ੍ਰਭਾਵਸ਼ਾਲੀ ਵਿਅਕਤੀਤਵ ਨੇ ਉਸਨੂੰ ਕਦੇ ਵੀ ਸਿਰਫ਼ ਦਰਸ਼ਕ ਬਣ ਕੇ ਬੈਠਣ ਨਹੀਂ ਦਿੱਤਾ। ਉਹ ਕਰਮ ਦੇ ਪੁਜਾਰੀ ਸਨ।

### ਅਮਰੀਕਾ ਜਾਣਾ: ਗ਼ਦਰ ਦੀ ਚਿੰਗਾਰੀ

ਦੇਸ਼ ਤੋਂ ਬਾਹਰ ਨੌਜਵਾਨਾਂ ਨੂੰ ਮਿਲੇ ਜ਼ੁਲਮ, ਨਸਲੀ ਭੇਦਭਾਵ ਅਤੇ ਬ੍ਰਿਟਿਸ਼ ਰਾਜਨੀਤੀ ਨੇ ਕਰਤਾਰ ਦੇ ਦਿਲ 'ਚ ਬਗਾਵਤ ਦੀ ਚਿੰਗਾਰੀ ਸੁਲਗਾ ਦਿੱਤੀ। ਅਮਰੀਕਾ ਵਿਖੇ ਹੀ ਉਹ ਹਿੰਦੁਸਤਾਨੀ ਸੇਵਕ ਸਮਾਜ ਨਾਲ ਜੁੜੇ, ਜੋ ਬਾਅਦ ਵਿਚ ਗ਼ਦਰ ਪਾਰਟੀ ਬਣੀ।

### ਗ਼ਦਰ ਲਹਿਰ ਅਤੇ ਸਰਾਭਾ ਦਾ ਯੋਗਦਾਨ

ਕਰਤਾਰ ਸਿੰਘ ਸਿਰਫ਼ ਇਕ ਮੈਂਬਰ ਨਹੀਂ ਸਨ, ਉਹ ਗ਼ਦਰ ਦੀ ਰੂਹ ਸਨ। ਉਹ ਪਾਰਟੀ ਦੇ ਅਖ਼ਬਾਰ ਗ਼ਦਰ ਦੇ ਮੁੱਖ ਲੇਖਕ ਅਤੇ ਛਾਪੇਖ਼ਾਨੇ ਦੇ ਸੰਚਾਲਕ ਸਨ। ਉਨ੍ਹਾਂ ਦੇ ਲੇਖਾਂ ਅਤੇ ਕਵਿਤਾਵਾਂ ਨੇ ਦੇਸ਼ ਵਿਚ ਕ੍ਰਾਂਤੀ ਦਾ ਲਹਿਰਾ ਵਗਾ ਦਿੱਤਾ - ਉਹ ਅਖ਼ਬਾਰ ਰਾਹੀਂ ਬਰਤਾਨਵੀ ਹਕੂਮਤ ਨੂੰ ਸਿੱਧੀ ਚੁਣੌਤੀ ਦਿੰਦੇ ਸਨ। ਇਹ ਲਿਖਤ ਹੀ ਉਹ ਹਥਿਆਰ ਸਨ, ਜਿਨ੍ਹਾਂ ਨੇ ਜਗਾਇਆ, ਜੁੜਿਆ ਅਤੇ ਜੰਗ ਲਈ ਤਿਆਰ ਕੀਤਾ।





### ਸਰਾਭਾ ਇਨਕਲਾਬ ਦੀ ਅਵਾਜ਼

"ਦੇਸ਼ ਨੂੰ ਸਾਡੀ ਲੋੜ ਹੈ, ਖ਼ੂਨ ਸਾਡਾ ਬਲੀ ਹੋਵੇ,
ਅਧੂਰਾ ਰਹਿੰਦਾ ਹਰੇਕ ਸੁਪਨਾ ਜੇ ਪਿੱਛੇ ਹਟ ਜਾਈਏ।"

ਇਹ ਛੰਦ ਮਾਤਰ ਸ਼ਬਦ ਨਹੀਂ ਸਨ — ਇਹ ਇਨਕਲਾਬ ਦਾ ਘੋਸ਼ਣਾ ਪੱਤਰ ਸਨ।

### ਵਾਪਸੀ ਤੇ ਗ੍ਰਿਫ਼ਤਾਰੀ

1914 ਵਿਚ, ਉਹ ਦੇਸ਼ ਵਾਪਸ ਆਏ ਇਸ ਨਿਯਤ ਨਾਲ ਕਿ ਆਜ਼ਾਦੀ ਨੂੰ ਹਾਸਲ ਕੀਤੇ ਬਿਨਾਂ ਵਾਪਸ ਨਹੀਂ ਜਾਣਾ। ਪਰ ਬਰਤਾਨੀਆ ਨੂੰ ਖ਼ਬਰ ਪੈ ਗਈ। ਸਾਜ਼ਿਸ਼ ਕੇਸ ਰਚਿਆ ਗਿਆ। ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।




ਅਦਾਲਤ ਵਿਚ ਪੁੱਛਿਆ ਗਿਆ: "ਕੀ ਤੁਸੀਂ ਜਾਣਦੇ ਸੀ ਕਿ ਦੇਸ਼ਦ੍ਰੋਹ ਦੇ ਦੋਸ਼ 'ਤੇ ਤੁਹਾਨੂੰ ਫਾਂਸੀ ਹੋ ਸਕਦੀ ਹੈ?"

ਉਸਨੇ ਹੱਸ ਕੇ ਕਿਹਾ: "ਹਾਂ, ਜੇ ਸੌ ਵਾਰ ਜ਼ਿੰਦਗੀ ਮਿਲੇ ਤਾਂ ਸੌ ਵਾਰ ਇਹੀ ਕਰਾਂਗਾ।"

### ਸ਼ਹੀਦੀ (16 ਨਵੰਬਰ 1915)

ਸਿਰਫ਼ 19 ਸਾਲ ਦੀ ਉਮਰ ਵਿਚ, ਲਾਹੌਰ ਜੇਲ੍ਹ ਦੇ ਅੰਦਰ ਤਖ਼ਤ-ਏ-ਫ਼ਾਂਸੀ 'ਤੇ ਖੜ੍ਹਾ ਕਰਤਾਰ ਸਿੰਘ ਕਹਿੰਦਾ: "ਮੇਰੀ ਕੁਰਬਾਨੀ ਹੋਰ ਸੂਰਮਿਆਂ ਨੂੰ ਜਗਾਏਗੀ।"

ਤੇ ਇਤਿਹਾਸ ਗਵਾਹ ਹੈ - ਉਹ ਸਹੀ ਸੀ।

### ਕੌਮੀ ਪ੍ਰੈੱਸ ਦਿਵਸ - ਸੱਚ ਦੀ ਲੜਾਈ ਅਤੇ ਮੀਡੀਆ ਦੀ ਜ਼ਿੰਮੇਵਾਰੀ

ਕੌਮੀ ਪ੍ਰੈੱਸ ਦਿਵਸ 16 ਨਵੰਬਰ



1966 ਤੋਂ ਮਨਾਇਆ ਜਾ ਰਿਹਾ ਹੈ, ਇਸ ਦਿਨ ਭਾਰਤ ਵਿਚ ਪ੍ਰੈੱਸ ਕੌਂਸਿਲ ਆਫ਼ ਇੰਡੀਆ ਦੀ ਸਥਾਪਨਾ ਹੋਈ ਸੀ। ਇਸ ਦਾ ਮਕਸਦ ਸੀ — ਪ੍ਰੈੱਸ ਦੀ ਆਜ਼ਾਦੀ ਦੀ ਰੱਖਿਆ ਅਤੇ ਜ਼ਿੰਮੇਵਾਰ ਪੱਤਰਕਾਰਿਤਾ ਨੂੰ ਉਤਸ਼ਾਹਿਤ ਕਰਨਾ।

### ਪ੍ਰੈੱਸ ਦੀ ਭੂਮਿਕਾ: ਪਹਿਲਾਂ ਅਤੇ ਹੁਣ

ਗ਼ਦਰ ਲਹਿਰ ਦੇ ਦੌਰਾਨ ਪ੍ਰੈੱਸ ਦੀਆਂ ਪ੍ਰਤੀਆਂ ਨੂੰ ਹੱਥੋਂ ਹੱਥ ਪਹੁੰਚਾਇਆ ਜਾਂਦਾ ਸੀ, ਸੈਂਸਰਸ਼ਿਪ ਤੋਂ ਬਚਾਉਣ ਲਈ ਰਾਤਾਂ ਨੂੰ ਤਪਿਆ ਜਾਂਦਾ ਸੀ।

ਅੱਜ ਵੀ, ਜਦੋਂ "ਫੇਕ ਨਿਊਜ਼", "ਕੌਰਪੋਰੇਟ ਕੰਟਰੋਲ" ਅਤੇ "ਪੇਡ ਨਿਊਜ਼" ਵਰਗੇ ਖ਼ਤਰੇ ਮੌਜੂਦ ਹਨ — ਆਜ਼ਾਦ ਪ੍ਰੈੱਸ ਦੀ ਮਹੱਤਤਾ ਹੋਰ ਵੱਧ ਗਈ ਹੈ।

**ਮੀਡੀਆ ਅਤੇ ਕ੍ਰਾਂਤੀ:** ਕਰਤਾਰ ਸਿੰਘ ਤੋਂ ਅੱਜ ਤੱਕ ਸਰਾਭਾ ਲਈ ਪ੍ਰੈੱਸ ਹਥਿਆਰ ਸੀ। ਅੱਜ ਦੇ ਆਜ਼ਾਦ ਪੱਤਰਕਾਰ ਲਈ ਪ੍ਰੈੱਸ ਜਵਾਬਦੇਹੀ ਹੈ। ਕਲਮ ਸਦਾ ਤਲਵਾਰ ਤੋਂ ਤੀਖੀ ਰਹੀ ਹੈ।

### ਆਧੁਨਿਕ ਮੀਡੀਆ — ਚੁਣੌਤੀਆਂ ਅਤੇ ਸਿੱਖਿਆ

ਆਜ਼ਾਦੀ ਵੱਧੀ, ਪਰ ਦਬਾਅ ਵੀ ਵੱਧੇ। ਰਾਜਨੀਤਿਕ ਦਬਾਅ, ਕਾਰਪੋਰੇਟ ਮਾਲਕੀ, ਸਾਈਬਰ ਹਮਲੇ, ਟ੍ਰੋਲ ਸੱਭਿਆਚਾਰ, ਸੱਚ ਲਿਖਣ ਦੀ ਕੀਮਤ। ਇਹ ਸਭ ਕੁਝ ਉਹੀ ਦਬਾਅ ਹਨ, ਸਿਰਫ਼ ਰੂਪ ਬਦਲੇ ਹਨ ਪਰ ਅਸਲ ਖ਼ਤਰਾ ਸੱਚ ਦੇ ਗੁਮ ਹੋ ਜਾਣ ਦਾ ਹੈ।

**ਕਰਤਾਰ ਸਿੰਘ ਤੋਂ ਸਿੱਖਿਆ:** ਲਿਖਾਰੀ ਹੁੰਦਿਆਂ ਵੀ ਲੜਾਕੂ ਹੋ ਸਕਦੇ ਹਾਂ। ਪੱਤਰਕਾਰ ਸਿਰਫ਼ ਨਿਗਰਾਨ ਨਹੀਂ, ਵਿਰੋਧ ਵੀ ਹੈ। ਮੀਡੀਆ ਦਾ ਧਰਮ ਸਿਰਫ਼ ਖ਼ਬਰ ਨਹੀਂ, ਸੱਚਾਈ ਹੈ।

ਕਰਤਾਰ ਸਿੰਘ ਸਰਾਭਾ ਨੇ ਇਹ ਕਹਿੰਦੇ ਹੋਏ ਫਾਂਸੀ ਲਈ: "ਮੇਰੀ ਲਾਸ਼ ਫਾਹੇ 'ਤੇ ਝੂਲਦੇ ਵੇਖ ਕੇ ਵੀ ਕਿਸੇ ਨੂੰ ਡਰ ਨਾ ਆਵੇ, ਇਹ ਸਫ਼ਰ ਜਾਰੀ ਰਹੇ।"

ਅੱਜ ਵੀ 16 ਨਵੰਬਰ ਨੂੰ ਜਦੋਂ ਇੱਕ ਪਾਸੇ ਉਸਦੀ ਯਾਦ ਮਨਾਈ ਜਾਂਦੀ ਹੈ, ਦੂਜੇ ਪਾਸੇ ਕੌਮੀ ਪ੍ਰੈੱਸ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ: 'ਜਦ ਤੱਕ ਸੱਚ ਲਿਖਣ ਵਾਲੇ ਲੋਕ ਜਿੰਦੇ ਹਨ, ਮੁਲਕ ਦੀ ਆਜ਼ਾਦੀ ਵੀ ਜਿੰਦੀ ਹੈ। ਕਲਮ ਨਾਲ ਲੜੋ। ਸੱਚ ਨੂੰ ਨਾ ਵੇਚੋ। ਇਤਿਹਾਸ ਨੂੰ ਨਾ ਭੁੱਲੋ।'

# ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਬਚਾਉਣ ਦੇ ਲਈ ਨੌਜਵਾਨ ਵਰਗ ਦੇ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣ ਦੀ ਲੋੜ


ਪ੍ਰੋ. ਗੀਤਾ ਰਾਣੀ
ਸਹਾਇਕ ਪ੍ਰੋਫ਼ੈਸਰ
ਬੋੜਾਵਾਲ ਕਾਲਜ ਮਾਨਸਾ
ਪੰਜਾਬ ਮੇਲ USA




ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਬਚਾਉਣ ਦੇ ਲਈ ਵੱਖ-ਵੱਖ ਪਲੇਟਫਾਰਮ ਰਾਹੀਂ ਵਿੱਦਿਅਕ ਅਦਾਰਿਆਂ ਦੇ ਅੰਦਰ ਨੌਜਵਾਨ ਵਰਗ ਨੂੰ ਨਾਲ ਜੋੜ ਕੇ ਪ੍ਰੇਰਿਤ ਕੀਤਾ ਜਾਵੇ। ਕਿਉਂਕਿ ਅੱਜ ਦੇ ਸਮੇਂ ਸੋਸ਼ਲ ਮੀਡੀਆ ਰਾਹੀਂ ਨੌਜਵਾਨ ਵਰਗ ਇਕ ਦੂਜੇ ਨਾਲ ਜੁੜਿਆ ਹੋਇਆ ਹੈ। ਪੰਜਾਬੀ ਸਾਹਿਤ ਦੇ ਖੇਤਰ ਅੰਦਰ ਆਪਣੇ ਸ਼ਬਦਾਂ ਜ਼ਰੀਏ ਅਹਿਮ ਯੋਗਦਾਨ ਪਾਉਣ ਵਾਲੀਆਂ ਸਹਿਤਕ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਸੈਮੀਨਾਰਾਂ ਰਾਹੀਂ ਪੰਜਾਬੀ ਸੱਭਿਆਚਾਰ ਦੇ ਨਾਲ ਜੋੜਿਆ ਜਾਵੇ। ਅੱਜ ਦੇ ਕਈ ਗਾਇਕ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦੇ ਨਾਮ 'ਤੇ ਮਾਂ ਬੋਲੀ ਨਾਲ ਖਿਲਵਾੜ ਕਰਦੇ ਨਜ਼ਰੀਂ ਪੈਂਦੇ ਹਨ। ਪੰਜਾਬੀ ਗੀਤਾਂ ਵਿਚ ਬੇਹੱਦ ਭੱਦੀ ਸ਼ਬਦਾਵਲੀ ਰਾਹੀਂ ਉਹ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਪਾਉਣ ਦਾ ਯਤਨ ਕਰਦੇ ਹਨ।

ਸਹਿਤ ਅਤੇ ਸੱਭਿਆਚਾਰ ਕਿਸੇ ਵੀ ਕੌਮ ਅਤੇ ਨੌਜਵਾਨ ਵਰਗ ਦਾ ਸ਼ੀਸਾ ਹੁੰਦੇ ਹਨ। ਸਾਨੂੰ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਬਚਾਉਣ ਦੇ ਲਈ ਨੌਜਵਾਨ ਵਰਗ ਨੂੰ ਵੱਖ-ਵੱਖ ਪਲੇਟਫਾਰਮਾਂ ਰਾਹੀਂ ਆਪਣੇ ਨਾਲ ਜੋੜ ਕੇ ਇੱਕ ਲਹਿਰ ਬਣਾਉਣੀ ਚਾਹੀਦੀ ਹੈ, ਤਾਂ ਕਿ ਇਹ ਗੱਲ ਅੱਗੇ ਤੁਰ ਸਕੇ। ਅਜੋਕਾ ਨੌਜਵਾਨ ਵਰਗ ਪੰਜਾਬੀ ਸਾਹਿਤ ਦੇ ਵੱਡੇ ਕਲਮਕਾਰਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਾਡੀ ਪੰਜਾਬੀ ਮਾਂ ਬੋਲੀ ਦੇ ਵਿਚ ਬਹੁਤ ਸਾਰੇ ਮਹਾਨ ਫਿਲਾਸਫਰਾਂ ਨੇ ਆਪਣੀ ਕਲਮ ਜ਼ਰੀਏ ਇਨਕਲਾਬ ਲਿਆਂਦਾ ਹੈ ਪਰ ਪਤਾ ਨਹੀਂ ਕਿਉਂ ਅੱਜ ਦਾ ਨੌਜਵਾਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲੋਂ ਟੁੱਟ ਕੇ ਹੋਰ ਪਾਸੇ ਜਾ ਰਿਹਾ ਹੈ। ਸਕੂਲਾਂ ਕਾਲਜਾਂ ਵਿਚ ਵੀ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਲੈ ਕੇ ਵਿਸ਼ਾਲ ਸੈਮੀਨਾਰ ਕਰਵਾਏ ਜਾਣੇ ਚਾਹੀਦੇ ਹਨ, ਤਾਂ ਕਿ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨ ਵਰਗ ਤੱਕ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ



ਹੋ ਸਕੇ। ਜਦ ਅਸੀਂ ਗੀਤਾਂ ਅੰਦਰ ਪੁਰਾਣੇ ਗਾਇਕਾਂ ਤੇ ਗੀਤਕਾਰਾਂ ਨੂੰ ਵੇਖਦੇ ਤੇ ਸੁਣਦੇ ਹਾਂ, ਤਾਂ ਸਾਡੀ ਰੂਹ ਖੁਸ਼ ਹੋ ਜਾਂਦੀ ਹੈ ਪਰ ਅਜੋਕੇ ਬਹੁਤੇ ਗੀਤਕਾਰ ਅਤੇ ਗਾਇਕ ਲੱਚਰਤਾ ਨੂੰ ਬੜਾਵਾ ਦੇ ਕੇ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਦੀ ਕਿਰਦਾਰਕੁਸ਼ੀ ਕਰ ਰਹੇ ਹਨ। ਇਸ ਸਾਰੇ ਵਰਤਾਰੇ ਦੌਰਾਨ ਸੋਸ਼ਲ ਮੀਡੀਆ ਦਾ ਵੀ ਅਹਿਮ ਯੋਗਦਾਨ ਹੈ ਕਿਉਂਕਿ ਉੱਥੇ ਵੀ ਅਸ਼ਲੀਲਤਾ ਅਤੇ ਲੱਚਰਤਾ ਪਰੋਸ ਕੇ ਨੌਜਵਾਨ ਵਰਗ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਇਸ ਲਈ ਲੋੜ ਹੈ ਕਿ ਸਕੂਲਾਂ ਕਾਲਜਾਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਅੰਦਰ ਵਿਸ਼ੇਸ਼ ਸੈਮੀਨਾਰ ਕਰਵਾ ਕੇ ਛੋਟੇ ਬੱਚੇ ਅਤੇ ਨੌਜਵਾਨ ਵਰਗ ਨੂੰ ਉਤਸ਼ਾਹਿਤ ਕਰਨ ਦੇ ਲਈ ਪੂਰੀ ਵਿਉਂਤਬੰਦੀ ਨਾਲ ਕੰਮ ਕੀਤਾ ਜਾਵੇ। ਜੇਕਰ ਅਸੀਂ ਅਜੇ ਵੀ ਇਸ ਪਾਸੇ ਵੱਲ ਧਿਆਨ ਨਾ ਦਿੱਤਾ ਤਾਂ ਸਾਡੇ ਬੱਚੇ ਅਤੇ ਨੌਜਵਾਨ ਵਰਗ ਕੁਰਾਹੇ ਬਹਿ ਕੇ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਤੋਂ ਦੂਰ ਹੁੰਦਾ ਜਾਵੇਗਾ। ਭਾਵੇਂ ਪਿਛਲੇ ਲੰਬੇ ਸਮੇਂ ਤੋਂ ਭਾਵੇਂ ਕਈ ਜਥੇਬੰਦੀਆਂ ਵੱਲੋਂ ਇਸ ਪਾਸੇ ਵੱਲ ਧਿਆਨ ਵੀ ਦਿੱਤਾ ਹੈ ਪਰ ਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਸਾਥ ਦੇਣ ਦੀ ਲੋੜ ਹੈ।

# ਉਸਤਾਦ ਬਨਾਮ ਮਾਸਟਰ

## ਯਾਦਾਂ ਦੇ ਝਰੋਖੇ 'ਚੋਂ : 6

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਪੁਰਾਣੇ ਸਮਿਆਂ ਵੇਲੇ ਸ਼ਗਿਰਦਾਂ ਵਿਚ ਉਸਤਾਦ ਦੀ ਝਿੜਕ ਨੂੰ ਬਰਦਾਸ਼ਤ ਕਰਨ ਦੀ ਭਾਵਨਾ ਕਾਫੀ ਹੁੰਦੀ ਸੀ। ਆਮ ਲੋਕ ਪਿੰਡ ਦੇ ਸਕੂਲਾਂ ਦੇ ਉਸਤਾਦਾਂ ਦੀ ਬੜੀ ਕਦਰ ਕਰਿਆ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਉਸਤਾਦਾਂ ਦੇ ਹੱਥ ਹੁੰਦਾ ਸੀ। ਜਿਹੜਾ ਸ਼ਗਿਰਦ ਉਸਤਾਦ ਦੀਆਂ ਸਖ਼ਤੀਆਂ ਨੂੰ, 'ਦੜ੍ਹ ਵੱਟ ਜ਼ਮਾਨਾ ਕੱਟ' ਦੀ ਅਖੌਤ ਮੁਤਾਬਕ ਸਹਿ ਗਿਆ, ਉਹ ਅਕਸਰ ਜੀਵਨ ਵਿਚ ਸਫ਼ਲ ਹੋ ਜਾਂਦਾ। ਉਸਤਾਦ ਵੀ ਉਨ੍ਹਾਂ ਸਮਿਆਂ ਵਿਚ ਸਖ਼ਤ ਅਤੇ ਮਿਹਨਤੀ ਹੁੰਦੇ। ਅੱਜਕੱਲ੍ਹ ਵਾਂਗ ਗੈਰ ਵਿੱਦਿਅਕ ਕੰਮਾਂ ਜਾਂ ਵਧੇਰੇ ਡਾਕਾਂ ਦਾ ਬੋਝ ਵੀ ਨਹੀਂ ਸੀ ਹੁੰਦਾ।

ਅਫ਼ਸੋਸ ਕਿ ਅੱਜ ਸਕੂਲਾਂ ਵਿਚ ਬਹੁਤੇ ਵਿਦਿਆਰਥੀ/ਮਾਸਟਰ ਪੁਰਾਣੇ ਸ਼ਗਿਰਦਾਂ/ਉਸਤਾਦਾਂ ਵਾਂਗ ਨਹੀਂ ਰਹੇ।

ਅਤੇ ਨਾ ਹੀ ਮਾਪੇ।

ਮੇਰੇ ਇਕ ਬਜ਼ੁਰਗ ਰਿਸ਼ਤੇਦਾਰ ਸ. ਕਰਮ ਸਿੰਘ ਜੋ ਪਿੰਡ ਮੋਠਾਂਵਾਲਾ ਜ਼ਿਲ੍ਹਾ ਜਲੰਧਰ ਤੋਂ ਸਨ, ਨੇ ਆਪਣੀ ਸਕੂਲੀ ਸਮੇਂ ਦੀ ਇਕ ਹੱਡਬੀਤੀ ਇੰਝ ਕਹਿ ਸੁਣਾਈ:-

"ਉਨੀਂ ਸੌ ਚਾਲੀ ਵਿਚ ਮੈਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਤੀਜੀ ਜਮਾਤ ਦਾ ਵਿਦਿਆਰਥੀ ਸਾਂ। ਪੜ੍ਹਨ ਵਿਚ ਹੁਸ਼ਿਆਰ ਅਤੇ ਨਿਯਮ ਵਿਚ ਰਹਿਣ ਵਾਲਾ। ਮੈਨੂੰ ਬੁਖਾਰ ਸੀ, ਮੈਂ ਲਗਾਤਾਰ ਤਿੰਨ ਦਿਨ ਸਕੂਲ ਨਹੀਂ ਗਿਆ। ਤੀਜੇ ਦਿਨ ਸਾਡੇ ਉਰਦੂ ਫ਼ਾਰਸੀ ਦੇ ਉਸਤਾਦ ਜਿਨ੍ਹਾਂ ਨੂੰ ਅਸੀਂ ਮੌਲਵੀ ਜੀ ਕਿਹਾ ਕਰਦੇ ਸਾਂ ਅਤੇ ਉਹ ਗੁਆਂਢੀ ਪਿੰਡ ਕੁਲਾਰਾਂ ਤੋਂ ਤੁਰ ਕੇ ਹੀ ਆਇਆ ਕਰਦੇ ਸਨ, ਹੋਰਾਂ ਮੇਰੇ ਬਾਰੇ ਮੇਰੇ ਗੁਆਂਢੀ ਅਤੇ ਜਮਾਤੀ ਬਸੀਰੇ ਨੂੰ ਮੇਰੀ ਗ਼ੈਰ ਹਾਜ਼ਰੀ ਦਾ ਕਾਰਨ ਪੁੱਛਿਆ। ਬਸੀਰੇ ਵਲੋਂ ਮੇਰੇ ਬੁਖਾਰ ਬਾਬਤ ਦੱਸਣ 'ਤੇ ਉਸਤਾਦ ਥੋੜੇ ਪ੍ਰੇਸ਼ਾਨ ਹੋਏ। ਸਾਰੀ ਛੁੱਟੀ ਉਪਰੰਤ ਉਨ੍ਹਾਂ ਸਾਡੇ ਬੂਹੇ 'ਤੇ ਆਣ ਦਸਤਕ ਦਿੱਤੀ। ਖੰਘੂਰਾ ਮਾਰਿਆ ਤਾਂ ਕਿ ਬੀਬੀਆਂ ਪੱਲਾ ਕਰ ਲੈਣ। ਅੰਦਰ ਪ੍ਰਵੇਸ਼ ਕਰਦਿਆਂ ਹੀ ਉਨ੍ਹਾਂ ਮੇਰੀ ਮਾਂ ਨੂੰ ਪੁੱਛਿਆ, "ਕਰਮਾ ਕਿਥੇ ਹੈ?" "ਜੀ ਉਹਨੂੰ ਤਾਂ ਬੁਖਾਰ ਹੈ। ਤਿੰਨ ਦਿਨ ਤੋਂ ਸੌਂਫ ਜਵੈਣ ਦਾ ਕਾੜ੍ਹਾ ਬਣਾ ਕੇ ਦੇ ਰਹੇ ਆਂ, ਫਰਕ ਨੀਂ ਪਿਆ।", ਮਾਂ ਨੇ ਕਿਹਾ। ਉਸਤਾਦ ਜੀ ਮੇਰੇ ਕੋਲ ਆਏ। ਮੇਰੇ ਮੱਥੇ 'ਤੇ ਹੱਥ ਲਾਇਆ। ਉਸ ਵਕਤ ਤੇਜ਼ ਬੁਖਾਰ ਸੀ, ਮੈਨੂੰ। ਉਹ ਮਾਂ ਨੂੰ ਬੜਾ ਗੁੱਸੇ ਹੋਏ ਕਿ ਕਿਸੀ ਵੈਦ ਪਾਸੋਂ ਦਵਾਈ ਕਿਉਂ ਨਹੀਂ ਲਿਆਂਦੀ। ਉਨ੍ਹਾਂ ਮੈਨੂੰ ਚੁੱਕ ਕੇ ਮੋਡੇ ਲਾ ਲਿਆ। ਖੇਸੀ ਗਿੱਲੀ ਕਰਕੇ ਮੇਰੇ ਉਪਰ ਦੇ ਦਿੱਤੀ। ਤੁਰਕੇ ਹੀ ਮੈਨੂੰ ਮੋਠਾਂਵਾਲਾ ਦੀ ਪੱਛਮੀ ਬਾਹੀ ਦੇ ਇਕ ਮੁਸਲਿਮ ਹਕੀਮ ਪਾਸ ਲੈ ਗਏ। ਉਸ ਨੇ ਦਵਾਈ ਦੀਆਂ 4-5 ਪੁੜੀਆਂ ਬਣਾ ਦਿੱਤੀਆਂ। ਉਸਤਾਦ ਜੀ ਨੇ ਇਕ ਪੁੜੀ ਤਾਂ ਉਥੇ ਹੀ ਮੈਨੂੰ ਖਵਾਅ ਦਿੱਤੀ, ਬਾਕੀ ਮੈਨੂੰ ਘਰ ਛੱਡਦਿਆਂ ਮਾਂ ਨੂੰ ਤਾਕੀਦ ਕਰ ਗਏ। ਦੂਜੇ ਦਿਨ ਐਤਵਾਰ ਛੁੱਟੀ ਸੀ। ਤੀਜੇ ਦਿਨ ਸੋਮਵਾਰ ਸਾਰੀ ਛੁੱਟੀ ਸਮੇਂ ਉਹ ਫਿਰ ਮੇਰੀ ਖ਼ਬਰ ਨੂੰ ਆਏ, ਤਾਂ ਮੈਂ ਆਪਣੇ ਹੱਥੀਂ ਖਿਚੜੀ ਚੌਲ਼ ਖਾ ਰਿਹਾ ਸਾਂ। ਉਨ੍ਹਾਂ ਨੂੰ ਤਸੱਲੀ ਹੋਈ। ਮੈਂ ਭੱਜ ਕੇ ਉਨ੍ਹਾਂ ਨੂੰ ਮੱਥਾ ਟੇਕਿਆ। ਉਸਤਾਦ ਜੀ ਨੇ ਮੈਨੂੰ ਜੱਫੀ ਵਿਚ ਲੈ ਲਿਆ। ਹੁਣ ਉਸਤਾਦ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਸਨ, ਤਾਂ ਦੇਖ ਕੇ ਮੇਰੀ ਅੱਖਾਂ ਵੀ ਛਲਕ ਗਈਆਂ।" -ਮੇਰੇ ਮੂੰਹੋਂ ਵੀ ਆਪ ਮੁਹਾਰੇ 'ਵਾਹ ਉਸਤਾਦ ਜੀ' ਨਿੱਕਲਦਿਆਂ, ਅੱਖਾਂ ਨਮ ਹੋ ਗਈਆਂ।

# ਇੱਕ ਸਵਾਲ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA

**ਕਿਸੇ ਨੇ ਆਟਾ-ਦਾਲ ਦੇ ਕੇ ਪੱਲਾ ਝਾੜ ਲਿਆ ਤੇ ਕਿਸੇ ਨੇ ਬੱਸਾਂ ਦਾ ਕਿਰਾਇਆ ਮੁਆਫ਼ ਕਰਕੇ ਰੋਡਵੇਜ਼ ਅਤੇ ਪੈਪਸੂ ਟਰਾਂਸਪੋਰਟ ਦਾ ਭੱਠਾ ਬਿਠਾ ਦਿੱਤਾ, ਕਿਸੇ ਨੇ ਮੋਟਰਾਂ (ਖੇਤੀ ਯੋਗ) ਨੂੰ ਬਿਜਲੀ ਮੁਫਤ ਦੇ ਕੇ ਪੰਜਾਬ ਰਾਜ ਬਿਜਲੀ ਬੋਰਡ ਕੰਗਾਲ ਕਰ ਦਿੱਤਾ ਤੇ ਕਿਸੇ ਨੇ ਘਰੇਲੂ ਬਿਜਲੀ ਮੁਫਤ ਕਰਕੇ ਬਿਜਲੀ ਵਿਭਾਗ ਨੂੰ ਵੈਂਟੀਲੇਟਰ 'ਤੇ ਲਾ ਦਿੱਤਾ। ਇਨ੍ਹਾਂ ਹਾਲਾਤਾਂ ਵਿਚ ਪਬਲਿਕ ਸੁਰੱਖਿਆ, ਪੜ੍ਹਾਈ ਅਤੇ ਸਿਹਤ ਸੇਵਾਵਾਂ ਦੰਦ ਕਰੀਚਦੀਆਂ ਦਿਸ ਰਹੀਆਂ ਹਨ। ਅੱਜ ਆਪਾਂ ਸਿਹਤ ਨਾਲ ਸਬੰਧਤ ਇੱਕ ਅਹਿਮ ਪਹਿਲੂ 'ਤੇ ਵਿਚਾਰ ਕਰਾਂਗੇ, ਜੋ ਅਕਸਰ ਹਰ ਵਿਅਕਤੀ ਨੂੰ ਆਉਣ ਵਾਲੀ ਮੁਸ਼ਕਿਲ ਹੈ।**




ਪੰਜਾਬ ਦੀਆਂ ਸਰਕਾਰਾਂ (ਸਾਰੀਆਂ ਹੀ) ਕਿਸੇ ਪਾਰਟੀ ਵਿਸ਼ੇਸ਼ ਨੂੰ ਟਾਰਗੇਟ ਕਰਨ ਦੀ ਗੱਲ ਨਹੀਂ ਹੈ ਕਿ ਸਰਕਾਰਾਂ ਕੋਈ ਵੀ ਕੰਮ ਜ਼ਿੰਮੇਵਾਰੀ ਨਾਲ ਕਿਉਂ ਨਹੀਂ ਕਰਦੀਆਂ ਅਤੇ ਨਾ ਹੀ ਅਸੀਂ ਸਰਕਾਰ ਨੂੰ ਜਵਾਬਦੇਹ ਬਣਾਉਣ ਦੀ ਮੰਗ ਕਰਦੇ ਹਾਂ ਅਤੇ ਸਰਕਾਰਾਂ ਵਿਰੋਧੀ ਧਿਰਾਂ ਨਾਲ ਆਪਸੀ ਕਿੜਾਂ ਕੱਢਣ ਵਿਚ ਲੱਗੀਆਂ ਰਹਿੰਦੀਆਂ ਹਨ। ਕਿਸੇ ਨੇ ਆਟਾ-ਦਾਲ ਦੇ ਕੇ ਪੱਲਾ ਝਾੜ ਲਿਆ ਤੇ ਕਿਸੇ ਨੇ ਬੱਸਾਂ ਦਾ ਕਿਰਾਇਆ ਮੁਆਫ਼ ਕਰਕੇ ਰੋਡਵੇਜ਼ ਅਤੇ ਪੈਪਸੂ ਟਰਾਂਸਪੋਰਟ ਦਾ ਭੱਠਾ ਬਿਠਾ ਦਿੱਤਾ, ਕਿਸੇ ਨੇ ਮੋਟਰਾਂ (ਖੇਤੀ ਯੋਗ) ਨੂੰ ਬਿਜਲੀ ਮੁਫਤ ਦੇ ਕੇ ਪੰਜਾਬ ਰਾਜ ਬਿਜਲੀ ਬੋਰਡ ਕੰਗਾਲ ਕਰ ਦਿੱਤਾ ਤੇ ਕਿਸੇ ਨੇ ਘਰੇਲੂ ਬਿਜਲੀ ਮੁਫਤ ਕਰਕੇ ਬਿਜਲੀ ਵਿਭਾਗ ਨੂੰ ਵੈਂਟੀਲੇਟਰ 'ਤੇ ਲਾ ਦਿੱਤਾ। ਇਨ੍ਹਾਂ ਹਾਲਾਤਾਂ ਵਿਚ ਪਬਲਿਕ ਸੁਰੱਖਿਆ, ਪੜ੍ਹਾਈ ਅਤੇ ਸਿਹਤ ਸੇਵਾਵਾਂ ਦੰਦ ਕਰੀਚਦੀਆਂ ਦਿਸ ਰਹੀਆਂ ਹਨ। ਅੱਜ ਆਪਾਂ ਸਿਹਤ ਨਾਲ ਸਬੰਧਤ ਇੱਕ ਅਹਿਮ ਪਹਿਲੂ 'ਤੇ ਵਿਚਾਰ ਕਰਾਂਗੇ, ਜੋ ਅਕਸਰ ਹਰ ਵਿਅਕਤੀ ਨੂੰ ਆਉਣ ਵਾਲੀ ਮੁਸ਼ਕਿਲ ਹੈ। ਅੱਜ ਪੰਜਾਬ ਵਿਚ ਲੋਕ ਏਨੇ ਸਿਆਣੇ ਅਤੇ ਦਾਨੀ ਬਿਰਤੀ ਵਾਲੇ ਹੋ ਗਏ ਹਨ, ਜਿੰਨੇ ਪਹਿਲਾਂ ਨਹੀਂ ਸਨ। ਪੜ੍ਹਾਈ-ਲਿਖਾਈ ਦਾ ਵੀ ਜ਼ਿਆਦਾ ਅਸਰ ਹੈ। ਦਾਨੀ ਬਿਰਤੀ ਵਾਲੀ ਗੱਲ 'ਤੇ ਸਬੂਤ ਵਜੋਂ ਚਾਰ-ਪੰਜ ਮਹੀਨੇ ਪਹਿਲਾਂ ਆਏ ਹੜ੍ਹਾਂ ਤੋਂ ਬਾਅਦ ਹੜ੍ਹ ਪੀੜਤਾਂ ਦੀ ਹੋਈ ਮਦਦ ਵੱਲ ਨਿਗਾਹ ਮਾਰ ਲਵੋ, ਤਾਂ ਸਾਰੇ ਸ਼ੰਕੇ ਦੂਰ ਹੋ ਜਾਣਗੇ। ਇਸੇ ਗੱਲ ਨੂੰ ਅੱਗੇ ਤੋਰਦਿਆਂ ਸਵਾਲ ਹੈ ਕਿ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਬੇਤਹਾਸ਼ਾ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ ਪਰ ਫਿਰ ਵੀ ਸਰਕਾਰੀ ਜਾਂ ਗੈਰ ਸਰਕਾਰੀ ਹਸਪਤਾਲ ਵਿਚ ਖ਼ੂਨ ਵਾਸਤੇ ਲੋਕ ਲਿਲਕੜੀਆਂ ਕੱਢਦੇ ਵੇਖੇ ਜਾਂਦੇ ਹਨ। ਬਲੱਡ ਬੈਂਕ ਵਿਚ ਬਲੱਡ ਪਿਆ ਹੋਣ ਦੇ ਬਾਵਜੂਦ ਵੀ ਮਰੀਜ਼ ਦੇ ਵਾਰਸਾਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਡੋਨਰ ਲੈ ਕੇ ਆਉ, ਤਾਂ ਅਪ੍ਰੇਸ਼ਨ ਹੋਵੇਗਾ। ਵਿਚਾਰੇ ਲੋਕ ਰੋਣ ਹਾਕੇ ਹੋਏ ਵਾਕਿਫ਼ ਲੋਕਾਂ ਦੇ ਤਰਲੇ ਕੱਢਦੇ ਦਿੱਸਦੇ ਹਨ, ਤਾਂ ਉਨ੍ਹਾਂ ਨੂੰ ਕੋਈ ਦੱਸ ਪਾਉਂਦਾ ਹੈ ਕਿ ਫਲਾਂ ਬਸਤੀ ਜਾਂ ਟਾਊਨ ਵਿਚ ਨੌਜਵਾਨਾਂ ਦੀ ਕਮੇਟੀ ਬਣੀ ਹੋਈ ਹੈ, ਉਨ੍ਹਾਂ ਨੂੰ ਪਹੁੰਚ ਕਰਨ 'ਤੇ ਉਹ ਵਿਚਾਰੇ ਰੱਬ ਦੇ ਦੂਤ ਬਣ ਕੇ ਪਹੁੰਚਦੇ ਹਨ, ਖ਼ੂਨਦਾਨ ਕਰ ਕੇ ਚਲੇ ਜਾਂਦੇ ਹਨ, ਤਾਂ ਸਰਜਰੀ ਹੁੰਦੀ ਹੈ ਪਰ ਸਵਾਲ ਇਹ ਹੈ ਕਿ ਜੇ ਲੋੜਵੰਦ ਨੂੰ ਖ਼ੂਨ ਦੇ ਬਦਲੇ ਹੀ ਖ਼ੂਨ ਮਿਲਦਾ ਹੈ, ਤਾਂ ਖ਼ੂਨਦਾਨ ਕੈਂਪਾਂ ਵਿਚੋਂ ਆਇਆ ਖ਼ੂਨ ਕਿੱਥੇ ਜਾਂਦਾ ਹੈ? ਜੇ ਕੋਈ ਕਹੇ ਕਿ ਇਹ ਸਰਟੀਫਿਕੇਟ ਵੇਖੋ, ਪਿਛਲੇ ਮਹੀਨੇ ਮੈਂ ਖ਼ੂਨਦਾਨ ਕੀਤਾ ਸੀ, ਮੈਨੂੰ ਉਸ ਦੇ ਬਦਲੇ ਖ਼ੂਨ ਦੇ ਦਿਉ, ਤਾਂ ਉਸ ਨੂੰ ਬੁੱਧੂ ਬਣਾਇਆ ਜਾਂਦਾ ਹੈ ਕਿ ਸਾਨੂੰ ਤਾਜ਼ਾ ਖ਼ੂਨ ਚਾਹੀਦਾ ਹੈ, ਉਹ ਵਿਚਾਰਾ ਲਾਜਵਾਬ ਹੋਇਆ ਅੱਗੇ-ਪਿੱਛੇ ਭੱਜਾ ਫਿਰਦਾ ਹੈ। ਸਾਡੀ ਖ਼ੁਦ ਦੀ ਸਾਡੇ ਕਸਬੇ ਵਿਚ ਸੁਸਾਇਟੀ ਬਣੀ ਹੋਈ ਹੈ ਅਤੇ ਹੋਰ ਵੀ ਦੋ ਸੁਸਾਇਟੀਆਂ ਹਨ, ਜਿਥੋਂ ਹਰ ਸਾਲ ਪੰਜ ਸੌ ਦੇ ਕਰੀਬ ਯੂਨਿਟ ਡੋਨੇਟ ਹੁੰਦੇ ਹਨ ਪਰ ਜਦ ਵੀ ਸਾਡੇ ਕਿਸੇ ਮੈਂਬਰ ਜਾਂ ਮੈਂਬਰ ਦੇ ਪਰਿਵਾਰ ਵਿਚ ਕਿਸੇ ਨੂੰ ਖ਼ੂਨ ਦੀ ਜ਼ਰੂਰਤ ਪਵੇ, ਤਾਂ ਸਾਡੀ ਸੁਸਾਇਟੀ ਵਾਲੇ ਫਿਰ ਕਿਸੇ ਡੋਨਰ ਸੰਸਥਾ ਨੂੰ ਪਹੁੰਚ ਕਰਕੇ ਖ਼ੂਨ ਮੁਹੱਈਆ ਕਰਵਾ ਕੇ ਅਸੀਂ ਇੱਕ ਦੂਜੇ ਦੀ ਮਦਦ ਕਰਦੇ ਹਾਂ, ਤਾਂ ਇਹ ਸਵਾਲ ਮਨ ਵਿਚ ਉਪਜਣਾ ਸੁਭਾਵਿਕ ਹੈ ਕਿ ਕੀ ਪੰਜਾਬ ਸਰਕਾਰ ਇਨ੍ਹਾਂ ਬਲੱਡ ਬੈਂਕਾਂ ਉੱਪਰ ਕੋਈ ਨਿਗਰਾਨ ਨਹੀਂ ਲਾ ਸਕਦੀ? ਮੈਂ ਨਿੱਜੀ ਤੌਰ 'ਤੇ ਕੁਝ ਲੋਕਾਂ ਨੂੰ ਜਾਣਦਾ ਹਾਂ, ਜਿਨ੍ਹਾਂ ਦੇ ਜੀਅ ਜਲਦੀ ਡੋਨਰ ਨਾ ਪਹੁੰਚਣ ਕਰਕੇ ਰੱਬ ਨੂੰ ਪਿਆਰੇ ਹੋ ਗਏ, ਜਦਕਿ ਹਸਪਤਾਲ ਵਿਚ ਖ਼ੂਨ ਮੌਜੂਦ ਸੀ। ਬਿਨਾਂ ਨਾ ਲਏ ਦੱਸਾਂਗਾ ਕਿ ਇੱਕ ਡਾਕਟਰ ਨੂੰ ਮੈਂ ਪੁੱਛਿਆ, ਤੁਹਾਡੇ ਕੋਲ ਖ਼ੂਨ ਹੁੰਦੇ ਤੁਸੀਂ ਬੰਦਾ ਮਰਨ ਦਿੱਤਾ ਤੇ ਰੱਖਿਆ ਹੋਇਆ ਖ਼ੂਨ ਕੀ ਕਰੋਗੇ, ਉਹ ਕਹਿੰਦਾ ਸਾਨੂੰ ਸਰਕਾਰੀ ਹੁਕਮ ਹੈ ਕਿ ਵੀ.ਆਈ.ਪੀਜ਼ ਵਾਸਤੇ ਖ਼ੂਨ ਰੱਖਣਾ ਜ਼ਰੂਰੀ ਹੈ (ਮੈਨੂੰ ਨਹੀਂ ਪਤਾ ਇਹ ਸੱਚ ਹੈ ਜਾਂ ਝੂਠ)। ਮੈਂ ਬਹੁਤ ਹੈਰਾਨ ਹੋਇਆ ਕਿ ਸਾਡੀਆਂ ਵੋਟਾਂ ਨਾਲ ਬਣੇ ਵੀ.ਆਈ.ਪੀ. ਸਾਡੇ ਦਾਨ ਕੀਤੇ ਗਏ ਖ਼ੂਨ 'ਤੇ ਵੀ ਕਾਬਜ਼ ਹੋਣਗੇ, ਅਸੀਂ ਕਿੰਨਾ ਕੁ ਕਰਜ਼ਾ ਦੇਣਾ ਹੈ ਇਨ੍ਹਾਂ ਦਾ। ਇਸ ਲਈ ਵਿਚਾਰਾਂ ਦੀ ਇਹ ਸਾਂਝ ਪਾਉਣੀ ਜ਼ਰੂਰੀ ਸਮਝੀ ਕਿ ਜੇ ਸਾਡੇ ਆਵਾਜ਼ ਚੁੱਕਣ ਨਾਲ ਇੱਕ ਜਾਨ ਵੀ ਬਚ ਜਾਵੇ, ਤਾਂ ਸਾਡੇ ਲਿਖੇ ਲਫ਼ਜ਼ਾਂ ਦਾ ਮੁੱਲ ਮੁੜ ਆਵੇਗਾ। ਆਉਣ ਵਾਲੇ ਅੰਕ ਵਿਚ ਨਵਾਂ ਮੁੱਦਾ ਲੈ ਕੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਵਾਂਗੇ।

# ਜਨਾਬ ਅੰਗੂਰ ਖਾਣਗੇ 'ਤੇ ਅੰਗੂਰੀ ਪੀਣਗੇ



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



ਫਲ ਅੰਗੂਰ ਦਾ ਇਸਤੇਮਾਲ ਵਧੀਆ ਵਾਈਨ ਅਤੇ ਫੂਡ ਤੇ ਫਾਰਮਾ ਇੰਡਸਟਰੀ ਵਿਚ ਸਦੀਆਂ ਤੋਂ ਹੋ ਰਿਹਾ ਹੈ। ਕੌਸਮੈਟਿਕ ਪ੍ਰੋਡਕਟਸ ਵਿਚ ਅੰਗੂਰ ਬੀਜ ਦੇ ਤੇਲ ਅੰਦਰ ਟੋਕੋਫਰੋਲਜ਼ ਅਤੇ ਫਾਈਟੋਸਟ੍ਰੋਲਜ਼ ਤੇ ਪੋਲੀਨਸਟ੍ਰੈਟਿਡ ਫੈਟੀ ਐਸਿਡ ਮੌਜੂਦ ਹੋਣ ਕਰਕੇ ਵਰਤਿਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਹਰ ਸਾਲ 72 ਮਿਲੀਅਨ ਟਨ ਅੰਗੂਰ ਉਗਾਏ ਜਾ ਰਹੇ ਹਨ, ਜ਼ਿਆਦਾਤਰ ਵਾਈਨ ਬਣਾਉਣ ਲਈ। ਹਰ ਸਾਲ 7.2 ਟ੍ਰਿਲੀਅਨ ਗੈਲਨ ਵਾਈਨ ਦਾ ਉਤਪਾਦਨ ਹੁੰਦਾ ਹੈ। ਅੰਗੂਰ ਦੀ ਕਾਸ਼ਤ ਨੇੜਲੇ ਪੂਰਬ ਵਿਚ 6 ਤੋਂ 8 ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ ਸੀ। ਸਭ ਤੋਂ ਪੁਰਾਣੀ ਵਾਈਨਰੀ ਲਗਭਗ 4000 ਬੀ.ਸੀ. 9ਵੀਂ ਸਦੀ ਤੋਂ ਸ਼ੀਰਾਜ਼ ਸ਼ਹਿਰ ਮੱਧ ਪੂਰਬ ਵਿਚ ਵਧੀਆ ਸ਼ਰਾਬ ਤਿਆਰ ਕਰਨ ਲਈ ਮਸ਼ਹੂਰ ਸੀ। ਸੀਰਾਹ ਰੈਡ ਵਾਈਨ ਦਾ ਨਾਮ ਪਰਸ ਦੇ ਇਕ ਸ਼ਹਿਰ ਸ਼ੀਰਾਜ਼ ਦੇ ਨਾਮ ਰੱਖਿਆ ਗਿਆ, ਜਿਥੇ ਅੰਗੂਰ ਨੂੰ ਸ਼ੀਰਾਜ਼ ਵਾਈਨ ਬਣਾਉਣ ਲਈ ਵਰਤਿਆ ਜਾਂਦਾ ਸੀ। 19 ਵੀਂ ਸਦੀ ਵਿਚ ਮੈਸਾਚਿਉਸੇਟਸ ਦੇ ਕਨਕੋਰਡ ਦੇ ਇਫਰੈਮ ਬੁੱਲ ਨੇ ਕੋਕੋਰਡ ਅੰਗੂਰ ਬਣਾਉਣ ਲਈ ਜੰਗਲੀ ਵਿਟਿਸ ਲੈਬਰੁਸਕਾ ਦੀਆਂ ਬੇਲਾਂ ਬੀਜ ਦੀ ਕਾਸ਼ਤ ਕੀਤੀ, ਜੋ ਸੰਯੁਕਤ ਰਾਜ ਵਿਚ ਇੱਕ ਖਾਸ ਫਸਲ ਬਣ ਗਈ।

ਫਲ ਅੰਗੂਰ ਜੋ 15 ਤੋਂ 300 ਦੇ ਗਰੁੱਪ ਵਿਚ ਲਾਲ, ਹਰੇ, ਕਾਲੇ, ਨੀਲੇ, ਜਾਮਨੀ, ਪੀਲੇ, ਸੰਤਰੀ, ਗੁਲਾਬੀ ਰੰਗ ਦੇ ਉਗਾਏ ਜਾ ਰਹੇ ਹਨ। ਲਾਲ ਜਾਂ ਹਰੇ ਅੰਗੂਰ ਇੱਕ ਕੱਪ ਯਾਨਿ 150 ਗ੍ਰਾਮ ਵਿਚ ਮੌਜੂਦ ਪੌਸ਼ਟਿਕ ਤੱਤ- ਕੈਲੋਰੀਜ਼-104, ਕਾਰਬਸ-27.3 ਗ੍ਰਾਮ, ਪ੍ਰੋਟੀਨ-1.1 ਗ੍ਰਾਮ, ਚਰਬੀ-0.2ਗ੍ਰਾਮ, ਫਾਈਬਰ-1.4 ਗ੍ਰਾਮ, ਵਿਟਾਮਿਨ ਸੀ-27%, ਵਿਟਾਮਿਨ ਕੇ-28%, ਥਿਆਮੀਨ-7%, ਰਿਬੋਫਲੇਬਿਨ-6%, ਵਿਟਾਮਿਨ ਬੀ:6-6%, ਪੋਟਾਸ਼ਿਅਮ-8%, ਕੋਪਰ-10%, ਮੈਂਗਨੀਜ਼-5% ਅਤੇ ਕੱਚੇ ਅੰਗੂਰ ਵਿਚ ਪਾਣੀ-81%, ਕਾਰਬੋਹਾਈਡ੍ਰੇਟ-18%, ਆਦਿ ਸਰੀਰ ਨੂੰ ਫਿਟ ਰੱਖਦੇ ਹਨ। ਰੇਸਵੇਰਾਟ੍ਰੋਲ, ਇੱਕ ਸਟਾਈਲਬੀਨ ਮਿਸ਼ਰਿਤ ਅੰਗੂਰ ਦੀਆਂ ਕਿਸਮਾਂ ਦੇ ਛੱਲਾਂ ਅਤੇ ਸੀਡਜ਼ ਵਿਚ ਪਾਇਆ ਜਾਂਦਾ ਹੈ। ਤਾਜ਼ੇ ਅੰਗੂਰ ਦੀ ਚਮੜੀ ਵਿਚ ਪ੍ਰਤੀ ਗ੍ਰਾਮ ਰੈਸਵੇਰਾਟ੍ਰੋਲ ਦੇ ਲਗਭਗ 50 ਤੋਂ 100 ਮਾਈਕ੍ਰੋਗ੍ਰਾਮ ਮੌਜੂਦ ਰਹਿੰਦੇ ਹਨ।

### ਤੁਸੀਂ ਅੰਗੂਰ ਖਾ ਕੇ ਸਰੀਰ ਅਤੇ ਮਨ ਦੀਆਂ ਕਮੀਆਂ ਦੂਰ ਕਰ ਸਕਦੇ ਹ :

- ਦਿਲ ਦੀਆਂ ਬਿਮਾਰੀਆਂ ਵਿਚ ਅੰਗੂਰ ਅੰਦਰ ਮਜੂਦ ਪੌਲੀਫੇਨੌਲ ਕਾਰਡੀਓਵੈਸਕੁਲਰ ਰੋਗਾਂ ਨੂੰ ਕੰਟਰੋਲ ਕਰਨ ਵਿਚ ਮਦਦ ਕਰਦੇ ਹਨ। ਫ੍ਰੀ ਰੈਡੀਕਲਜ਼ ਵਧਾਉਣ ਤੋਂ ਇਲਾਵਾ ਐਂਟੀ-ਇਨਫਲੇਮੇਟਰੀ ਅਸਰ, ਐਂਟੀਪਲੇਟਲੇਟ ਅਤੇ ਐਂਡੋਥੈਲੀਅਲ ਫੰਕਸ਼ਨ ਹੁੰਦਾ ਹੈ।
- ਅੰਗੂਰ ਵਿਚ ਮੌਜੂਦ ਐਂਟੀਆਕਸੀਡੈਂਟ ਸਰੀਰ ਅੰਦਰ ਸੈੱਲ ਝਿੱਲੀ ਦੀ ਰੱਖਿਆ ਕਰਕੇ ਸੈਲੂਲਰ ਨੁਕਸਾਨ ਨੂੰ ਘੱਟ ਕਰਕੇ ਸਰੀਰ ਵਿਚ ਰਸਾਇਣਕ ਪ੍ਰਤੀਕ੍ਰਿਆਵਾਂ ਨੂੰ ਸੀਮਤ ਕਰਦਾ ਹੈ।
- ਖੱਟਾ-ਮਿਠਾ ਸੁਆਦਲਾ ਅੰਗੂਰ ਜ਼ਿਆਦਾ ਖਾਣ ਨਾਲ ਕੈਲੋਰੀ ਅਤੇ ਕਾਰਬਜ਼ ਵੱਧਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਅੰਗੂਰ ਵਿਚ ਕੁਦਰਤੀ ਚੀਨੀ ਮੋਟਾਪਾ ਵਧਾ ਰਹੀ ਹੈ।
- ਵੱਧ ਰਹੀ ਉਮਰ ਦੇ ਨਾਲ ਅੱਖਾਂ ਦੀ ਕਮਜ਼ੋਰੀ ਤੇ ਰੌਸ਼ਨੀ ਵਧਾਉਣ ਲਈ 1 ਕੱਪ ਗਾਜਰ ਅਤੇ ਅੰਗੂਰ ਦਾ ਤਾਜ਼ਾ ਜੂਸ ਸਵੇਰੇ ਜਾਗਦੇ ਹੀ ਪੀਓ। ਰੈਟੀਨਲ ਰੋਗ ਯਾਨਿ ਮੈਲੂਲਰ ਡੀਜਨਰੇਸ਼ਨ ਵਿਚ ਮਦਦ ਕਰ ਸਕਦਾ ਹੈ। ਇਹ ਜੂਸ ਰੈਟੀਨਾ ਦੀ ਕ੍ਰਿਆ ਠੀਕ ਰੱਖਦਾ ਹੈ।
- ਅੰਗੂਰ ਵਿਚ ਮੌਜੂਦ ਵਿਟਾਮਿਨ ਕੇ ਸਰੀਰ ਅੰਦਰ ਖੂਨ ਨੂੰ ਜਮਾਂ ਕਰਨ ਅਤੇ ਵਿਟਾਮਿਨ ਕੇ ਦੀ ਕਮੀ ਦੂਰ ਕਰਨ ਹੇਮਰੇਜ ਨਾ ਹੋਣ ਵਿਚ ਸਹਾਇਤਾ ਕਰਦਾ ਹੈ।
- ਕਬਜ਼ ਦੇ ਰੋਗੀ 1 ਕੱਪ ਤਾਜ਼ੇ ਅੰਗੂਰ ਸਵੇਰੇ-ਸ਼ਾਮ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਖਾਓ। ਅੰਗੂਰ ਅੰਦਰ ਮੌਜੂਦ ਘੁਲਣਸ਼ੀਲ ਫਾਈਬਰ ਕੋਲੋਸਟ੍ਰੋਲ ਘੱਟ ਕਰਕੇ ਸਟੂਲ ਦੀ ਕ੍ਰਿਆ ਦਰੁੱਸਤ ਕਰਦਾ ਹੈ।
- ਬਲੱਡ-ਪੈਸ਼ਰ ਦੇ ਰੋਗੀ ਕਿਸ਼ਮਿਸ਼ (ਡੀਹਾਈਡ੍ਰੇਟਡ ਅੰਗੂਰ) 8-10 ਦਾਨੇ ਪੂਰੀ ਰਾਤ ਪਾਣੀ ਵਿਚ ਭਿਗੋ ਕੇ ਰੱਖੋ। ਸਵੇਰੇ ਉਠਦੇ ਹੀ ਬਿਨਾ ਕੁੱਲਾ ਕੀਤੇ ਚੰਗੀ ਤਰ੍ਹਾਂ ਚਬਾ ਕੇ ਕਿਸ਼ਮਿਸ਼ ਵਾਲਾ ਪਾਣੀ ਪੀ ਲਓ। ਇਸ ਤੋਂ ਇਲਾਵਾ ਦਿਨ ਵਿਚ 5-6 ਦਾਨੇ ਸਵੇਰੇ, ਦੁਪਹਿਰ, ਸ਼ਾਮ ਚੂਸਦੇ ਰਹੋ।
- ਰੈਸਿਵੇਰਟ੍ਰੋਲ ਲ਼ਿੰਫ, ਜਿਗਰ, ਪੇਟ, ਛਾਤੀ, ਕੋਲਨ, ਚਮੜੀ ਦੇ ਵਿਕਾਸ ਨੂੰ ਘੱਟ ਕਰਨ ਵਿਚ ਮਦਦ ਕਰ ਸਕਦਾ ਹੈ। ਸਹੀ ਮਾਤਰਾ ਰੈਡ ਵਾਈਨ ਵਿਚ ਮੌਜੂਦ ਰੈਸਿਵੇਰਟ੍ਰੋਲ ਸਰੀਰ ਤੇ ਮਨ ਦੇ ਰੋਗਾਂ ਤੋਂ ਬਚਾਉਣ ਵਿਚ ਜ਼ਿਆਦਾ ਵਾਈਨ ਦੀ ਵਰਤੋਂ ਖਤਰਨਾਕ ਬਿਮਾਰੀਆਂ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਵੇਗੀ।

**ਨੋਟ** : ਸ਼ੂਗਰ, ਮੋਟਾਪੇ ਦੇ ਰੋਗੀ, ਜ਼ਿਆਦਾ ਵਾਈਨ ਪੀਣ ਵਾਲੇ ਅਤੇ ਗਰਭਵਤੀ ਔਰਤਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਅੰਗੂਰ ਅਤੇ ਅੰਗੂਰੀ ਦਾ ਇਸਤੇਮਾਲ ਕਰਨ।

# ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਣਗਿਣਤ ਮਹਾਨ ਯੋਧਿਆਂ ਨੇ ਆਪਣੇ ਯੋਗਦਾਨ ਪਾ ਕੇ ਇਤਿਹਾਸ ਦਾ ਰੁੱਖ ਬਦਲ ਦਿੱਤਾ। ਇਨ੍ਹਾਂ ਨਿਧੜਕ ਸਿਰਲੱਥ ਯੋਧਿਆਂ ਦੀ ਕਤਾਰ ਵਿਚ ਸਰਦਾਰ ਭਗਤ ਸਿੰਘ (1907-1931) ਦੀ ਸ਼ਖ਼ਸੀਅਤ ਵਿਲੱਖਣ ਸਥਾਨ ਰੱਖਦੀ ਹੈ। ਉਹ ਸਿਰਫ਼ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਹਥਿਆਰਬੰਦ ਲੜਾਕੂ ਨਹੀਂ ਸਨ, ਸਗੋਂ ਇੱਕ ਸੋਚਵਾਨ ਵਿਦਵਾਨ, ਸਮਾਜਿਕ ਵਿਚਾਰਕ ਅਤੇ ਨੌਜਵਾਨੀ ਦੀ ਬੇਬਾਕ ਆਵਾਜ਼ ਵੀ ਸਨ। ਉਨ੍ਹਾਂ ਦੀ ਛੋਟੀ ਉਮਰ ਵਿਚ ਸ਼ਹਾਦਤ ਨੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ ਅਤੇ ਉਹ ਪੀੜ੍ਹੀਆਂ ਲਈ ਪ੍ਰੇਰਣਾ-ਸਰੋਤ ਬਣੇ ਰਹੇ।

## ਸ਼ੁਰੂਆਤੀ ਜੀਵਨ ਅਤੇ ਪ੍ਰਭਾਵ

ਸਰਦਾਰ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਬੰਗਾ (ਜ਼ਿਲ੍ਹਾ ਲਾਇਲਪੁਰ, ਮੌਜੂਦਾ ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦਾ ਪਰਿਵਾਰ ਗ਼ਦਰ ਪਾਰਟੀ ਅਤੇ ਕ੍ਰਾਂਤੀਕਾਰੀ ਹਲਚਲ ਨਾਲ ਡੂੰਘਾ ਜੁੜਿਆ ਹੋਇਆ ਸੀ। ਇਹ ਵਾਤਾਵਰਣ ਬਚਪਨ ਤੋਂ ਹੀ ਉਨ੍ਹਾਂ ਵਿਚ ਆਜ਼ਾਦੀ ਦੀ ਚਾਹ ਪੈਦਾ ਕਰ ਗਿਆ।

1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੇ ਨੌਜਵਾਨ ਸਰਦਾਰ ਭਗਤ ਸਿੰਘ ਦੇ ਮਨ ਉੱਤੇ ਗਹਿਰਾ ਅਸਰ ਛੱਡਿਆ। ਇਸ ਤੋਂ ਬਾਅਦ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਬ੍ਰਿਟਿਸ਼ ਰਾਜ ਦੇ ਜ਼ੁਲਮਾਂ ਨੂੰ ਖ਼ਾਮੋਸ਼ੀ ਨਾਲ ਨਹੀ ਸਹਿਣਗੇ। ਵਿਦਿਆਰਥੀ ਦੌਰ ਵਿਚ ਹੀ ਉਹ ਕਾਰਲ ਮਾਰਕਸ, ਲੈਨਿਨ ਅਤੇ ਟਾਮਸ ਪੇਨ ਵਰਗੇ ਵਿਚਾਰਕਾਂ ਦੀਆਂ ਰਚਨਾਵਾਂ ਪੜ੍ਹ ਕੇ ਰਾਸ਼ਟਰਵਾਦ, ਸਮਾਜਵਾਦ ਅਤੇ ਯੁਕਤੀਵਾਦ ਨਾਲ ਪ੍ਰੇਰਿਤ ਹੋਏ।

## ਕ੍ਰਾਂਤੀਕਾਰੀ ਮਾਰਗ ਅਤੇ ਵਿਚਾਰਧਾਰਾ

ਸਰਦਾਰ ਭਗਤ ਸਿੰਘ ਨੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐੱਚ.ਐੱਸ.ਆਰ.ਏ.) ਵਿਚ ਸ਼ਾਮਲ ਹੋ ਕੇ ਆਪਣੀ ਕ੍ਰਾਂਤੀਕਾਰੀ ਯਾਤਰਾ ਸ਼ੁਰੂ ਕੀਤੀ। ਉਹ ਮੰਨਦੇ ਸਨ ਕਿ ਹਿੰਸਾ ਨਹੀਂ, ਸਗੋਂ ਪ੍ਰਚਾਰ ਦੁਆਰਾ ਜਾਗਰੂਕਤਾ ਹੀ ਅਸਲ ਹਥਿਆਰ ਹੈ।

ਇਸ ਦੀ ਮਿਸਾਲ 1929 ਦੇ ਕੇਂਦਰੀ ਵਿਧਾਨ ਸਭਾ ਬੰਬ ਕਾਂਡ ਵਿਚ ਮਿਲਦੀ ਹੈ, ਜਿੱਥੇ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਬੰਬ ਸੁੱਟੇ, ਪਰ ਉਹ ਘਾਤਕ ਨਹੀਂ ਸਨ। ਉਨ੍ਹਾਂ ਦਾ ਉਦੇਸ਼ ਸਿਰਫ਼ ਬ੍ਰਿਟਿਸ਼ ਸਰਕਾਰ ਨੂੰ ਹਿਲਾਉਣਾ ਅਤੇ ਲੋਕਾਂ ਨੂੰ ਜਗਾਉਣਾ ਸੀ। ਪੱਤਰਾਂ ਰਾਹੀਂ ਉਨ੍ਹਾਂ ਨੇ ਸੁਨੇਹਾ ਦਿੱਤਾ— "ਗੂੰਗਿਆਂ ਤੇ ਬੋਲਿਆਂ ਨੂੰ ਸੁਣਾਉਣ ਲਈ ਧਮਾਕਾ ਲਾਜ਼ਮੀ ਹੈ।"

## ਲਾਲਾ ਲਾਜਪਤ ਰਾਇ ਦੀ ਮੌਤ ਤੇ ਬਦਲਾ

1928 ਵਿਚ ਸਾਇਮਨ ਕਮਿਸ਼ਨ ਦੇ ਖ਼ਿਲਾਫ਼ ਸ਼ਾਂਤੀਪੂਰਨ ਪ੍ਰਦਰਸ਼ਨ ਦੌਰਾਨ ਲਾਲਾ ਲਾਜਪਤ ਰਾਇ ਉੱਤੇ ਪੁਲਿਸ ਨੇ ਲਾਠੀਆਂ ਚਲਾਈਆਂ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੀ ਮੌਤ ਹੋ ਗਏ। ਇਹ ਘਟਨਾ ਸਰਦਾਰ ਭਗਤ ਸਿੰਘ ਲਈ ਇਤਿਹਾਸਿਕ ਮੋੜ ਸਾਬਤ ਹੋਈ। ਉਨ੍ਹਾਂ ਨੇ ਸਾਥੀਆਂ ਸਮੇਤ ਪੁਲਿਸ ਅਧਿਕਾਰੀ ਜੇਮਜ਼ ਏ. ਸਕਾਟ ਨੂੰ ਸਜ਼ਾ ਦੇਣ ਦਾ ਇਰਾਦਾ ਕੀਤਾ, ਪਰ ਗਲਤੀ ਨਾਲ ਜੇ.ਪੀ. ਸਾਂਡਰਜ਼ ਮਾਰਿਆ ਗਿਆ। ਇਸ ਕਾਰਵਾਈ ਨੇ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੀ ਨਿਗਰਾਨੀ ਹੇਠ ਮੁੱਖ ਟਾਰਗੇਟ ਬਣਾ ਦਿੱਤਾ।

## ਗ੍ਰਿਫ਼ਤਾਰੀ, ਮੁਕੱਦਮਾ ਅਤੇ ਸ਼ਹਾਦਤ

ਵਿਧਾਨ ਸਭਾ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰੀ ਨੇ ਸਰਦਾਰ ਭਗਤ ਸਿੰਘ ਨੂੰ ਕ੍ਰਾਂਤੀਕਾਰੀ ਤੋਂ ਰਾਸ਼ਟਰੀ ਪ੍ਰਤੀਕ ਬਣਾ ਦਿੱਤਾ। ਜੇਲ੍ਹ ਵਿਚ ਉਨ੍ਹਾਂ ਨੇ ਰਾਜਨੀਤਿਕ ਕੈਦੀਆਂ ਦੇ ਹੱਕਾਂ ਲਈ ਭੁੱਖ ਹੜਤਾਲ ਕੀਤੀ। ਇਹ ਸੰਘਰਸ਼ ਉਨ੍ਹਾਂ ਦੀ ਅਟੱਲ ਇੱਛਾ-ਸ਼ਕਤੀ ਦਾ ਪ੍ਰਗਟਾਵਾ ਸੀ।

ਲਾਹੌਰ ਸਾਜ਼ਿਸ਼ ਕੇਸ ਵਿਚ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਵੱਡੇ ਪੱਧਰ 'ਤੇ ਵਿਰੋਧ ਅਤੇ ਰਹਿਮ ਦੀਆਂ ਅਪੀਲਾਂ ਦੇ ਬਾਵਜੂਦ 23 ਮਾਰਚ 1931 ਨੂੰ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਨਾਲ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹਾਦਤ ਨੇ ਦੇਸ਼-ਪੱਧਰੀ ਗੁੱਸੇ ਅਤੇ ਕ੍ਰਾਂਤੀਕਾਰੀ ਜੋਸ਼ ਦੀ ਲਹਿਰ ਪੈਦਾ ਕਰ ਦਿੱਤੀ।

## ਬੌਧਿਕ ਯ ਗਦਾਨ

ਸਰਦਾਰ ਭਗਤ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ, ਸਗੋਂ ਗੰਭੀਰ ਚਿੰਤਕ ਅਤੇ ਲੇਖਕ ਵੀ ਸਨ। ਉਨ੍ਹਾਂ ਦੀ ਪ੍ਰਸਿੱਧ ਲਿਖਤ "ਮੈਂ ਨਾਸਤਿਕ ਕਿਉਂ ਹਾਂ" ਅਤੇ ਹੋਰ ਜੇਲ੍ਹ-ਡਾਇਰੀਆਂ ਉਨ੍ਹਾਂ ਦੀ ਤਰਕਸ਼ੀਲ ਸੋਚ, ਧਾਰਮਿਕ ਅੰਧਵਿਸ਼ਵਾਸ ਦੇ ਵਿਰੋਧ ਅਤੇ ਸਮਾਜਿਕ ਨਿਆਂ ਦੀ ਲੋੜ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਦਾ ਸੁਪਨਾ ਸਿਰਫ਼ ਗ਼ੁਲਾਮੀ ਤੋਂ ਮੁਕਤੀ ਨਹੀਂ ਸੀ, ਸਗੋਂ ਬਰਾਬਰੀ ਅਤੇ ਨਿਆਂ-ਆਧਾਰਿਤ ਸਮਾਜ ਦੀ ਰਚਨਾ ਸੀ।


## ਇਤਿਹਾਸਕ ਵਿਰਾਸਤ

ਸਰਦਾਰ ਭਗਤ ਸਿੰਘ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਲੋਕ-ਗੀਤਾਂ, ਸਾਹਿਤ, ਸਿਨੇਮਾ ਅਤੇ ਰਾਜਨੀਤਿਕ ਚਰਚਾਵਾਂ ਵਿਚ ਅਮਰ ਕਿਰਦਾਰ ਬਣਾ ਦਿੱਤਾ। ਉਹ ਪੰਜਾਬ ਦੀ ਵਿਲੱਖਣ ਸ਼ਖ਼ਸੀਅਤ ਹੀ ਨਹੀਂ, ਸਗੋਂ ਸਾਰੇ ਭਾਰਤ ਦੇ ਸਾਂਝੇ ਪ੍ਰਤੀਕ ਹਨ।

ਅੱਜ ਭਾਰਤ ਵਿਚ ਉਨ੍ਹਾਂ ਦੀ ਜ਼ਿੰਦਗੀ ਇਹ ਸਵਾਲ ਖੜ੍ਹੇ ਕਰਦੀ ਹੈ: ਕੀ ਆਜ਼ਾਦੀ ਸਿਰਫ਼ ਰਾਜਨੀਤਿਕ ਸੱਤਾ ਦਾ ਬਦਲਾਅ ਹੈ ਜਾਂ ਸਮਾਜਿਕ ਨਿਆਂ ਦੀ ਕੌਲ ਵੀ? ਕੀ ਅਸੀਂ ਉਹ ਬਰਾਬਰੀ ਵਾਲਾ ਸਮਾਜ ਬਣਾਇਆ ਹੈ, ਜਿਸ ਦਾ ਸੁਪਨਾ ਭਗਤ ਸਿੰਘ ਨੇ ਦੇਖਿਆ ਸੀ?

ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਛੋਟੀ ਸੀ ਪਰ ਉਹ ਅੰਬਰ ਦੇ ਚਮਕਦੇ ਤਾਰਿਆਂ ਵਾਂਗ ਚਮਕੀ। ਉਹ ਹਿੰਮਤ, ਗਿਆਨ ਅਤੇ ਇਮਾਨਦਾਰੀ ਦਾ ਪ੍ਰਤੀਕ ਸਨ। ਉਨ੍ਹਾਂ ਦਾ ਸੁਪਨਾ ਸਿਰਫ਼ ਗ਼ੁਲਾਮੀ ਤੋਂ ਆਜ਼ਾਦੀ ਨਹੀਂ, ਸਗੋਂ ਨਵਾਂ ਭਾਰਤ ਸਿਰਜਣਾ ਜੋ ਸਮਾਨਤਾ, ਤਰਕਸ਼ੀਲਤਾ ਅਤੇ ਸਮਾਜਿਕ ਨਿਆਂ ਉੱਤੇ ਆਧਾਰਿਤ ਸੀ।

ਅੱਜ ਜਦੋਂ ਅਸੀਂ ਇਤਿਹਾਸ ਦੀ ਪਰਖ ਕਰਦੇ ਹਾਂ, ਸਰਦਾਰ ਭਗਤ ਸਿੰਘ ਦੀ ਯਾਦ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ ਸਿਰਫ਼ ਜਨਮ ਤੋਂ ਹੀ ਨਹੀਂ ਮਿਲਦੀ ਨਹੀਂ, ਉਸਨੂੰ ਸਾਂਭਿਆ ਵੀ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਆਦਰਸ਼ ਸਾਨੂੰ ਕਿਰਿਆਸ਼ੀਲ ਬਣਨ ਦਾ ਸੱਦਾ ਦੇਂਦੇ ਹਨ।



# ਚਲੋ ਚੱਲੀਏ ਪਹਾੜੀ ਇਲਾਕੇ ਬਰੋਟ, ਲੁਹਾਰੜੀ ਵਿਚ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਸਾਰਾ ਹਿਮਾਚਲ ਰਿਸ਼ੀਕ ਹੈ। ਇੱਥੇ ਜੰਨਤ ਅਪਣੀ ਆਭਾ ਰੂਪੀ ਚਿਲਮਨ ਉਠਾਂਦੀ ਹੈ। ਸਾਰਾ ਹਿਮਾਚਲ ਪ੍ਰਦੇਸ਼ ਭਾਰਤ ਦੇ ਤਾਜ ਦੀ ਖ਼ੁਸ਼ਬੂ ਹੈ। ਫਬੀਲੇ, ਅਦਭੁੱਤ ਮੌਸਮਾਂ ਦੇ ਅਭਿਵਾਦਨ ਅਭਿਨੰਦਨ ਨਾਲ ਓਤਪ੍ਰੋਤ।

ਦੋ-ਤਿੰਨ ਮਹੀਨੇ ਦੇ ਬਾਅਦ ਅਸੀਂ ਕੁਝ ਦੋਸਤ ਪਹਾੜੀ ਇਲਾਕਿਆਂ ਵੱਲ ਜਾਣ ਦਾ ਪ੍ਰੋਗਰਾਮ ਬਣਾ ਹੀ ਲੈਂਦੇ ਹਾਂ। ਇਸ ਵਾਰ ਅਸੀਂ ਖ਼ੂਬਸੂਰਤ ਸਥਾਨ ਬਰੋਟ ਅਤੇ ਲੁਹਾਰਡੀ ਦੀ ਚੋਣ ਕੀਤੀ। ਫੋਨ ਉਪਰ ਜਾਣ ਲਈ ਸਮਾਂ, ਸਥਾਨ ਨਿਸ਼ਚਿਤ ਕਰ ਲਿਆ। ਪਠਾਨਕੋਟ (ਪੰਜਾਬ) ਤੋਂ ਅਸੀਂ ਤਿੰਨੇ ਦੋਸਤ ਮੈਂ, ਰਾਜਪਾਲ ਵਕੀਲ ਅਤੇ ਮਨਮੋਹਨ ਸਿੰਘ ਧਕਾਲਵੀ (ਕਿਸਾਨ ਤੇ ਲੇਖਕ) ਕਾਰ ਲੈ ਕੇ ਨਿਕਲ ਪਏ, ਪਾਲਮਪੁਰ ਵੱਲ। ਅਸੀਂ ਪਠਾਨਕੋਟ ਤੋਂ ਦੁਪਹਿਰ ਦੋ ਵਜੇ ਚੱਲੇ। ਸ਼ਾਮ ਨੂੰ ਪਹੁੰਚੇ ਪਾਲਮਪੁਰ। ਪਠਾਨਕੋਟ ਤੋਂ ਪਾਲਮਪੁਰ ਲਗਭਗ ਤਿੰਨ-ਚਾਰ ਘੰਟੇ ਦਾ ਰਸਤਾ ਹੈ।

ਪਠਾਨਕੋਟ ਤੋਂ ਚਾਰ-ਪੰਜ ਕਿਲੋਮੀਟਰ ਦੀ ਦੂਰੀ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਹਿਮਾਚਲ ਦਾ ਬੈਰੀਅਰ ਆਉਂਦਾ ਹੈ। ਇੱਥੇ ਕਾਰ ਦੇ ਤੀਹ (30) ਰੁਪਏ ਲੈਂਦੇ ਹਨ। ਇਹ ਹਿਮਾਚਲ ਦਾ ਪਹਿਲਾ ਪਿੰਡ ਹੈ ਤੰਡਵਾਲ, ਜੋ ਪੰਜਾਬ-ਹਿਮਾਚਲ ਸੀਮਾ ਨੂੰ ਇਕ ਕਰਦਾ ਹੈ। ਇਥੋਂ ਹੀ ਛੋਟੀਆਂ-ਛੋਟੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ। ਹਿਮਾਚਲ ਦੇ ਹੋਟਲ, ਸੜਕ ਦੇ ਆਲੇ-ਦੁਆਲੇ ਹਰੇ-ਭਰੇ ਰੁੱਖਾਂ ਦੀ ਪਾਰਦਰਸ਼ੀ ਠੰਢੀ ਛਾਂ, ਛੋਟੇ-ਛੋਟੇ ਖੇਤ, ਅੰਬ, ਅਮਰੂਦ, ਲੀਚੀ ਅਤੇ ਹੋਰ ਫ਼ਲਾਂ ਦੇ ਬਾਗ਼। ਸੜਕ ਦੇ ਕਿਨਾਰੇ ਸਬਜ਼ੀਆਂ ਵੇਚਦੇ ਪਹਾੜੀ ਲੋਕ। ਇਥੋਂ ਦਾ ਖੀਰਾ, ਘੀਆ ਕੱਦੂ, ਲੌਕੀ ਵੀ ਮਸ਼ਹੂਰ। ਖੀਰੇ ਦੇ ਨਾਲ ਕਾਲਾ ਲੂਣ ਲਗਾ ਕੇ ਉਪਰ ਨਿੰਬੂ ਨਿਚੋੜ ਦੇ ਦਿੰਦੇ ਹਨ। ਮੂੰਹ ਇਕ ਵਾਰ ਤਾਂ ਸਵਾਦ-ਸਵਾਦ ਹੋ ਜਾਂਦਾ ਹੈ। ਖੀਰਾ ਨਿੰਬੂ ਕੱਟ ਕੇ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਜੀਅ ਕਰਦਾ ਹੈ ਕਿ ਖੀਰਾ ਖਾਧਾ ਜਾਏ।

ਕਈ ਪਿੰਡ ਨਿਕਲਦੇ ਹੋਏ ਅਸੀਂ ਪਹੁੰਚੇ ਜਸੂਰ। ਜਸੂਰ ਛੋਟਾ ਜਿਹਾ ਸ਼ਹਿਰ ਹੈ। ਇੱਥੇ ਕਈ ਹੋਟਲ, ਢਾਬੇ ਅਤੇ ਇਤਿਹਾਸਿਕ, ਧਾਰਮਿਕ ਮੰਦਿਰ ਪਾਏ ਜਾਂਦੇ ਹਨ। ਇਥੋਂ ਹੀ ਵੱਡੇ ਪਹਾੜਾਂ ਦੀ ਸ਼੍ਰੇਣੀ ਸ਼ੁਰੂ ਹੁੰਦੀ ਹੈ। ਇੱਥੋਂ ਹੀ ਪਹਾੜਾਂ ਦੇ ਟੇਢੇ-ਮੇਢੇ ਰਸਤੇ ਆਪਣੀ ਪਹਿਚਾਣ ਕਰਵਾਂਦੇ ਹਨ।

ਫਿਰ ਆ ਜਾਂਦਾ ਹੈ ਨੂਰ ਪੁਰ। ਇਸ ਸ਼ਹਿਰ ਵਿਚ ਵੀ ਕਈ ਮੰਦਿਰ ਹਨ। ਪ੍ਰਾਚੀਨ ਇਤਿਹਾਸਿਕ ਕਿਲ੍ਹਾ ਹੈ। ਕਿਲ੍ਹੇ ਵਿਚ ਦੋ ਮੰਦਿਰ ਹਨ। ਇਕ ਮੀਰਾ ਬਾਈ ਅਤੇ ਕ੍ਰਿਸ਼ਨ ਭਗਵਾਨ ਦਾ ਅਤੇ ਦੂਸਰਾ ਕਾਲੀ ਮਾਤਾ ਦਾ। ਨੂਰ ਪੁਰ ਵਿਖੇ ਲੱਕੜ ਦਾ ਵੱਡਾ ਕਾਰੋਬਾਰ ਹੈ। ਸੜਕ ਦੇ ਕਿਨਾਰੇ-ਕਿਨਾਰੇ ਲੱਕੜ ਦੇ ਖੁੱਲ੍ਹੇ ਗੋਦਾਮ ਨਜ਼ਰ ਆਉਂਦੇ ਹਨ। ਕਾਂਗੜਾ ਵਿਚ ਪ੍ਰਵੇਸ਼ ਕਰਦੇ ਹੋਏ ਵੇਖੇ ਸੱਜੇ ਖੱਬੇ ਸਬਜ਼ੀਆਂ ਦੇ ਖੇਤ, ਕਈ ਤਰ੍ਹਾਂ ਦੇ ਬਾਗ਼ ਅਤੇ ਕਾਂਗੜਾ ਪ੍ਰਾਚੀਨ ਕਿਲ੍ਹੇ ਅਤੇ ਕਈ ਮੰਦਿਰਾਂ ਲਈ ਮਸ਼ਹੂਰ ਹੈ। ਗਗਲ ਹਵਾਈ ਅੱਡਾ ਵੀ ਸੜਕ ਦੇ ਨਾਲ ਹੀ ਹੈ।

ਸ਼ਾਮ ਨੂੰ ਅਸੀਂ ਪਾਲਮਪੁਰ ਦੇ ਰੇਲਵੇ ਰੈਸਟ ਹਾਊਸ ਵਿਖੇ ਪਹੁੰਚ ਗਏ। ਇਹ ਰੈਸਟ ਹਾਊਸ ਬਹੁਤ ਹੀ ਮਨਮੋਹਿਕ ਸਥਾਨ ਉਪਰ ਸੋਭਨੀਏ ਹੈ। ਸਾਫ਼-ਸੁਥਰਾ ਰੈਸਟ ਹਾਊਸ, ਚਾਰੇ ਪਾਸੇ ਹਰਿਆਲੀ। ਇਥੇ ਅਸੀਂ ਇਕ ਦੋਸਤ ਦੇ ਫ਼ੋਨ ਉਪਰ ਕਮਰਾ ਬੁੱਕ ਕਰਵਾਇਆ। ਰੇਲਵੇ ਵਿਭਾਗ ਦੇ ਇਕ ਉਚ ਅਧਿਕਾਰੀ ਦੇ ਨਾਂਅ ਉਪਰ ਕਮਰਾ ਬੁੱਕ ਕਰਵਾਇਆ ਗਿਆ। ਇਥੋਂ ਦੇ ਕਰਮਚਾਰੀ ਨੇ ਸਾਡੇ ਕੋਲੋਂ ਇਕ ਰਾਤ ਦੇ ਤੀਹ ਰੁਪਏ ਲਏ। ਇਥੇ ਅਸੀਂ ਰਾਤ ਠਹਿਰੇ। ਇਸ ਰੈਸਟ ਹਾਊਸ ਦੇ ਨਜ਼ਦੀਕ ਕਾਫ਼ੀ ਵੱਡਾ ਬਾਜ਼ਾਰ ਹੈ। ਸਭ ਸਹੂਲਤਾਂ ਉਪਲੱਬਧ ਹਨ। ਸਵੇਰੇ ਨਹਾ-ਧੋ ਕੇ ਨਾਸ਼ਤਾ ਕਰਕੇ ਅਸੀਂ ਨਿਕਲ ਪਏ ਆਪਣੀ ਮੰਜ਼ਿਲ ਵੱਲ। ਰਾਜ ਵਕੀਲ ਕਾਰ ਚਲਾਉਣ ਵਿਚ ਬਹੁਤ ਪਰਪੱਕ ਅਤੇ ਤਜ਼ੁਰਬੇਕਾਰ ਬੰਦਾ ਹੈ।

ਪਾਲਮਪੁਰ ਬਾਈਪਾਸ ਅਸੀਂ ਨਿਕਲ ਪਏ। ਰਸਤੇ ਵਿਚ ਚਾਹ ਦੇ ਬਾਗ਼, ਦੋ ਵਿਸ਼ਵਵਿਦਿਆਲੇ, ਚਾਹ ਦੀਆਂ ਫੈਕਟਰੀਆਂ, ਛੋਟੇ-ਛੋਟੇ ਖੇਤ, ਹਰਿਆਲੀ ਹੀ ਹਰਿਆਲੀ। ਕਾਰ ਹਵਾ ਨਾਲ ਗੱਲਾਂ ਕਰਨ ਲੱਗੀ। ਰਸਤੇ ਵਿਚ ਕਿਤੇ-ਕਿਤੇ ਰੁੱਕ ਕੇ ਫ਼ੋਟੋਗ੍ਰਾਫੀ ਦਾ ਲੁਤਫ਼ ਲੈਂਦੇ ਰਹੇ।

ਬੈਜਨਾਥ ਬਾਈਪਾਸ ਨਿਕਲ ਪਏ। ਬੈਜਨਾਥ ਵਿਖੇ ਵੀ ਕਈ ਪ੍ਰਸਿੱਧ ਮੰਦਿਰ ਹਨ : ਬੈਜਨਾਥ ਤੋਂ ਕੁਝ ਕਿਲੋਮੀਟਰ ਦੂਰ ਉਪਰ ਪਹਾੜੀ 'ਤੇ ਪਹੁੰਚ ਕੇ ਬੈਜਨਾਥ ਸ਼ਹਿਰ ਦੇ ਸੁੰਦਰ ਚਿੱਤਰ ਲਏ। ਇਥੋਂ ਸਾਰਾ ਬੈਜਨਾਥ ਸ਼ਹਿਰ ਨਜ਼ਰ ਆਉਂਦਾ ਹੈ। ਜਿਵੇਂ ਸਾਬਣਦਾਨੀਆਂ ਵਿਛੀਆਂ ਹੋਣ। ਸਾਰਾ ਸ਼ਹਿਰ ਦੂਰੋਂ ਚੰਗਾ ਲੱਗਦਾ ਹੈ, ਦੂਰ ਤੋਂ ਛੋਟੇ-ਛੋਟੇ ਘਰਾਂ ਦੇ ਸਮੂਹ ਮਨ ਨੂੰ ਚੰਗੇ ਲੱਗਦੇ। ਪਹਾੜਾਂ ਦੇ ਘਾਟੀਆਂ ਦੇ ਸੁੰਦਰ ਦ੍ਰਿਸ਼ ਨਜ਼ਾਰੇਦਾਰ। ਖੱਡਾਂ ਅਤੇ ਉਚੇ ਪਹਾੜਾਂ ਦੇ ਸੁਮੇਲ ਅੱਖਾਂ ਨੂੰ ਚੰਗੇ ਲੱਗਦੇ। ਇਨ੍ਹਾਂ ਨੂੰ ਵੇਖ ਕੇ ਦਿਲ ਦਿਮਾਗ਼ ਵਿਚ ਇਕ ਆਨੰਦ ਅਤੇ ਸੁਕੂਨ ਤੈਰਦਾ ਜਾਂਦਾ। ਜਿਥੋਂ ਅਸੀਂ ਬੈਜਨਾਥ ਸ਼ਹਿਰ ਦੇ ਚਿੱਤਰ ਲਏ, ਉਸ ਉੱਚੀ ਪਹਾੜੀ ਦੇ ਮੋੜ ਦੇ ਆਰ-ਪਾਰ ਵੱਡਾ ਬੋਰਡ ਲੱਗਾ ਹੋਇਆ ਹੈ, ਜਿਸ ਉਪਰ ਲਿੱਖਿਆ ਹੈ ਕਿ ਪਠਾਨਕੋਟ 134 ਕਿਲੋਮੀਟਰ ਅਤੇ ਪਾਲਮਪੁਰ 21 ਕਿਲੋਮੀਟਰ। ਇਸ ਮੋੜ ਦੇ ਖੱਬੇ ਪਾਸੇ ਇਕ ਛੱਤਰੀਨੁਮਾ ਪੱਕੀ ਛੱਤ ਹੈ। ਇਸੇ ਹੇਠ ਆਰਾਮ ਕੀਤਾ ਜਾ ਸਕਦਾ ਹੈ। ਪਿਕਨਿਕ ਮਨਾਈ ਜਾ ਸਕਦੀ ਹੈ। ਕੁਝ ਖਾਦਾ ਪੀਤਾ ਜਾ ਸਕਦਾ ਹੈ। ਆਲੇ-ਦੁਆਲੇ ਵਧੀਆ ਦ੍ਰਿਸ਼ ਹਨ। ਇਸ ਦੇ ਨਾਲ ਹੀ ਇਕ ਰੇਅੜੀ ਵਾਲੇ ਤੋਂ ਅਸੀਂ ਆਮਲੇਟ ਅਤੇ ਬ੍ਰੈਡ ਲਏ। ਇਹ ਰੇਅੜੀ ਵਾਲਾ ਸਵਾਦਿਸ਼ਟ ਆਮਲੇਟ ਬਣਾਉਂਦਾ ਹੈ।

ਦੁਪਹਿਰ ਨੂੰ ਅਸੀਂ ਬਹੁਤ ਹੀ ਖ਼ੂਬਸੂਰਤ ਸਥਾਨ ਨਗਰ ਗੁੰਮਾ ਵਿਖੇ ਪਹੁੰਚੇ। ਇਥੇ ਪਹਾੜਾਂ 'ਚੋਂ ਨਿਕਲਦੀ ਸੜਕ ਅੰਗਰੇਜ਼ੀ ਦੇ ਸ਼ਬਦ ਸੀ ਦੀ ਤਰ੍ਹਾ ਸੁੰਦਰ ਮੋੜ ਬਣਾਉਂਦੀ ਹੈ। ਇਸ ਮੋੜ ਉਪਰ ਛੋਟੇ-ਛੋਟੇ ਢਾਬੇ ਹਨ, ਕੁਝ ਦੁਕਾਨਾਂ, ਇਕ ਮੰਦਿਰ ਹੈ। ਸੂਰਜ ਦੇਵਤਾ ਧਰਤੀ ਉਪਰ ਸਿੱਧੀ ਨਜ਼ਰੇ ਝਾਕ ਰਿਹਾ ਸੀ। ਇਥੇ ਦੁਪਹਿਰ ਦਾ ਮਜ਼ੇਦਾਰ ਭੋਜਨ ਕੀਤਾ। ਕੁਝ ਥਕਾਵਟ ਦੂਰ ਹੋਈ। ਇਥੋਂ ਦੀਆਂ ਢਲਾਨਾਂ ਵਾਲੀਆਂ ਪਹਾੜੀਆਂ ਵਿਚ ਕਹਿਰਾਂ ਦਾ ਜੋਬਨ ਹੈ, ਆਕ੍ਰਸ਼ਣ ਹੈ। ਇਸ ਨੂੰ ਗੁੰਮਾ ਵੈਲੀ ਵੀ ਕਹਿੰਦੇ ਹਨ। ਇਨ੍ਹਾਂ ਪਹਾੜੀਆਂ ਉਪਰ ਢਲਾਊ ਖੇਤਾਂ ਦੀ ਤਰਤੀਬ ਇੰਝ ਪ੍ਰਤੀਤ ਹੁੰਦੀ, ਜਿਵੇਂ ਕੁਦਰਤ ਨੇ ਕੋਈ ਅਲੌਕਿਕ ਕਾਰੀਗਰੀ ਕੀਤੀ ਹੋਈ ਹੋਵੇ। ਜਿਵੇਂ ਖੇਤਾਂ ਉਪਰ ਕਸੀਦਾ ਕੱਢਿਆ ਹੋਵੇ। ਇਕ ਕੁਦਰਤ ਦੀ ਸੁੰਦਰ ਸ਼ਿਲਪਕਾਰੀ। ਜਦੋਂ ਸੂਰਜ ਦੀਆਂ ਕਿਰਨਾਂ ਹਰੀਆਂ-ਭਰੀਆਂ ਪਹਾੜੀਆਂ ਉਤੇ ਪੈਂਦੀਆਂ ਹਨ, ਤਾਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਕੁਦਰਤ ਨੇ ਸੋਨੇ ਦੀ ਪਾਰਦਰਸ਼ੀ ਸੁਨਹਿਰੀ ਚਾਦਰ ਵਿਛਾਈ ਹੋਵੇ। ਗੁੰਮਾ ਖ਼ੂਬਸੂਰਤ ਘਾਟੀ ਦਾ ਨਾਮ ਹੈ। ਕੁਦਰਤ ਇਸ ਇਲਾਕੇ ਉਪਰ ਬਿਲਕੁਲ ਮਿਹਰਬਾਨ ਹੈ। ਇਥੇ ਸੜਕ ਦੇ ਕਿਨਾਰੇ ਸ਼ਰਾਬ ਦੀ ਫੈਕਟਰੀ ਵੀ ਹੈ। ਗੁੰਮਾ ਘਾਟੀ ਵਿਖੇ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ, ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ ਵੇਖਣ ਨੂੰ ਮਿਲਦੇ ਹਨ। ਇਸ ਇਲਾਕੇ ਵਿਚ ਫੋਟੋਗ੍ਰਾਫੀ ਨੂੰ ਕਈ ਨਵੇਂ ਅਰਥ ਮਿਲਦੇ ਹਨ। ਅੱਖਾਂ ਵਿਚ ਉਤਰੇ ਸੁੰਦਰ ਦ੍ਰਿਸ਼ ਦਿਲ-ਦਿਮਾਗ਼ ਨੂੰ ਪਤਾ ਨਈਂ ਕੀ-ਕੀ ਦਿੰਦੇ ਹਨ? ਦਿਮਾਗ਼ ਵਿਚ ਖ਼ੂਬਸੂਰਤੀ ਦਾ ਖ਼ਜ਼ਾਨਾ ਭਰ ਜਾਂਦਾ ਹੈ। ਇਹ ਸੁੰਦਰ ਚਿੱਤਰ ਬੰਦੇ ਵਿਚ ਆਖ਼ਰੀ ਦਮ ਤੀਕਰ ਮਹਿਫੂਜ਼ ਰਹਿੰਦੇ ਹਨ। ਸੁੰਦਰਤਾ ਕੋਈ ਵੀ ਕਿਉਂ ਨਾ ਹੋਵੇ, ਮਨੁੱਖ ਨੂੰ ਸਕੂਨ, ਆਨੰਦ ਪ੍ਰਦਾਨ ਕਰਦੀ ਹੈ। ਮੰਡੀ ਜ਼ਿਲ੍ਹਾ ਜੋਗਿੰਦਰ ਨਗਰ ਇਕ ਘੁਮਾਓਦਾਰ ਸਥਾਨ ਉਪਰ ਸਥਿਤ ਹੈ। ਘੁਮਾਓ ਤੋਂ ਹੀ ਇਥੋਂ ਦਾ ਨਾਮ ਘੁਮਾ ਪਿਆ, ਜੋ ਬਾਅਦ ਵਿਚ ਗੁੰਮਾ ਹੋ ਗਿਆ। ਗੁੰਮਾ ਵਿਚ ਪੱਥਰ ਦੇ ਕਾਲੇ ਲੂਣ ਦੀਆਂ ਖਾਨਾਂ ਹਨ। ਇਨ੍ਹਾਂ ਕਾਲੇ ਲੂਣ ਦੀਆਂ ਖਾਨਾਂ ਨਾਲ ਗੁੰਮਾ ਦੀ ਇਕ ਖ਼ਾਸ ਪਹਿਚਾਣ ਹੈ। ਲੂਣ ਦੀਆਂ ਪਹਾੜੀਆਂ ਹਨ। ਇਹ ਸਥਾਨ ਕੇਂਦਰ ਸਰਕਾਰ ਦੇ ਕੰਟਰੋਲ ਵਿਚ ਹੈ। ਇਹ ਪਹਾੜੀ ਲੂਣ ਪਸ਼ੂਆਂ ਨੂੰ ਦੇਣ ਦੇ ਕੰਮ ਆਉਂਦਾ ਹੈ। ਇਹ ਲੂਣ ਦੇ ਪਹਾੜ ਸੜਕ ਨੂੰ ਛੂਹ ਕੇ ਉਪਰ ਨੂੰ ਜਾਂਦੇ ਹਨ।

ਇਸ ਪਰਬਤ ਸ਼੍ਰੇਣੀ ਦੇ ਦਰਮਿਆਨ ਡਾਇਨਾ ਪਾਰਕ, ਹਿਮਰੀ ਗੰਗਾ ਆਦਿ ਸਥਾਨ ਦਰਸ਼ਨੀਏ ਹਨ। ਮੂਲ ਰੂਪ ਵਿਚ ਘੋਘੜਧਾਰ ਮੰਡੀ ਨਗਰ ਤੋਂ ਲੈ ਕੇ ਜੋਗਿੰਦਰ ਨਗਰ ਦੇ ਕੋਲ ਗੁੰਮਾ ਤੱਕ ਫੈਲਿਆ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਤੱਕ ਜਲ ਪ੍ਰਵਾਹ ਵੱਖ-ਵੱਖ ਨਾਲਿਆਂ ਦੇ ਰੂਪ 'ਚ ਰਾਣਾ ਖੱਡ ਵਿਚ ਸੰਗਮ ਕਰਦਾ ਹੈ। ਘੋਘੜਧਾਰ ਪਰਬੱਤ ਸ਼੍ਰੇਣੀ ਦਾ ਸਿਲ੍ਹਹਾ ਸਵਾੜ ਸ਼ਿਖਰ ਸਰਵਉੱਚ ਹੈ। ਇਹ ਸਮੁੰਦਰ ਤਲ ਤੋਂ ਲਗਭਗ 6 ਹਜ਼ਾਰ ਫੁੱਟ ਉੱਚਾ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਉਤੇ ਕਮਾਦ, ਸਤਨੇਮ ਅਤੇ ਦੱਖਣ ਢਲਾਣਾਂ ਉਤੇ ਉਤਰ ਤੋਂ ਦੱਖਣ ਦੇ ਵੱਲ ਪੱਧਰ, ਨਾਰਲਾ, ਕਿੰਨੂ, ਗੁੰਮਾ, ਮੰਡੀ ਨਗਰ (ਮੰਡੀ ਪੁਰਾਣੀ) ਵੱਸੇ ਹੋਏ ਹਨ। ਘੋਘੜਧਾਰ ਦੇ ਅੰਤਰਗਤ ਗੁੰਮਾ ਵਿਚ ਹਿਤੰਬਾ ਦੇਵੀ ਮੰਦਿਰ, ਹਿਮਰੀ ਗੰਗਾ ਵਿਚ ਸ਼ਿਵ ਅਤੇ ਗੰਗਾ ਮੰਦਿਰ, ਦਰੰਗ ਵਿਚ ਚਾਮੁੰਡਾ ਮੰਦਿਰ, ਨਗਰੋਟਾ ਵਿਚ ਰਾਧਾ ਕ੍ਰਿਸ਼ਨ ਮੰਦਿਰ ਪ੍ਰਮੁੱਖ ਹੈ। ਇਨ੍ਹਾਂ ਦੇ ਇਲਾਵਾ ਹਿਮਰੀ ਗੰਗਾ ਵਿਚ ਇਕ ਜਲਕੁੰਡ, ਨਾਰਲਾ ਵਿਚ ਜਲ ਪ੍ਰਵਾਹ (ਝਰਨਾ) ਕਟਿੰਗੀ ਵਿਚ ਸ਼ਿਵ ਮੰਦਿਰ ਅਤੇ ਸਾਂਡਲਾ ਵਿਚ ਸਰੋਵਰ ਦਰਸ਼ਨੀਏ ਹੈ।

ਗੁੰਮਾ (ਘੋਘੜਧਾਰ) ਚੀਲ, ਸੀਸਮ, ਸੇਮਲ ਦੇ ਜੰਗਲਾਂ ਲਈ ਪ੍ਰਸਿੱਧ ਹੈ। ਇਸ ਸ੍ਰੇਣੀ ਦੇ ਉਤਰੀ ਕਿਨਾਰੇ ਵੱਲ ਝਟੀਂਗਰੀ ਵਿਚ ਦੇਵਦਾਰ ਦੇ ਸੰਘਣੇ ਜੰਗਲ ਹਨ। ਝਟੀਂਗਰੀ, ਮੰਡੀ ਰਾਜ ਵੰਸ ਦੀ ਗਰਮੀ ਦੇ ਨਾਲ ਦੀ ਰਾਜਧਾਨੀ ਸੀ।

ਗੁੰਮਾ ਦੇ ਨੇੜੇ-ਨੇੜੇ ਸੁੰਦਰ ਝਰਨੇ ਡਿੱਗਦੇ ਹਨ। ਕਈ ਛੋਟੇ-ਛੋਟੇ ਝਰਨੇ ਪਹਾੜੀਆਂ ਦੀ ਸੁੰਦਰਤਾ ਨੂੰ ਚਾਰ ਚੰਨ੍ਹ ਲਾਉਂਦੇ ਹਨ।

ਗੁੰਮਾ ਤੋਂ ਉਪਰ ਵੱਲ ਚੱਲ ਪਏ, ਤਾਂ ਕੁਝ ਘੰਟਿਆਂ ਦੇ ਬਾਅਦ ਸਫ਼ਰ ਤਹਿ ਕਰਕੇ ਝਟੀਂਗਰੀ ਦੇ ਚੌਂਕ ਵਿਚ ਪਹੁੰਚ ਗਏ। ਠੰਡੀਆਂ ਹਵਾਵਾਂ ਦੇ ਸੁਕੂਨ ਦੇਣ ਵਾਲੇ ਉਤਮ ਦ੍ਰਿਸ਼ ਦਿਲ-ਦਿਮਾਗ ਵਿਚ ਉਤਰਨ ਲਗੇ। ਇਥੇ ਛੋਟੀਆਂ-ਛੋਟੀਆਂ ਦੁਕਾਨਾਂ ਹਨ, ਜਿਥੇ ਚਾਹ ਆਦਿ ਚੀਜ਼ਾਂ ਖ਼ਾਣ ਨੂੰ ਮਿਲ ਜਾਂਦੀਆਂ ਹਨ। ਮੇਰੇ ਦੋਵੇਂ ਮਿੱਤਰ ਠੰਡੀਆਂ ਹਵਾਵਾਂ ਵਿਚ ਖ਼ਾਣ-ਪੀਣ ਲੱਗੇ, ਕਿਉਂਕਿ ਮੈਂ (ਘੁੰਮਕੜ) ਘੁੰਮਣ-ਫ਼ਿਰਨ ਦਾ ਜ਼ਿਆਦਾ ਆਸ਼ਿਕ ਹਾਂ। ਇਸ ਲਈ ਮੈਂ ਉਸ ਦੁਕਾਨਦਾਰ ਨੂੰ ਪੁੱਛਿਆ ਕਿ ਇੱਥੇ ਕੋਈ ਦੇਖਣ ਵਾਲੀ ਜਗ੍ਹਾ ਹੈ। ਉਸ ਨੇ ਕਿਹਾ, "ਇਥੋਂ ਲਗਭਗ ਇਕ ਕਿਲੋਮੀਟਰ ਸੱਜੇ ਪਾਸੇ ਉਚੀ ਪਹਾੜੀ ਉਪਰ ਇਕ ਪ੍ਰਸਿੱਧ ਸਥਾਨ ਹੈ : 'ਰਾਣੀ ਕੀ ਕੋਠੀ।' ਉਸ ਨੇ ਮੈਨੂੰ ਕੁਝ ਕਹਾਣੀਆਂ 'ਰਾਣੀ ਦੀ ਕੋਠੀ' ਬਾਰੇ ਸੁਣਾਈਆਂ। ਮੇਰੇ ਮਨ ਵਿਚ ਜਗਿਆਸਾ ਵਧ ਗਈ। ਮੈਂ ਗੱਡੀ 'ਚੋਂ ਕੈਮਰਾ ਕੱਢਿਆ ਅਤੇ ਇਕੱਲਾ ਹੀ ਚੱਲ ਪਿਆ 'ਰਾਣੀ ਦੀ ਕੋਠੀ' ਵੇਖਣ। ਬਿਲਕੁਲ ਸਿੱਧੀ ਚੜ੍ਹਾਈ। ਸੌਂਦਰਯੇ (ਸੁੰਦਰਤਾ) ਬੋਧ ਦੀ ਪਰਿਭਾਸ਼ਾ ਦੱਸਦੇ ਪਹਾੜਾਂ ਦੇ ਦ੍ਰਿਸ਼। ਦੂਰ-ਦੂਰ ਤੱਕ ਪਰਬਤਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ। ਉੱਚੇ-ਉੱਚੇ ਹਰੇ-ਭਰੇ ਰੁੱਖ, ਦੂਰ ਤੋਂ ਦਿਸਦੇ ਦਿਲਕਸ਼ ਝਰਨੇ, ਦਲਦਲ ਕਰਦੀਆਂ ਵਹਿੰਦੀਆਂ ਜਾਂਦੀਆਂ ਘੁੰਗਰੂਆਂ ਦੀ ਆਵਾਜ਼ ਵਰਗੀਆਂ ਵਲ-ਛਲ ਖਾਂਦੀਆਂ ਨਦੀਆਂ, ਕਦੀ ਘੱਟ ਕਦੀ ਤੇਜ਼ ਬਾਰਿਸ਼ ਵਿਚ ਪੰਛੀਆਂ ਦੀ ਉਜਸਵੀ ਮਧੁਰ ਆਵਾਜ਼ਾਂ, ਵੱਖ-ਵੱਖ ਫੁੱਲਾਂ ਦੀ ਮਿਲੀਜੁਲੀ ਖ਼ੁਸ਼ਬੂ, ਦੂਰ ਤੋਂ ਦਿਸਦੇ ਦਰਿਆਵਾਂ ਦੇ ਗੁਣਨਫਲ ਕਰਦੇ ਸੰਗਮ, ਗੁਪਤਚਰ, ਬੱਦਲਾਂ ਦੀਆਂ ਬਣਦੀਆਂ ਤਰ੍ਹਾਂ-ਤਰ੍ਹਾਂ ਦੀਆਂ ਆਕ੍ਰਿਤੀਆਂ, ਦਰਿਆਵਾਂ ਦਾ ਛਿਛਲਾ ਅਤੇ ਗਹਿਰਾ ਪਾਣੀ, ਠੰਡੇ ਸੀਤਲ ਮੌਸਮ ਦੀਆਂ ਫੁਹਾਰਾਂ ਅਤੇ ਪਹਾੜਾਂ ਦੇ ਏਕਾਂਤ ਦਾ ਮੁਕੰਮਲ ਸਕੂਨ ਕਿਸੇ ਦੇਵ ਲੋਕ ਤੋਂ ਘੱਟ ਨਹੀਂ : ਇਹ ਸਭ ਕੁਝ ਹੈ ਰਾਣੀ ਦੀ ਕੋਠੀ ਝਟੀਂਗਰੀ ਵਿਖੇ।

ਰਾਣੀ ਦੀ ਕੋਠੀ ਦਾ ਇਕ ਛੋਟਾ ਚਿੱਕੜ ਭਰਪੂਰ, ਪਥਰੀਲਾ, ਉਬੜ-ਖਾਬੜ ਰਸਤਾ ਜੋ ਉਪਰ ਪਹਾੜੀ ਤੱਕ ਜਾਂਦਾ ਨਜ਼ਰ ਆਉਂਦਾ। ਸਿੱਧੀ ਚੜ੍ਹਾਈ। ਸਾਹ ਫੁੱਲਣ ਲੱਗਦਾ ਹੈ, ਕਿਉਂਕਿ ਰਸਤੇ ਦੇ ਛੋਟੇ-ਵੱਡੇ ਪੱਥਰ ਸਮਤਲ ਨਹੀਂ ਹਨ। ਹਫ਼ਦਾ ਹੋਇਆ ਮੈਂ ਉਪਰ ਹੜ੍ਹਦਾ ਚਲਾ ਗਿਆ। ਰਸਤਾ ਮੁੱਕਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਘੁਮਾਓਦਾਰ ਅੰਨ੍ਹਾ ਰਸਤਾ ਹੋਣ ਕਰਕੇ ਰਾਣੀ ਦੀ ਕੋਠੀ ਨਜ਼ਰ ਨਹੀਂ ਸੀ ਆ ਰਹੀ। ਮੇਰੀ ਉਤਸੁਕਤਾ ਹੋਰ ਵਧ ਗਈ। ਅੱਗੇ ਦੱਸਦਾ ਹਾਂ ਇਸ ਦਾ ਹਾਲ : ਜਿਥੇ ਰਸਤਾ ਖਤਮ ਹੁੰਦਾ ਹੈ, ਉਥੇ ਪਹੁੰਚਦੇ ਹੀ ਕਿਸੇ ਆਨੰਦ ਵਿਭੋਰਾਵਸਥਾ ਵਿਚ ਤੁਸੀਂ ਚੱਲੇ ਜਾਉਗੇ। ਲਹਿਰਾਂ ਵਰਗੀਆਂ ਬਰਫ਼ੀਲੀਆਂ ਹਵਾਵਾਂ ਘੇਰ ਲੈਂਦੀਆਂ ਹਨ। ਤੁਸੀਂ ਇਨ੍ਹਾਂ ਤੋਂ ਬਚ ਨਹੀਂ ਸਕਦੇ। ਤ੍ਰਿਕੋਣੇ ਪਹਾੜਾਂ ਦੇ ਵਿਚ ਪ੍ਰਾਚੀਨ ਪਹਾੜੀ ਸ਼ੈਲੀ ਦੀਆਂ ਛੋਟੀਆਂ-ਛੋਟੀਆਂ ਕੋਠੀਆਂ ਕਮਰੇ ਨਜ਼ਰ ਆਉਂਦੇ ਹਨ। ਇਹ ਵਾਕਿਆ ਹੀ ਮਨਮੋਹਕ ਜਗ੍ਹਾ ਹੈ। ਇਸ ਨੂੰ ਰਾਣੀ ਦੀ ਕੋਠੀ ਕਹਿੰਦੇ ਹਨ। ਅਤਿਅੰਤ ਸੁੰਦਰ ਨਜ਼ਾਰਿਆਂ ਦਾ ਅਦਭੁੱਤ



ਲੌਕਿਕ ਸਥਾਨ। ਤ੍ਰਿਕੋਣੀ ਨੁੱਕਰ ਵਿਚ ਸੰਘਣੇ ਰੁੱਖਾਂ ਦੇ ਵਿਚ ਰਾਣੀ ਦੀ ਕੋਠੀ ਦਾ ਸਥਾਨ। ਲਗਭਗ ਇਕ ਏਕੜ ਦੇ ਸਮਤਲ ਖੇਤਰ ਵਿਚ ਇਹ ਸਥਾਨ ਠੰਡੇ ਮੌਸਮ ਦਾ ਦੇਵ ਲੋਕ ਹੈ। ਇਸ ਦੇ ਨਾਲ ਥੋੜ੍ਹਾ ਅੱਗੇ ਇਕ ਵੱਡੀ ਸਮਤਲ ਪਹਾੜੀ ਹੈ। ਇਸ ਦੇ ਦੂਰ-ਦੂਰ ਦੇ ਦ੍ਰਿਸ਼, ਸੁੰਦਰ ਚੋਟੀਆਂ, ਉਹਲ ਦਰਿਆ ਦੇ ਦਿਲਕਸ਼ ਨਜ਼ਾਰੇ। ਰਾਣੀ ਦੀ ਕੋਠੀ ਦਾ ਵਾਤਾਵਰਣ ਸੁਖਦ, ਆਰਾਮਦਾਇਕ ਅਤੇ ਆਨੰਦ ਭਰਪੂਰ ਹੈ। ਇਸ ਸਥਾਨ ਦੀ ਜਿਸ ਨੇ ਚੋਣ ਕੀਤੀ ਹੋਵੇਗੀ, ਉਹ ਬੰਦਾ ਵੀ ਕੁਦਰਤ ਦਾ ਆਸ਼ਿਕ ਹੋਵੇਗਾ ਜ਼ਰੂਰ। ਇਹ ਸਥਾਨ ਬੱਚਿਆਂ ਦੇ ਖੇਡਣ, ਹੱਸਣ-ਕੁਦਣ, ਕਿਲਕਾਰੀਆਂ ਅਤੇ ਪਿਕਨਿਕ ਵਾਸਤੇ ਯੋਗ ਹੈ।

ਰਾਣੀ ਦੀ ਕੋਠੀ ਝਟੀਂਗਰੀ ਜੋਗਿੰਦਰ ਨਗਰ ਤੋਂ ਲਗਭਗ 32 ਕਿਲੋਮੀਟਰ ਦੂਰ ਹੋਵੇਗੀ। ਇਹ ਸਥਾਨ 2130 ਮੀਟਰ ਦੀ ਉਚਾਈ ਉੱਪਰ ਸਥਿਤ ਹੈ। ਇਹ ਇਲਾਕਾ ਸੰਘਣੇ ਜੰਗਲਾਂ ਨਾਲ ਮਾਲਾਮਾਲ ਹੈ। ਸੰਘਣੇ ਦੇਵਦਾਰ ਦੇ ਸੁੰਦਰ ਰੁੱਖਾਂ ਦੀ ਉਚਾਈ ਤੇ ਫੈਲਾਵ ਚੰਗਾ ਲੱਗਦਾ ਹੈ। ਸੜਕ ਦੇ ਆਰ-ਪਾਰ ਜੰਗਲ ਹੀ ਜੰਗਲ ਨਜ਼ਰ ਆਉਂਦਾ ਹੈ। ਘੱਟ ਚੌੜਾਈ ਵਾਲੀ ਖ਼ਤਰਨਾਕ ਸੜਕ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦਾ ਰਾਜਾ ਗਰਮੀਆਂ ਦੇ ਦਿਨਾਂ ਵਿਚ ਇਥੇ ਰਾਣੀ ਦੀ ਕੋਠੀ ਆਇਆ ਕਰਦਾ ਸੀ। ਰਾਜੇ ਦੀ ਰਾਣੀ ਵੀ ਨਾਲ ਹੁੰਦੀ ਸੀ, ਜਿਸ ਕਰਕੇ ਇਸ ਸਥਾਨ ਦਾ ਨਾਂਅ ਰਾਣੀ ਦੀ ਕੋਠੀ ਪ੍ਰਚਲਿਤ ਹੋ ਗਿਆ। ਝਟੀਗਰੀ ਦੇ ਹੇਠਾਂ ਖ਼ੂਬਸੂਰਤ ਵੈਲੀ ਦ੍ਰਿਸ਼ ਵੇਖਣ ਵਾਲੇ ਹਨ। ਝਟੀਂਗਰੀ ਉੱਚੀ ਪਹਾੜੀ ਉਪਰ ਵੱਸਿਆ ਸੜਕ ਦੇ ਕਿਨਾਰੇ ਛੋਟਾ ਜਿਹਾ ਨਗਰ ਹੈ। ਇਥੇ ਠੰਡੀਆਂ ਹਵਾਵਾਂ ਦੇ ਬੁੱਲ੍ਹੇ ਅਪਣੇ ਜਲਵੇ ਛੱਡ ਦਿੰਦੇ ਹਨ।

ਝਟੀਂਗਰੀ ਵਿਚ ਆਲੂਆਂ ਦਾ ਵੱਡੇ ਦਰਜੇ ਉਪਰ ਵਿਉਪਾਰ ਹੈ। ਇਥੇ ਆਲੂ ਬਹੁਤ ਹੁੰਦਾ ਹੈ। ਇਥੇ ਜਿਹੜੇ ਲੋਕ ਘੁੰਮਣ-ਫਿਰਨ ਲਈ ਆਉਂਦੇ ਨੇ, ਉਹ ਆਪਣੇ ਨਾਲ ਪਿਕਨਿਕ ਦਾ ਸਾਮਾਨ, ਸਮੱਗਰੀ ਲੈ ਕੇ ਆਉਂਦੇ ਹਨ। ਠੰਡੀ ਹਵਾ ਵਿਚ ਖਾਣ-ਪੀਣ ਦਾ ਮਜ਼ਾ ਆ ਜਾਂਦਾ ਹੈ। ਤਜ਼ੁਰਬੇਕਾਰ ਅਤੇ ਘੁੰਮਕੜ ਲੋਕ ਆਪਣੇ ਨਾਲ ਫੋਲਡਿੰਗ ਤੰਬੂ ਜ਼ਰੂਰ ਲੈ ਕੇ ਆਉਂਦੇ ਹਨ, ਕਿਉਂਕਿ ਇਥੇ ਕੱਦ ਟਪਕਾ-ਟਪਕੀ ਬਾਰਿਸ਼ ਹੋ ਜਾਵੇ ਜਾਂ ਤੇਜ਼ ਬਾਰਿਸ਼ ਹੋ ਜਾਵੇ, ਕੋਈ ਪਤਾ ਨਹੀਂ ਹੁੰਦਾ। ਬਾਰਿਸ਼ ਵਿਚ ਤੰਬੂ ਦੇ ਵਿਚੋਂ ਝਾਕ ਕੇ ਦ੍ਰਿਸ਼ ਵੇਖਣ ਦਾ ਆਪਣਾ ਹੀ ਆਨੰਦ ਹੁੰਦਾ ਹੈ। ਬੱਚੇ ਤਾਂ ਇਥੇ ਕਿਲਕਾਰੀਆਂ ਦਾ ਮਜ਼ਾ ਲੈਂਦੇ ਹਨ। ਠੰਡਾ, ਸ਼ੁੱਧ ਹਵਾ ਵਾਲਾ ਸੁਖਦ ਮੌਸਮ ਤਨ-ਮਨ, ਰੂਹ-ਮਸਤਕ ਨੂੰ ਸ਼ਾਂਤੀ ਅਤੇ ਸਿਹਤ ਔਸ਼ਧੀ ਪ੍ਰਦਾਨ ਕਰਦਾ ਹੈ। ਇਕੇ ਚੁਤਰ ਦਿਸ਼ਾ ਖ਼ੂਬਸੂਰਤ ਮਾਲਾਮਾਲ ਹੈ। ਇਥੋਂ ਦੇ ਤਰ੍ਹਾਂ-ਤਰ੍ਹਾਂ ਦੇ ਧੂਮਿਲ ਅਤੇ ਕਾਲੇ ਘਨਘੋਰ ਬੱਦਲਾਂ ਦੇ ਝੁੰਡ ਜਦੋਂ ਉੱਚੇ ਦੇਵਦਾਰ ਦੇ ਰੁੱਖਾਂ ਨਾਲ ਆਲਿੰਗਨ ਹੋ ਕੇ ਬਾਰਿਸ਼ ਦਾ ਅਭਿਵਾਦਨ ਕਰਦੇ ਹਨ, ਤਾਂ ਏਦਾਂ ਮਹਿਸੂਸ ਹੁੰਦਾ ਹੈ ਜਿਵੇਂ ਤੁਸੀਂ ਅਸਮਾਨ ਵਿਚ ਹੋ।

ਰਾਣੀ ਦੀ ਕੋਠੀ ਵਿਖੇ ਰਾਤ ਦੇ ਸਮੇਂ ਜਦੋਂ ਚੰਦ ਸਿਤਾਰੇ ਸਾਫ਼ ਮੌਸਮ ਵਿਚ ਝਿਲਮਿਲਾਂਦੇ ਹਨ, ਤਾਂ ਦ੍ਰਿਸ ਕਿਸੇ ਜੰਨਤ ਤੋਂ ਘੱਟ ਨਹੀਂ ਹੁੰਦੇ। ਮਹਿਸੂਸ ਕਰਨ ਦੀ ਸ਼ਕਤੀ ਹੀ ਜੰਨਤ ਹੈ। ਰਾਤ ਦੇ ਸਮੇਂ ਪਹਾੜਾਂ ਉਪਰ ਦੂਰ-ਦੂਰ ਜਗਮਗਾਦੀਆਂ ਬਸਤੀਆਂ ਕਿੰਨੀਆਂ ਅਦਭੁੱਤ, ਕਿੰਨੀਆਂ ਸੁੰਦਰ, ਕਿੰਨੀਆਂ ਆਕਰਸ਼ਕ, ਕਿੰਨੀਆਂ ਪਿਆਰੀਆਂ ਲੱਗਦੀਆਂ ਹਨ।

ਰਾਣੀ ਦੀ ਕੋਠੀ ਵੱਲ ਹਿਮਾਚਲ ਸਰਕਾਰ ਨੇ ਕੋਈ ਵਿਸ਼ੇਸ ਧਿਆਨ ਨਹੀਂ ਦਿੱਤਾ। ਰਾਣੀ ਦੀ ਕੋਠੀ ਦੇ ਕਮਰੇ ਖਸਤਾ ਹਾਲਤ ਵਿਚ ਖਾਲੀ ਪਏ ਹਨ। ਪੁਰਾਤੱਤਵ ਵਿਭਾਗ ਹਿਮਾਚਲ ਪ੍ਰਦੇਸ਼ ਨੂੰ ਇਸ ਇਤਿਹਾਸਿਕ ਨਿਸ਼ਾਨੀ, ਰਮਣੀਕ ਸਥਾਨ ਦੀ ਦੇਖ-ਰੇਖ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇਥੇ ਵਧੀਆ ਹੋਟਲ ਖੋਲ੍ਹੇ ਜਾ ਸਕਦੇ ਹਨ। ਹਿਮਾਚਲ ਦਾ ਇਹ ਸਥਾਨ ਵਿਸ਼ਵ ਨਕਸ਼ੇ ਉਪਰ ਆ ਸਕਦਾ ਹੈ। ਸਰਕਾਰ ਨੂੰ ਮੋਟੀ ਆਮਦਨ ਹੋ ਸਕਦੀ ਹੈ। ਰਾਣੀ ਦੀ ਕੋਠੀ ਵਧੀਆ ਕੀਮਤੀ ਪਿਕਨਿਕ ਸਪਾਟ ਬਣ ਸਕਦਾ ਹੈ।

ਰਾਣੀ ਦੀ ਕੋਠੀ (ਝਟੀਗਰੀ) ਤੋਂ ਅਸੀਂ ਬਰੋਟ ਵੱਲ ਨੂੰ ਹੋ ਪਏ। ਬਰੋਟ ਜਾਣ ਲਈ ਘਟਾਸਨੀ ਜਾਣਾ ਪੈਂਦਾ ਹੈ। ਘਟਾਸਨੀ ਇਕ ਛੋਟਾ ਜਿਹਾ ਸ਼ਹਿਰ ਹੈ। ਪਠਾਨਕੋਟ (ਪੰਜਾਬ) ਤੋਂ ਘਟਾਸਨੀ ਲਗਭਗ 190 ਕਿਲੋਮੀਟਰ ਦੂਰ ਪੈਂਦਾ ਹੈ। ਘਟਾਸਨੀ ਤੋਂ ਪਠਾਨਕੋਟ ਬਰੋਟ ਜਾਣ ਦਾ ਰਸਤਾ ਇਕਦਮ ਭਿਅੰਕਰ, ਸਿੱਧੀ ਚੜ੍ਹਾਈ ਵਾਲਾ, ਘੱਟ ਚੌੜੀ ਸੜਕ ਵਾਲਾ ਹੈ। ਇਹ ਰਸਤਾ ਜਿਥੋਂ ਸ਼ੁਰੂ ਹੁੰਦਾ ਹੈ, ਇਕ ਵੱਡੇ ਦਰਵਾਜ਼ੇਨੁਮਾ ਲੱਗਦਾ ਹੈ, ਜਿਵੇਂ ਕਿਸੇ ਵੱਡੇ ਮਹਿਲ ਦਾ ਮੁੱਖ ਗੇਟ ਖੁੱਲ੍ਹਦਾ ਹੋਵੇ। ਕੇਵਲ ਚਾਰ ਪਹੀਆ ਵਾਹਨ ਜਿੰਨਾ ਮੁਸ਼ਕਿਲ ਰਸਤਾ, ਪਹਿਲਾਂ ਤਾਂ ਸਾਡਾ ਦੋਸਤ ਕਾਰ ਚਾਲਕ ਰਾਜ ਵਕੀਲ ਡਰ ਗਿਆ। ਕਹਿਣ ਲੱਗਾ, ਛੱਡੋ ਯਾਰ! ਇਹ ਤਾਂ ਇਕਦਮ ਸਿੱਧੀ ਚੜ੍ਹਾਈ ਹੈ, ਬਿਲਕੁਲ ਛੋਟੀ ਸੜਕ ਹੈ, ਖ਼ਤਰਨਾਕ ਮੋੜ ਹੈ। ਚਲੋ ਯਾਰ, ਵਾਪਸ ਚਲਦੇ ਹਾਂ। ਪਰ ਮੈਂ ਵੇਖਿਆ ਇਕ ਬੱਸ ਸਾਡੇ ਅੱਗੇ ਜਾ ਰਹੀ ਸੀ। ਮੈਂ ਕਿਹਾ, "ਯਾਰ! ਇਹ ਬੱਸ ਜਾ ਸਕਦੀ ਹੈ, ਤਾਂ ਅਸੀਂ ਕਿਉਂ ਨਈਂ ਜਾ ਸਕਦੇ। ਹਿੰਮਤ ਰੱਖੋ ਯਾਰ, ਚੱਲੋ। ਖ਼ੈਰ ਰਾਜ ਨੇ ਸਿੱਧੀ ਚੜ੍ਹਾਈ ਦਾ ਅੰਨ੍ਹਾ ਖ਼ਤਰਨਾਕ ਮੋੜ ਕੱਟ ਲਿਆ ਅਤੇ ਅਸੀਂ ਅੱਗੇ ਵਧਣ ਲੱਗੇ।

ਘਟਾਸਨੀ ਦੇ ਬਾਰੇ ਦੱਸਿਆ ਜਾਂਦਾ ਹੈ ਕਿ ਮੰਡੀ ਪਠਾਨਕੋਟ ਸੜਕ ਉਪਰ ਮੰਡੀ ਤੋਂ ਲਗਭਗ 42 ਕਿਲੋਮੀਟਰ ਦੂਰ ਪਹਾੜੀ ਦੇ ਇਕ ਘੱਟਾ (ਸਥਾਨ) ਉਪਰ ਇਕ ਦੇਵੀ ਦਾ ਸਥਾਨ ਹੈ। ਘੱਟਾ ਵਾਸਿਨੀ ਸ਼ਬਦ ਕਲਾਂਤਰ ਵਿਚ ਘਟਾਸਨੀ ਹੋ ਗਿਆ, ਜਿਸ ਕਰਕੇ ਦੇਵੀ ਮਾਤਾ ਨੂੰ ਘਟਾਸਨੀ ਮਾਤਾ ਕਿਹਾ ਜਾਣ ਲੱਗਾ ਅਤੇ ਇਹ ਸਥਾਨ ਘਟਾਸਨੀ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਘਟਾਸਨੀ ਇਕ ਸੁੰਦਰ ਵੈਲੀ ਹੈ। ਘਟਾਸਨੀ ਤੋਂ ਬਰੋਟ ਜਾਂਦੇ ਸਮੇਂ ਸੁੰਦਰ ਅਤੇ ਨਾਟਕੀਏ ਢੰਗ ਨਾਲ ਤੁਹਾਨੂੰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਪਹਾੜਾਂ ਦੇ ਨਾਲ-ਨਾਲ ਸੜਕ ਦੇ ਨਾਲ ਡੂੰਘੀ ਖੱਡ, ਖੱਡ ਵਿਚ ਸੱਪ ਦੀ ਤਰ੍ਹਾਂ ਵਹਿੰਦਾ ਦਰਿਆ। ਰਸਤੇ ਵਿਚ ਹੁਰਲਾ ਪਿੰਡ ਵਿਚ ਪ੍ਰਾਚੀਨ ਪਹਾੜੀ ਸ਼੍ਰੇਣੀ ਦੇ ਘਰ ਵੇਖਣ ਨੂੰ ਮਿਲਦੇ ਹਨ। ਚੀਲ ਦੇ ਰੁੱਖਾਂ ਵਿਚ ਘਿਰਿਆ ਜੰਗਲ। ਇਨ੍ਹਾਂ ਜੰਗਲਾਂ 'ਚੋਂ ਲੰਘਦੀ ਬਾਰੀਕ ਸੜਕ। ਇਕਦਮ ਇਕੱਲੀ। ਪਹਾੜਾਂ ਦੇ ਉਪਰ ਫਿਰ ਪਹਾੜ। ਲਗਭਗ 25 ਕਿਲੋਮੀਟਰ ਦੀ ਇਹ ਸਿੱਧੀ ਚੜ੍ਹਾਈ ਹੈ। ਫਿਰ ਉਪਰ ਦੇਵਦਾਰ ਦੇ ਜੰਗਲ ਸ਼ੁਰੂ ਹੋ ਜਾਂਦੇ ਹਨ। ਸਾਰਾ ਰਸਤਾ ਜੰਗਲ ਹੀ ਜੰਗਲ। ਭਿਅੰਕਰ ਰਸਤਾ ਪਰ ਮਨੋਰੰਜਨ ਭਰਪੂਰ।

ਰਸਤੇ ਵਿਚ ਛੋਟੇ-ਵੱਡੇ ਡਿੱਗਦੇ ਸੁੰਦਰ ਝਰਨੇ ਦੇਖਣ ਨੂੰ ਮਿਲਦੇ ਹਨ। ਪਿੰਡ ਟਿਕਰ ਵਿਖੇ ਸੜਕ ਦੇ ਨਾਲ ਹੀ ਇਕ ਖ਼ੂਬਸੂਰਤ ਝਰਨਾ ਡਿੱਗਦਾ ਹੈ। ਇਥੇ ਫੋਟੋਗ੍ਰਾਫੀ ਕਰਨ ਦਾ ਆਪਣਾ ਹੀ ਮਜ਼ਾ ਹੈ। ਇਹ ਝਰਨਾ ਆਪਣੇ ਨਾਲ ਆਸ-ਪਾਸ ਮਿਲਦੇ ਮਨਮੋਹਣੇ ਦ੍ਰਿਸ਼ ਬਣਾਉਂਦਾ ਹੈ। ਇਥੋਂ ਅਸੀਂ ਕਈ ਚਿੱਤਰ ਕੈਮਰੇ ਵਿਚ ਕੈਦ ਕੀਤੇ। ਇਹ ਪਿੰਡ ਟੋਕਰੀ (ਉਚੀ ਥਾਂ) ਉਪਰ ਸਥਿਤ ਹੋਣ ਕਰਕੇ ਟਿੱਕਰ ਨਾਮ ਨੂੰ ਪ੍ਰਾਪਤ ਹੋਇਆ।

ਇਸ ਦੇ ਅੱਗੇ ਸੰਘਣਾ ਜੰਗਲ ਸ਼ੁਰੂ ਹੋ ਜਾਂਦਾ ਹੈ। ਜਿਸ ਨੂੰ ਨਰਗੂ ਜੰਗਲ ਕਹਿੰਦੇ ਹਨ। ਦਰਿਆ ਇਸ ਦੇ ਨਾਲ-ਨਾਲ ਚੱਲਦਾ ਹੈ। ਇਥੇ ਵੀ ਲੱਕੜ ਦੇ ਪ੍ਰਾਚੀਨ ਘਰ ਨਜ਼ਰ ਆਉਂਦੇ ਹਨ। ਪ੍ਰਾਚੀਨ ਹਿਮਾਚਲ ਦੇਖਣ ਨੂੰ ਮਿਲਦਾ ਹੈ। ਰਸਤਿਆਂ ਵਿਚ ਜਵਾਰ ਦੇ ਹਰੇ-ਭਰੇ ਖੇਤ, ਅਰਬੀ ਦੇ ਖੇਤ ਅਤੇ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ ਤੇ ਫਲਾਂ ਦੇ ਖੇਤ ਮਿਲਦੇ ਹਨ। ਤਰ੍ਹਾਂ-ਤਰ੍ਹਾਂ ਦੀਆਂ ਰਲਵੀਆਂ-ਮਿਲਵੀਆਂ ਖ਼ੁਸ਼ਬੂਆਂ ਆਉਂਦੀਆਂ ਹਨ।

ਕਈ ਛੋਟੇ-ਵੱਡੇ ਪੜਾਅ ਪਾਰ ਕਰਦੇ ਹੋਏ ਥੱਕੇ ਹਾਰੇ ਅਸੀਂ ਬਰੋਟ ਪਹੁੰਚੇ। ਹਿਮਾਚਲ ਪ੍ਰਦੇਸ਼ ਦਾ ਇਕ ਵਿਸ਼ੇਸ਼ ਅਦਭੁੱਤ ਆਕਰਸ਼ਿਕ ਨਜ਼ਾਰਿਆਂ ਵਾਲਾ ਸਥਾਨ ਹੈ ਬਰੋਟ। ਅਸੀਂ ਗੱਡੀ ਹੋਟਲ ਦੇ ਇਕ ਪਾਸੇ ਖੜ੍ਹੀ ਕਰਕੇ ਘੁੰਮਣ-ਫਿਰਨ ਲੱਗੇ। ਕੁਝ ਖਾਧਾ ਪੀਤਾ। ਥਕਾਵਟ ਅਜੇ ਵੀ ਸਰੀਰ ਵਿਚ ਚੋਬਾਂ ਪੈਦਾ ਕਰ ਰਹੀ ਸੀ। ਪਰ ਸੁੰਦਰ ਦ੍ਰਿਸ਼ ਵੇਖ ਕੇ ਥਕਾਵਟ ਛੂੰ ਮੰਤਰ ਹੋ ਗਈ। ਵਾਹ-ਵਾਹ---- ਸੁੰਦਰ ਪ੍ਰਾਚੀਨ ਅਤੇ ਆਧੁਨਿਕਤਾ ਸ਼ੈਲੀ ਯੁਕਤ ਮਨਮੋਹਣੇ ਹੋਟਲ। ਬਰੋਟ ਨਗਰ ਖ਼ੂਬਸੂਰਤੀ ਦੀ ਜੀਵੰਤ ਮਿਸਾਲ। ਅਸਮਾਨ ਦੀ ਗੋਦ ਵਿਚ ਨਜ਼ਾਰੇ ਬਿਖੇਰਦਾ ਦਿਲਕਸ਼ ਇਲਾਕਾ ਬਰੋਟ। ਉੱਚੇ-ਉੱਚੇ ਪਹਾੜਾਂ ਉਪਰ ਵੱਸਿਆ ਸੁੰਦਰ ਨਗਰ। ਚਾਰੇ ਪਾਸੇ ਫਿਰ ਉੱਚੇ ਪਹਾੜਾਂ ਦੀਆਂ ਚੋਟੀਆਂ ਦੇ ਨਜ਼ਾਰੇ। ਇਹ ਇੰਝ ਪ੍ਰਤੀਤ ਹੁੰਦਾ ਹੈ ਜਿੱਦਾਂ ਅਸਮਾਨ ਦੀ ਗੋਦ ਵਿਚ ਬੱਚਾ ਖੇਡ ਰਿਹਾ ਹੋਵੇ।

ਬਰੋਟ ਓਹਲ ਦਰਿਆ ਦੇ ਕਿਨਾਰੇ ਵੱਸਿਆ ਹੋਇਆ ਹੈ। ਦਰਿਆ ਦੇ ਨਾਲ-ਨਾਲ ਹੋਟਲ ਵੀ ਬਣੇ ਹੋਏ ਹਨ। ਦਰਿਆ ਆਪਣੇ ਨਾਲੋਂ ਅਲੱਗ ਹੋ ਕੇ ਕਈ ਝੀਲ ਦਾ ਸਵਰੂਪ ਲੈਂਦਾ ਹੈ। ਹਰੀਆਂ-ਭਰੀਆਂ ਪਹਾੜੀਆਂ ਕੀਮਤੀ ਅਲੰਕਾਰਾਂ ਦੇ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਦਰਿਆ ਦੀ ਦਲਦ ਵਿਚ ਲਹਿਰਾਂ ਦੇ ਝੁਰਮਟ ਜਿਵੇਂ ਕਿਸੇ ਗੋਰੀ ਦੀਆਂ ਝਾਂਜਰਾਂ ਛਣਕਦੀਆਂ ਹੋਣ। ਪਹਾੜਾਂ ਉਪਰ ਦੂਰ ਛੋਟੇ-ਛੋਟੇ ਘਰ ਇਵੇਂ ਪ੍ਰਤੀਤ ਹੁੰਦੇ ਹਨ, ਜਿਵੇਂ ਕਿਸੇ ਢਲਾਣੀ ਦੀਵਾਰ ਉਪਰ ਖਿਡੌਣੇ ਲਟਕਦੇ ਹੋਣ। ਦੂਰ ਪਹਾੜੀ ਦੀ ਚੋਟੀ ਉਪਰ ਚੜ੍ਹ ਕੇ ਸਵੇਰ ਦਾ ਸੂਰਜ ਵੇਖਣ ਦਾ ਅਦਭੁੱਤ ਆਨੰਦ ਮਿਲਦਾ ਹੈ। ਏਦਾਂ ਜਿਵੇਂ ਸਵਰਗ 'ਚੋਂ ਕੋਈ ਰੌਸ਼ਨੀ ਨੰਗੇ ਪੈਰੀਂ ਉਤਰ ਰਹੀ ਹੋਵੇ। ਸ਼ਾਮ ਨੂੰ ਠੰਡੀਆਂ ਹਵਾਵਾਂ ਵਿਚ ਜਦ ਅਸਮਾਨ ਸਾਫ ਹੋ ਜਾਂਦਾ ਹੈ, ਤਾਂ ਚਾਰੇ ਪਾਸੇ ਹੀ ਚੰਨ ਤਾਰਿਆਂ ਦੀ ਬਾਰਾਤ ਵਿਚ ਸ਼ਾਮਲ ਹੋਣਾ ਕਿੰਨਾ ਚੰਗਾ ਲੱਗਦਾ ਹੈ। ਬੱਦਲ ਹੇਠਾਂ ਅਤੇ ਅਸੀਂ ਉਪਰ ਜਿਵੇਂ ਅਸਮਾਨ ਵਿਚ ਉਡ ਰਹੇ ਹੋਈਏ। ਸੋਹਣੇ-ਸੋਹਣੇ ਮਨਮੋਹਣੇ ਦ੍ਰਿਸ਼ ਮਨ-ਮਸਤਕ ਵਿਚ ਸਦਾ-ਸਦਾ ਕਈ ਕੈਦ ਹੋ ਜਾਂਦੇ ਹਨ, ਜੋ ਸਕੂਨ ਦਾ ਪਾਠ ਪੜ੍ਹਾਉਂਦੇ ਹਨ।

ਬਰੋਟ ਦਾ ਇਤਿਹਾਸ ਇਸ ਤਰ੍ਹਾਂ ਹੈ: ਬਰੋਟ ਮੰਡੀ ਜ਼ਿਲ੍ਹਾ ਦੀ ਚੁਹਾਰ ਘਾਟੀ ਵਿਚ ਓਹਲ ਨਦੀ ਦੇ ਕਿਨਾਰੇ ਵੱਸਿਆ ਹੋਇਆ ਇਕ ਰਮਣੀਕ ਸਥਾਨ ਹੈ। ਕਿਸੇ ਸਮੇਂ ਇਹ ਸਥਾਨ ਬਾਰਾਂ ਦਾ ਪੌਦਿਆਂ ਨਾਲ ਭਰਿਆ ਹੁੰਦਾ ਸੀ, ਜਿਸ ਨਾਲ ਇਥੋਂ ਦਾ ਨਾਮ ਬਰੋਗ ਪੈ ਗਿਆ। ਬਰੋਟ ਦਾ ਨਾਮ ਜਲ ਬਿਜਲੀ ਉਤਪਾਦਨ ਦੇ ਇਤਿਹਾਸ ਵਿਚ ਬਹੁਤ ਪ੍ਰਸਿੱਧ ਹੈ। ਸੰਨ 1925 ਵਿਚ ਬ੍ਰਿਟਿਸ਼ ਸਰਕਾਰ ਵੱਲੋਂ ਅੰਗਰੇਜ਼ੀ ਸੈਨਾ ਇੰਜੀਨੀਅਰ ਕਰਨਲ ਬੰਟੀ ਅਤੇ ਮੰਡੀ ਦੇ ਰਾਜਾ ਜੋਗੇਂਦਰ ਸੇਨ ਦੇ ਵਿਚ ਇਕ ਸਮਝੌਤਾ (ਅਨੁਬੰਧ) ਹੋਇਆ। ਜਿਸ ਨਾਲ ਜੋਗਿੰਦਰ ਨਗਰ ਦੀ ਸ਼ਾਸਨ ਅਤੇ ਬੱਸੀ ਜਲ ਬਿਜਲੀ ਪਰਿਯੋਜਨਾ ਸਾਕਾਰ ਹੋਈ। ਇਸ ਪਰਿਯੋਜਨਾ ਦਾ ਜਲ ਭੰਡਾਰਣ ਕੇਂਦਰ ਬਰੋਟ ਵਿਚ ਬਣਿਆ। ਇਥੋਂ ਹੀ ਦੋ ਵੱਡੇ ਪਾਈਪਾਂ ਦੇ ਜ਼ਰੀਏ ਪਾਣੀ ਲੈ ਜਾ ਕੇ ਸਾਨਨਾ ਅਤੇ ਬੱਸੀ ਵਿਚ ਬਿਜਲੀ ਉਤਪਾਦਨ ਕੀਤਾ ਗਿਆ ਹੈ। ਬਰੋਟ ਵਿਚ ਕੁਝ ਮੰਦਿਰ ਵੀ ਹਨ। ਸਰਕਾਰੀ ਅਤੇ ਗੈਰ ਸਰਕਾਰੀ ਹੋਟਲ, ਰੈਸਟ ਹਾਊਸ ਵੀ ਹਨ।

ਬਰੋਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਬਹੁਤ ਵਿਸ਼ਾਲ ਮੱਛੀ ਵਿਭਾਗ ਟਰਾਊਟ ਟਰਾਊਟ ਮੱਛਲੀ ਕੇਂਦਰ ਵੀ ਹੈ। ਇਥੇ ਟਰਾਊਟ ਸਫੇਦ ਮੱਛੀ ਦਾ ਬੀਜ ਵੀ ਤਿਆਰ ਕੀਤਾ ਜਾਂਦਾ ਹੈ। ਇਹ ਸਥਾਨ ਨਵੰਬਰ ਅਤੇ ਫਰਵਰੀ ਤੱਕ ਬੰਦ ਰਹਿੰਦਾ ਹੈ। ਇਸ ਨੂੰ ਮਛਲੀ ਪਾਲਣ ਵਿਭਾਗ ਹਿਮਾਚਲ ਪ੍ਰਦੇਸ਼ ਨੇ ਸੰਭਾਲ ਰੱਖਿਆ ਹੈ। ਟਰਾਊਟ ਮਛਲੀ ਫਾਰਮ ਵਿਖੇ 350 ਰੁਪਏ ਕਿਲੋ ਦੇ ਹਿਸਾਬ ਨਾਲ ਵਿਉਪਾਰੀ ਲੋਕਾਂ ਨੂੰ ਦਿੱਤੀ ਜਾਂਦੀ ਹੈ, ਜਦਕਿ ਬਾਜ਼ਾਰ ਵਿਚ ਸੱਤ ਸੌ ਤੋਂ ਲੈ ਕੇ ਨੌ ਸੌ ਰੁਪਏ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਇਹ ਮਛਲੀ ਬਿਲਕੁਲ ਸਫੇਦ ਰੰਗ ਵਿਚ ਹੁੰਦੀ ਹੈ ਅਤੇ ਵੇਖਣ ਨੂੰ ਸੁੰਦਰ ਲੱਗਦੀ ਹੈ। ਇਹ ਮਛਲੀ ਓਹਲ ਦਰਿਆ ਦੇ ਅਤਿ ਠੰਢੇ ਪਾਣੀ ਵਿਚ ਹੁੰਦੀ ਹੈ। ਬਰਫ਼ ਨਾਲੋਂ ਵੀ ਠੰਡੇ ਤਾਪਮਾਨ ਵਿਚ ਹੁੰਦੀ ਹੈ। ਹਿਮਾਚਲ ਸਰਕਾਰ ਨੇ ਵਿਸ਼ੇਸ ਕਿਸਮ ਦੇ ਉਪਕਰਣ ਲਗਾ ਕੇ ਇਸ ਮਛਲੀ ਦਾ ਲਾਲਨ-ਪਾਲਨ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹ ਮਛਲੀ ਆਮ (ਸਾਧਾਰਣ) ਮਛਲੀ ਨਾਲੋਂ ਅਲੱਗ ਕਿਸਮ ਦੀ ਹੁੰਦੀ ਹੈ। ਇਸ ਦੀ ਮੰਗ ਬਹੁਤ ਜ਼ਿਆਦਾ ਹੈ। ਬਰੋਟ ਦੇ ਆਸ-ਪਾਸ ਕਈ ਸਥਾਨ ਵੇਖਣ ਨੂੰ ਮਿਲਦੇ ਹਨ, ਜਿਸ ਤਰ੍ਹਾਂ ਨਾਰਗੂ ਵਾਈਲਡ ਲਾਈਫ਼ ਸੈਂਟਰ, ਹਰਬਲ ਮਿਊਜ਼ਿਅਮ, ਹਰਬਲ ਗਾਰਡਨ ਆਦਿ।

ਬਰੋਟ ਤੋਂ ਪਤਾ ਚੱਲਿਆ ਕਿ ਇਥੋਂ ਵੀ ਕੁਝ ਮੀਲ ਉਪਰ ਇਕ ਵੇਖਣਯੋਗ ਸਥਾਨ ਹੈ। ਇਹ ਸਥਾਨ ਲੁਹਾਰਡੀ ਪਿੰਡ ਹੈ। ਬਰੋਟ ਤੋਂ ਛੋਟੇ ਰਸਤੇ 'ਚੋਂ ਹੁੰਦੇ ਹੋਏ ਅਸੀਂ ਲੁਹਾਰਡੀ ਪਹੁੰਚੇ। ਦਰਿਆ ਦੇ ਉਪਰ ਤਿਕੋਣੀਆਂ ਪਹਾੜੀਆਂ ਦੇ ਵਿਚ। ਸਾਰੀਆਂ ਪਹਾੜੀਆਂ ਲੁਹਾਰਡੀ ਨੂੰ ਚੁੰਮਦੀਆਂ ਹਨ। ਕਾਂਗੜਾ ਜ਼ਿਲ੍ਹਾ ਦੀ ਬੈਜਨਾਥ ਤਹਿਸੀਲ ਦੇ ਛੋਟਾ ਭੰਗਾਲ ਖੇਤਰ ਦੇ ਇਸ ਪਿੰਡ ਵਿਚ ਪ੍ਰਾਚੀਨ ਸਮੇਂ ਕੇਵਲ 'ਲੁਹਾਰ' ਸਮੁਦਾਇ ਦੇ ਲੋਕ ਹੀ ਰਹਿੰਦੇ ਸਨ ਅਤੇ ਇਸੇ ਆਧਾਰ ਉਪਰ ਇਥੋਂ ਦਾ ਨਾਮ 'ਲੁਹਾਰਡੀ' ਪਿਆ।

ਲੁਹਾਰਡੀ ਪਿੰਡ ਵਿਚ ਲਗਭਗ ਇਕ ਸੌ ਦੇ ਕਰੀਬ ਪ੍ਰਾਚੀਨ ਸ਼ੈਲੀ ਦੇ ਘਰ ਹਨ। ਇਥੋਂ ਦੇ ਇਕ ਨੌਜਵਾਨ ਰਾਜੇਸ਼ ਕੁਮਾਰ (ਮੋ. ਨੰ. 09459924807) ਨੇ ਦੱਸਿਆ ਕਿ ਇਥੋਂ ਦੇ ਲੋਕ ਸ਼ਾਹੀ ਰਾਜਪੂਤ ਦੀ ਫੌਜ ਵਿਚ ਸਨ। ਇਸ ਦੇ ਆਸ-ਪਾਸ ਗਿਆਰ੍ਹਾਂ ਪਿੰਡ ਸੰਪਰਕ ਬਣਾਉਂਦੇ ਹਨ। ਇਥੋਂ ਦੇ ਲੋਕ ਖੇਤੀਬਾੜੀ, ਭੇਡ-ਬੱਕਰੀ ਪਾਲਣ ਅਤੇ ਹੱਥ ਖੱਡੀ ਦਾ ਧੰਦਾ ਕਰਦੇ ਹਨ। ਵਿਸ਼ੇਸ ਤੌਰ 'ਤੇ ਔਰਤਾਂ ਹੱਥ ਖੱਡੀਆਂ ਦੇ ਕੰਮ ਕਰਦੀਆਂ ਹਨ। ਇਥੇ ਸਬਜ਼ੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ਼ ਵੀ ਪਾਏ ਜਾਂਦੇ ਹਨ। ਸਰਦੀਆਂ ਵਿਚ ਇਥੇ ਲਗਭਗ ਤਿੰਨ ਤੋਂ ਚਾਰ ਫੁੱਟ ਤੱਕ ਬਰਫ਼ ਪੈਂਦੀ ਹੈ।

ਸਰਦੀਆਂ ਵਿਚ ਜੋਗਿੰਦਰ ਨਗਰ ਤੱਕ ਦਾ ਰਸਤਾ ਬਰਫ਼ ਪੈਣ ਕਰਕੇ ਬੰਦ ਹੋ ਜਾਂਦਾ ਹੈ। ਇਥੇ ਮਾਤਾ ਦਾ ਮੰਦਿਰ ਅਤੇ ਜੈ ਪਾਸਾਕੋਟ ਦਾ ਮੰਦਿਰ ਵੀ ਹੈ। ਲੁਹਾਰਡੀ ਤੋਂ ਸਿੱਧੀ ਚੜ੍ਹਾਈ ਵਾਲੇ ਰਸਤੇ ਤੋਂ 14 ਕਿਲੋਮੀਟਰ ਦੂਰ ਇਕ ਪਹਾੜੀ ਦੇ ਉਪਰ ਸ਼ਿਵ ਭਗਵਾਨ ਦਾ ਮੰਦਿਰ ਸੁਸ਼ੋਭਿਤ ਹੈ। ਇੱਥੇ ਪ੍ਰਸਿੱਧ ਦੇਨਾ ਸਰ ਝੀਲ ਹੈ। ਦੇਸ਼-ਵਿਦੇਸ਼ ਦੇ ਲੋਕ ਤਿੰਨ ਅਤੇ ਚਾਰ ਸਿਤੰਬਰ ਨੂੰ ਦੇਨਾ ਸਰ ਝੀਲ, ਸ਼ਿਵ ਮੰਦਿਰ ਦੇ ਦਰਸ਼ਨ ਕਰਨ ਲਈ ਆਉਂਦੇ ਹਨ, ਕਿਉਂਕਿ ਇਨ੍ਹਾਂ ਦੋ ਦਿਨਾਂ ਵਿਚ ਭਾਰੀ ਮੇਲਾ ਲੱਗਦਾ ਹੈ। ਦੇਨਾ ਸਰ ਠੀਲ (ਸ਼ਿਵ ਮੰਦਰ) ਦੀ ਯਾਤਰਾ ਪੈਦਲ ਹੀ ਕਰਨੀ ਪੈਂਦੀ ਹੈ। ਕੋਈ ਵੀ ਵਾਹਨ ਇਥੇ ਨਹੀਂ ਜਾ ਸਕਦਾ। ਲੁਹਾਰਡੀ ਵੈਲੀ ਇਕ ਕੀਮਤੀ ਕੁਦਰਤੀ ਖ਼ੂਬਸੂਰਤੀ ਵਾਲਾ ਸਥਾਨ ਹੈ। ਇਹ ਓਹਲ ਦਰਿਆ ਦਾ ਪਹਿਲਾ ਪਿੰਡ ਹੈ।

ਜ਼ਿਲ੍ਹਾ ਮੰਡੀ ਦੇ ਬਿਆਸ ਨਦੀ ਦੇ ਸੱਜੇ ਪਾਸੇ ਪ੍ਰਵੇਸ਼ ਕਰਨ ਵਾਲੀ ਸਭ ਤੋਂ ਵੱਡੀ ਨਦੀ ਓਹਲ ਨਦੀ ਹੈ। ਇਹ ਮੂਲ ਗਹਿਰੀ ਖਾਈਆਂ ਵਿਚ ਵਹਿਣ ਦੇ ਕਾਰਣ ਇਸ ਨਦੀ ਦਾ ਜਲ ਸਿੰਚਾਈ ਲਈ ਪ੍ਰਯੋਗ ਵਿਚ ਨਹੀਂ ਲਿਆਂਦਾ ਜਾ ਸਕਦਾ। ਕੇਵਲ ਬਰੋਟ ਵਿਚ ਸਰੋਵਰਾਂ ਵਿਚ ਜਲ ਸੰਗ੍ਰਹਿ ਕਰਕੇ ਸੁਰੰਗ ਜੋਗਿੰਦਰ ਨਗਰ ਪਹੁੰਚਾਇਆ ਗਿਆ, ਜਿਥੋਂ ਪੂਰਵ ਪੰਜਾਬ (ਵੰਡ ਦੇ ਸਮੇਂ) ਦੇ ਸਮੇਂ 1930-33 ਵਿਚ ਸ਼ਾਨਨ ਬਿਜਲੀ ਪਰਿਯੋਜਨਾ ਸ਼ੁਰੂ ਕਰਕੇ ਉਸ ਸਮੇਂ ਅੰਮ੍ਰਿਤਸਰ ਅਤੇ ਲਾਹੌਰ (ਪਾਕਿਸਤਾਨ) ਨੂੰ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਸੀ।

ਲੁਹਾਰਡੀ ਵਿਚ ਤੇਜ਼ ਠੰਡੀ ਹਵਾ ਦੇ ਬੁੱਲ੍ਹੇ ਪੈਰ੍ਹਾਂ ਉਪਰ ਟਿਕਣ ਨਹੀਂ ਦਿੰਦੇ। ਇਥੋਂ ਦੇ ਲੋਕ ਖ਼ਾਸ ਕਰਕੇ ਔਰਤਾਂ ਅਤੇ ਪੁਰਸ਼ ਪ੍ਰਾਚੀਨ ਹਿਮਾਚਲੀ ਪਹਿਰਾਵੇ ਵਿਚ ਵੇਖਣ ਨੂੰ ਮਿਲਦੇ ਹਨ। ਇਹ ਸਥਾਨ ਬਰੋਟ ਤੋਂ ਵੀ ਵਧੀਆ ਹੈ। ਕੁਦਰਤੀ ਨਜ਼ਾਰੇ ਮਿਕਨਾਤੀਸੀ ਖਿੱਚ ਵਾਲੇ, ਲੌਕਿਕ ਅਤੇ ਆਲੌਕਿਕ ਦ੍ਰਿਸ਼ ਤਨ-ਮਨ-ਰੂਹ, ਦਿਲ, ਮਸਤਕ ਨੂੰ ਛੂਹ-ਛੂਹ ਜਾਂਦੇ ਹਨ। ਖਾਮੋਸ਼ੀ ਦੀ ਦਹਿਲੀਜ਼ ਉਪਰ ਸਕੂਨ ਇਥੇ ਜੰਨਤ ਦੇ ਬੰਦਨਵਾਰ ਸਜਾਉਂਦਾ ਹੈ। ਮੁਕੰਮਲ ਸ਼ਾਂਤੀ ਅਤੇ ਵਾਤਾਵਰਣ ਦੀ ਚੁੱਪੀ ਨੂੰ ਦਰਿਆ ਦੀਆਂ ਸਰਗੋਸ਼ੀਆਂ ਕਿਸੇ ਝਾਂਜਰ ਦੀ ਛਣਕਾਹਟ ਦਾ ਅਹਿਸਾ ਦਿਲਾਂਦੀਆਂ ਹਨ। ਤ੍ਰਿਕੋਣੀ ਪਹਾੜੀਆਂ ਦੇ ਵਿਚ ਸਰ-ਸਰ ਚਲਦੀ ਤੇਜ਼ ਹਵਾ ਏਦਾਂ ਪ੍ਰਤੀਤ ਹੁੰਦੀ, ਜਿਵੇਂ ਦੇਵ ਲੋਕ ਦੇ ਕਿਸੇ ਰਿਸ਼ੀ ਨੇ ਹੱਥ ਉਠਾ ਕੇ ਹਥੇਲੀ 'ਚੋਂ ਕੋਈ ਆਲੌਕਿਕ ਸ਼ਕਤੀ ਸ਼ੁੱਭਕਾਮਨਾਵਾਂ ਦਾ ਵਰਦਾਨ ਚੱਕਰ ਛੱਡ ਦਿੱਤਾ ਹੋਵੇ। ਦਰਿਆ ਦੇ ਕਿਨਾਰੇ ਉਪਰ ਛਿਛਲਾ ਪਾਣੀ ਕਿਨਾਰੇ ਉਪਰ ਜਾ ਕੇ ਏਦਾਂ ਟੁੱਟਦਾ ਹੈ, ਜਿਵੇਂ ਕੋਈ ਲੰਬੀ ਸਫੇਦ ਚੁੰਨੀ ਦੀ ਗੋਟੀ ਨੁਮਾ ਕਿਨਾਰੀ ਵਿਛੀ ਹੋਵੇ। ਇਥੋਂ ਦੇ ਮਿਲਣਸਾਰ, ਮਿੱਠੇ ਸੁਭਾਅ ਦੇ ਲੋਕ ਚੰਗੇ ਲੱਗਦੇ ਹਨ। ਇਥੋਂ ਥੋੜ੍ਹੀ ਦੂਰ ਪਹਾੜਾਂ ਦੇ ਵਿਚ ਬਿਜਲੀ ਡੈਮ ਵੀ ਬਣ ਰਿਹਾ ਹੈ। ਇਥੋਂ ਦਾ ਮੌਸਮ ਗਰਮੀ ਵਿਚ ਵੀ ਬਹੁਤ ਠੰਡਾ ਹੁੰਦਾ ਹੈ। ਕੁੱਲ ਮਿਲਾ ਕੇ ਲੁਹਾਰਡੀ ਦਾ ਆਕਰਿਸ਼ਕ, ਮਨਮੋਹਣਾ ਮੌਸਮ ਅਤੇ ਚਾਰੇ ਪਾਸੇ ਬਿਖਰੇ ਨਜ਼ਾਰੇ ਕਿਸੇ ਦੇਵ ਲੋਕ ਤਾਂ ਘੱਟ ਨਹੀਂ।

ਲੁਹਾਰਡੀ ਵਿਚ ਕੁਝ ਕੁ ਹੋਟਲ ਹਨ। ਇਥੇ ਰਹਿਣ ਦਾ ਪੂਰਾ ਪ੍ਰਬੰਧ ਹੈ। ਬਰੋਟ ਜਾਓ, ਤਾਂ ਤੁਸੀਂ ਲੁਹਾਰਡੀ ਵਿਚ ਹੀ ਰਹੋ। ਏਕਾਂਤਮਈ ਦੇ ਦਰਸ਼ਨ, ਓਹਲ ਦਰਿਆ ਦੇ ਘੁੰਗਰੂਨੁਮਾ ਖਨਕਦੀਆਂ ਆਵਾਜ਼ਾਂ, ਪਹਾੜਾਂ ਦੇ ਨਜ਼ਾਰੇ, ਸਮਝੋ ਤੁਸੀਂ ਇੱਥੇ ਆ ਕੇ ਜੰਨਤ ਲੁੱਟ ਲਈ।

# ਮਰਦਾਂ ਨੂੰ ਔਰਤਾਂ ਨਾਲੋਂ ਜ਼ਿਆਦਾ ਕਸਰਤ ਦੀ ਲੋੜ ਹੋ ਸਕਦੀ ਹੈ

ਜਦੋਂ ਤੰਦਰੁਸਤੀ ਦੀ ਗੱਲ ਆਉਂਦੀ ਹੈ, ਤਾਂ "ਸਭ ਲਈ ਇੱਕ" ਪਹੁੰਚ ਪੂਰੀ ਤਰ੍ਹਾਂ ਸਹੀ ਨਹੀਂ ਹੋ ਸਕਦੀ - ਖਾਸ ਕਰਕੇ ਜਦੋਂ ਮਰਦਾਂ ਅਤੇ ਔਰਤਾਂ ਦੀ ਤੁਲਨਾ ਕੀਤੀ ਜਾਂਦੀ ਹੈ। ਉੱਭਰ ਰਹੀ ਖੋਜ ਸੁਝਾਅ ਦਿੰਦੀ ਹੈ ਕਿ ਮਰਦਾਂ ਨੂੰ ਸਮਾਨ ਸਿਹਤ ਲਾਭ ਪ੍ਰਾਪਤ ਕਰਨ ਲਈ ਔਰਤਾਂ ਨਾਲੋਂ ਜ਼ਿਆਦਾ ਕਸਰਤ ਦੀ ਲੋੜ ਹੋ ਸਕਦੀ ਹੈ, ਖਾਸ ਕਰਕੇ ਜਦੋਂ ਦਿਲ ਦੀ ਸਿਹਤ, ਮੈਟਾਬੋਲਿਜ਼ਮ ਅਤੇ ਲੰਬੀ ਉਮਰ ਦੀ ਗੱਲ ਆਉਂਦੀ ਹੈ।

ਜੈਵਿਕ ਅੰਤਰ ਖੇਡ ਵਿਚ ਮਰਦ ਅਤੇ ਔਰਤਾਂ ਸਿਰਫ਼ ਹਾਰਮੋਨਾਂ ਵਿਚ ਹੀ ਨਹੀਂ, ਸਗੋਂ ਮਾਸਪੇਸ਼ੀਆਂ ਦੀ ਬਣਤਰ, ਚਰਬੀ ਦੀ ਵੰਡ ਅਤੇ ਦਿਲ ਦੀਆਂ ਪ੍ਰਤੀਕਿਰਿਆਵਾਂ ਵਿਚ ਵੀ ਭਿੰਨ ਹੁੰਦੇ ਹਨ। ਟੈਸਟੋਸਟੀਰੋਨ ਮਰਦਾਂ ਨੂੰ ਮਾਸਪੇਸ਼ੀਆਂ ਬਣਾਉਣ ਵਿਚ ਇੱਕ ਫਾਇਦਾ ਦਿੰਦਾ ਹੈ, ਪਰ ਇਹ ਪਾਚਕ ਸੰਤੁਲਨ ਬਣਾਈ ਰੱਖਣ ਲਈ ਉੱਚ ਊਰਜਾ ਖਰਚ ਦੀ ਜ਼ਰੂਰਤ ਨੂੰ ਵੀ ਵਧਾਉਂਦਾ ਹੈ। ਦੂਜੇ ਪਾਸੇ, ਔਰਤਾਂ ਕੁਦਰਤੀ ਤੌਰ 'ਤੇ ਘੱਟ-ਤੀਬਰਤਾ ਵਾਲੀ ਕਸਰਤ ਦੌਰਾਨ ਚਰਬੀ ਨੂੰ ਸਾੜਨ ਵਿਚ ਵਧੇਰੇ ਕੁਸ਼ਲ ਹੁੰਦੀਆਂ ਹਨ, ਐਸਟ੍ਰੋਜਨ ਦੇ ਸੁਰੱਖਿਆ ਪ੍ਰਭਾਵ ਦਾ ਧੰਨਵਾਦ।

ਦਿਲ ਦੀ ਸਿਹਤ ਅਤੇ ਲੰਬੀ ਉਮਰ ਹਾਲੀਆ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਦਰਮਿਆਨੀ ਸਰੀਰਕ ਗਤੀਵਿਧੀ ਦੋਵਾਂ ਲਿੰਗਾਂ ਵਿਚ ਦਿਲ ਦੀ ਬਿਮਾਰੀ ਦੇ ਜ਼ੋਖਮ ਨੂੰ ਕਾਫ਼ੀ ਘਟਾ ਸਕਦੀ ਹੈ - ਪਰ ਮਰਦਾਂ ਨੂੰ ਅਕਸਰ ਇੱਕੋ ਪੱਧਰ ਦੀ ਸੁਰੱਖਿਆ ਪ੍ਰਾਪਤ ਕਰਨ ਲਈ ਜ਼ਿਆਦਾ ਵਾਰ ਜਾਂ ਵੱਧ ਤੀਬਰਤਾ ਨਾਲ ਕਸਰਤ ਕਰਨ ਦੀ ਲੋੜ ਹੁੰਦੀ ਹੈ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ ਮਰਦ ਪੇਟ ਦੇ ਆਲੇ-ਦੁਆਲੇ ਵਧੇਰੇ ਵਿਸਰਲ ਚਰਬੀ ਇਕੱਠਾ ਕਰਦੇ ਹਨ, ਜੋ ਕਿ ਦਿਲ ਦੀ ਬਿਮਾਰੀ ਅਤੇ ਇਨਸੁਲਿਨ ਪ੍ਰਤੀਰੋਧ ਨਾਲ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ।

ਕਸਰਤ ਅਤੇ ਮਾਨਸਿਕ ਸਿਹਤ ਕਸਰਤ ਤੋਂ ਦੋਵੇਂ ਲਿੰਗ ਮਾਨਸਿਕ ਤੌਰ 'ਤੇ ਲਾਭ ਪ੍ਰਾਪਤ ਕਰਦੇ ਹਨ, ਪਰ ਖੋਜ ਦਰਸਾਉਂਦੀ ਹੈ ਕਿ ਔਰਤਾਂ ਛੋਟੀਆਂ, ਘੱਟ ਤੀਬਰ ਕਸਰਤਾਂ ਤੋਂ ਵਧੇਰੇ ਭਾਵਨਾਤਮਕ ਲਾਭ ਅਨੁਭਵ ਕਰ ਸਕਦੀਆਂ ਹਨ, ਜਦੋਂਕਿ ਮਰਦਾਂ ਨੂੰ ਅਕਸਰ ਇੱਕੋ ਜਿਹੇ ਮੂਡ ਅਤੇ ਤਣਾਅ ਘਟਾਉਣ ਵਾਲੇ ਪ੍ਰਭਾਵਾਂ ਨੂੰ ਪ੍ਰਾਪਤ ਕਰਨ ਲਈ ਲੰਬੀ ਜਾਂ ਵਧੇਰੇ ਜ਼ੋਰਦਾਰ ਸਰੀਰਕ ਗਤੀਵਿਧੀ ਦੀ ਲੋੜ ਹੁੰਦੀ ਹੈ।

ਜੀਵਨਸ਼ੈਲੀ ਅਤੇ ਬੈਠਣ ਦੇ ਜ਼ੋਖਮ ਆਧੁਨਿਕ ਜੀਵਨ ਸ਼ੈਲੀ, ਖਾਸ ਕਰਕੇ ਡੈਸਕ-ਬਾਊਂਡ ਨੌਕਰੀਆਂ ਨੇ ਮਰਦਾਂ ਅਤੇ ਔਰਤਾਂ ਦੋਵਾਂ ਵਿਚ ਬੈਠਣ ਵਾਲੇ ਵਿਵਹਾਰ ਨੂੰ ਵਧਾ ਦਿੱਤਾ ਹੈ। ਹਾਲਾਂਕਿ, ਮਰਦਾਂ ਵਿਚ ਗੈਰ-ਸਰਗਰਮੀ ਦੇ ਕਾਰਨ ਵਧੇਰੇ ਜ਼ੋਖਮ ਦੇ ਕਾਰਕ ਇਕੱਠੇ ਹੁੰਦੇ ਹਨ, ਜਿਵੇਂ ਕਿ ਉੱਚ ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ ਅਤੇ ਸਰੀਰ ਦੀ ਚਰਬੀ ਪ੍ਰਤੀਸ਼ਤਤਾ। ਇਸ ਲਈ ਜਨਤਕ ਸਿਹਤ ਮਾਹਰ ਸੁਝਾਅ ਦਿੰਦੇ ਹਨ ਕਿ ਮਰਦਾਂ ਨੂੰ ਵਧੇਰੇ ਢਾਂਚਾਗਤ ਕਸਰਤ ਰੁਟੀਨ ਵਿਚ ਸ਼ਾਮਲ ਹੋਣਾ ਚਾਹੀਦਾ ਹੈ, ਜਿਸ ਵਿਚ ਕਾਰਡੀਓ ਨੂੰ ਤਾਕਤ ਸਿਖਲਾਈ ਨਾਲ ਜੋੜਿਆ ਜਾਣਾ ਚਾਹੀਦਾ ਹੈ।

ਸਹੀ ਸੰਤੁਲਨ ਲੱਭਣਾ ਜਦੋਂ ਕਿ ਮਰਦਾਂ ਨੂੰ ਮਾਤਰਾਤਮਕ ਤੌਰ 'ਤੇ ਵਧੇਰੇ ਕਸਰਤ ਦੀ ਲੋੜ ਹੋ ਸਕਦੀ ਹੈ, ਹਰ ਕਿਸੇ ਲਈ ਹਰਕਤ ਦੀ ਗੁਣਵੱਤਾ ਮਾਇਨੇ ਰੱਖਦੀ ਹੈ। ਔਰਤਾਂ ਨੂੰ ਤਾਕਤ ਸਿਖਲਾਈ ਤੋਂ ਉਸੇ ਤਰ੍ਹਾਂ ਲਾਭ ਹੁੰਦਾ ਹੈ, ਜਿਵੇਂ ਮਰਦ ਕਰਦੇ ਹਨ ਅਤੇ ਮਰਦ ਲਚਕਤਾ ਅਤੇ ਸਹਿਣਸ਼ੀਲਤਾ ਅਭਿਆਸਾਂ ਤੋਂ ਲਾਭ ਪ੍ਰਾਪਤ ਕਰਦੇ ਹਨ, ਜੋ ਰਵਾਇਤੀ ਤੌਰ 'ਤੇ ਔਰਤਾਂ ਦੁਆਰਾ ਪਸੰਦ ਕੀਤੇ ਜਾਂਦੇ ਹਨ। ਮੁੱਖ ਗੱਲ ਇੱਕ ਇਕਸਾਰ, ਚੰਗੀ ਤਰ੍ਹਾਂ ਗੋਲ ਰੁਟੀਨ ਬਣਾਈ ਰੱਖਣ ਵਿਚ ਹੈ, ਜੋ ਵਿਅਕਤੀਗਤ ਜ਼ਰੂਰਤਾਂ, ਉਮਰ ਅਤੇ ਸਿਹਤ ਸਥਿਤੀਆਂ ਦੇ ਅਨੁਕੂਲ ਹੋਵੇ।

**ਦਿਲ ਦੀ ਸਿਹਤ ਦੇ ਲਾਭਾਂ ਬਾਰੇ ਮੁੱਖ ਖੋਜਾਂ:**

**ਜ਼ੋਖਮ ਘਟਾਉਣ ਵਿਚ ਅਸਮਾਨਤਾ:**





-ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA

ਇਸ ਅਧਿਐਨ ਵਿਚ, ਜਿਸਨੇ ਹਜ਼ਾਰਾਂ ਬਾਲਗਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ, ਨੇ ਦਿਲ ਦੀ ਸਿਹਤ ਦੇ ਮਾਮਲੇ ਵਿਚ ਸਰੀਰਕ ਗਤੀਵਿਧੀ ਤੋਂ ਮਰਦਾਂ ਅਤੇ ਔਰਤਾਂ ਨੂੰ ਕਿਵੇਂ ਲਾਭ ਹੁੰਦਾ ਹੈ, ਇਸ ਵਿਚ ਇੱਕ ਮਹੱਤਵਪੂਰਨ ਅੰਤਰ ਪਾਇਆ।

**"ਖੁਰਾਕ" ਦਾ ਪਾੜਾ:**

ਜਿਹੜੀਆਂ ਔਰਤਾਂ ਹਰ ਹਫ਼ਤੇ ਲਗਭਗ 250 ਮਿੰਟ ਦਰਮਿਆਨੀ ਤੋਂ ਜ਼ੋਰਦਾਰ ਸਰੀਰਕ ਗਤੀਵਿਧੀ ਕਰਦੀਆਂ ਸਨ, ਉਨ੍ਹਾਂ ਵਿਚ ਕੋਰੋਨਰੀ ਦਿਲ ਦੀ ਬਿਮਾਰੀ ਦੇ ਜ਼ੋਖਮ ਵਿਚ ਲਗਭਗ 30% ਦੀ ਕਮੀ ਆਈ।

ਮਰਦਾਂ ਨੂੰ ਉਸੇ 30% ਜ਼ੋਖਮ ਘਟਾਉਣ ਲਈ ਲਗਭਗ ਦੁੱਗਣੀ ਮਾਤਰਾ - ਪ੍ਰਤੀ ਹਫ਼ਤੇ ਲਗਭਗ 530 ਮਿੰਟ (ਲਗਭਗ 9 ਘੰਟੇ) ਦੀ ਲੋੜ ਹੁੰਦੀ ਸੀ।

**ਹੇਠਲੇ ਪੱਧਰ 'ਤੇ ਲਾਭ:** ਆਮ ਤੌਰ 'ਤੇ ਸਿਫ਼ਾਰਸ਼ ਕੀਤੀ ਜਾਂਦੀ ਘੱਟੋ-ਘੱਟ 150 ਮਿੰਟ ਪ੍ਰਤੀ ਹਫ਼ਤੇ ਦਰਮਿਆਨੀ ਗਤੀਵਿਧੀ ਦੇ ਬਾਵਜੂਦ, ਔਰਤਾਂ ਨੇ ਪੁਰਸ਼ਾਂ (ਲਗਭਗ 17%) ਨਾਲੋਂ ਦਿਲ ਦੇ ਜ਼ੋਖਮ ਵਿਚ (ਲਗਭਗ 22%) ਵੱਡੀ ਕਮੀ ਦਾ ਅਨੁਭਵ ਕੀਤਾ। ਫ਼ਰਕ ਕਿਉਂ? ਜੈਵਿਕ ਕਾਰਕ ਭੂਮਿਕਾ ਨਿਭਾਉਂਦੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਲਿੰਗਾਂ ਵਿਚਕਾਰ ਜੈਵਿਕ ਅੰਤਰ ਸੰਭਾਵਤ ਤੌਰ 'ਤੇ ਇਹ ਦੱਸਦੇ ਹਨ ਕਿ ਔਰਤਾਂ ਕਸਰਤ ਦੀਆਂ ਘੱਟ ਖੁਰਾਕਾਂ ਤੋਂ ਅਨੁਪਾਤਕ ਤੌਰ 'ਤੇ ਵਧੇਰੇ ਦਿਲ ਦੇ ਰੋਗਾਂ ਨੂੰ ਲਾਭ ਕਿਉਂ ਪ੍ਰਾਪਤ ਕਰ ਸਕਦੀਆਂ ਹਨ:

**ਹਾਰਮੋਨਸ:** ਔਰਤਾਂ ਵਿਚ ਘੁੰਮਦੇ ਐਸਟ੍ਰੋਜਨ ਦੇ ਉੱਚ ਪੱਧਰ ਇੱਕ ਭੂਮਿਕਾ ਨਿਭਾਉਂਦੇ ਹਨ, ਜੋ ਕਿ ਕਸਰਤ ਦੌਰਾਨ ਵਧੇਰੇ ਪ੍ਰਭਾਵਸ਼ਾਲੀ ਚਰਬੀ ਬਰਨਿੰਗ ਵਿਚ ਸਹਾਇਤਾ ਕਰਦੇ ਹਨ, ਜੋ ਕੋਲੈਸਟ੍ਰੋਲ ਦੇ ਪੱਧਰ ਅਤੇ ਦਿਲ ਦੀ ਸਿਹਤ ਨੂੰ ਸੁਧਾਰ ਸਕਦਾ ਹੈ।

**ਮਾਸਪੇਸ਼ੀਆਂ ਦੀ ਬਣਤਰ:** ਔਰਤਾਂ ਵਿਚ ਹੌਲੀ-ਹੌਲੀ ਮਰੋੜਨ ਵਾਲੇ (ਟਾਈਪ 1) ਮਾਸਪੇਸ਼ੀਆਂ ਦੇ ਰੇਸ਼ੇ ਜ਼ਿਆਦਾ ਹੁੰਦੇ ਹਨ, ਜੋ ਕਿ ਸਹਿਣਸ਼ੀਲਤਾ ਅਤੇ ਨਿਰੰਤਰ ਗਤੀਵਿਧੀ ਲਈ ਬਹੁਤ ਕੁਸ਼ਲ ਹੁੰਦੇ ਹਨ। ਮਰਦਾਂ ਵਿਚ ਆਮ ਤੌਰ 'ਤੇ ਵਧੇਰੇ ਤੇਜ਼-ਮਰੋੜਨ ਵਾਲੇ (ਟਾਈਪ 2) ਰੇਸ਼ੇ ਹੁੰਦੇ ਹਨ, ਜੋ ਸ਼ਕਤੀ ਦੇ ਥੋੜ੍ਹੇ ਸਮੇਂ ਲਈ ਢੁਕਵੇਂ ਹੁੰਦੇ ਹਨ। ਮਾਸਪੇਸ਼ੀਆਂ ਦੀ ਕੁਸ਼ਲਤਾ ਵਿਚ ਇਹ ਅੰਤਰ ਔਰਤਾਂ ਨੂੰ ਉਸੇ ਗਤੀਵਿਧੀ ਤੋਂ ਵਧੇਰੇ ਕਾਰਡੀਓਵੈਸਕੁਲਰ ਇਨਾਮ ਪ੍ਰਾਪਤ ਕਰਨ ਦੀ ਆਗਿਆ ਦੇ ਸਕਦਾ ਹੈ। ਮੌਜੂਦਾ ਦਿਸ਼ਾ-ਨਿਰਦੇਸ਼ਾਂ ਲਈ ਪ੍ਰਭਾਵ ਮੌਜੂਦਾ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਕਸਰਤ ਦਿਸ਼ਾ-ਨਿਰਦੇਸ਼ (ਜਿਵੇਂ ਕਿ ਵਿਸ਼ਵ ਸਿਹਤ ਸੰਗਠਨ ਅਤੇ ਅਮੇਰੀਕਨ ਹਾਰਟ ਐਸੋਸੀਏਸ਼ਨ ਦੇ) ਆਮ ਤੌਰ 'ਤੇ ਸਾਰੇ ਬਾਲਗਾਂ ਲਈ ਇੱਕੋ ਜਿਹੀ ਘੱਟੋ-ਘੱਟ ਕਸਰਤ ਦੀ ਸਿਫ਼ਾਰਸ਼ ਕਰਦੇ ਹਨ - ਆਮ ਤੌਰ 'ਤੇ ਪ੍ਰਤੀ ਹਫ਼ਤੇ ਘੱਟੋ-ਘੱਟ 150 ਮਿੰਟ ਦੀ ਦਰਮਿਆਨੀ ਗਤੀਵਿਧੀ। ਇਹ ਨਵੀਆਂ ਖੋਜਾਂ ਸੁਝਾਅ ਦਿੰਦੀਆਂ ਹਨ ਕਿ ਲਿੰਗ-ਵਿਸ਼ੇਸ਼ ਪਹੁੰਚ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੀ ਹੈ, ਖਾਸ ਕਰਕੇ ਰੋਕਥਾਮ ਵਾਲੇ ਦਿਲ ਦੀ ਸਿਹਤ ਲਈ।

**ਸਿੱਟਾ :** ਇਹ ਵਿਚਾਰ ਕਿ ਮਰਦਾਂ ਨੂੰ ਔਰਤਾਂ ਨਾਲੋਂ ਜ਼ਿਆਦਾ ਕਸਰਤ ਦੀ ਲੋੜ ਹੋ ਸਕਦੀ ਹੈ, ਮੁਕਾਬਲੇ ਬਾਰੇ ਨਹੀਂ ਹੈ - ਇਹ ਜੀਵ ਵਿਗਿਆਨ ਬਾਰੇ ਹੈ। ਲਿੰਗ ਅੰਤਰ ਸਾਡੇ ਸਰੀਰ ਸਰੀਰਕ ਗਤੀਵਿਧੀ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹਨ, ਇਸ ਨੂੰ ਪ੍ਰਭਾਵਤ ਕਰਦੇ ਹਨ, ਪਰ ਮਰਦ ਅਤੇ ਔਰਤਾਂ ਦੋਵੇਂ ਇੱਕ ਵਿਆਪਕ ਸੱਚਾਈ ਸਾਂਝੀ ਕਰਦੇ ਹਨ: ਨਿਯਮਤ ਕਸਰਤ ਇੱਕ ਸਿਹਤਮੰਦ, ਲੰਬੀ ਜ਼ਿੰਦਗੀ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿਚੋਂ ਇੱਕ ਹੈ।

# ਸੌਖਾ ਨਹੀਂ ਹੈ ਬਹੁਭਾਸ਼ਾਈ ਸਿੱਖਿਆ ਨੂੰ ਲਾਗੂ ਕਰਨਾ

**ਭਾਸ਼ਾ:-** ਆਮ ਅਰਥਾਂ ਵਿਚ ਮਨੁੱਖ ਵੱਲੋਂ ਜੋ ਵੀ ਕੁੱਝ ਬੋਲਿਆ ਜਾਂ ਸੁਣਿਆ ਜਾਂਦਾ ਹੈ, ਉਸ ਨੂੰ ਭਾਸ਼ਾ ਕਿਹਾ ਜਾਂਦਾ ਹੈ। ਇਹ ਉਹ ਬਾਤਚੀਤ ਹੁੰਦੀ ਹੈ, ਜਿਹੜੀ ਉਹ ਆਪਣੇ ਸੱਜਣਾਂ-ਮਿੱਤਰਾਂ, ਟੱਬਰ-ਟੀਰ ਅਤੇ ਸਕੇ-ਸੋਧਰਿਆਂ ਨਾਲ ਕਰਦਾ ਰਹਿੰਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਇੱਕ ਉਹ ਸਾਧਨ ਹੈ, ਜਿਸ ਰਾਹੀਂ ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਨਾਲ ਤਬਾਦਲਾ-ਏ-ਖ਼ਿਆਲ ਕੀਤਾ ਜਾਂਦਾ ਹੈ।

ਮਾਨਵੀ ਵਿਕਾਸ ਵੀ ਭਾਸ਼ਾਈ ਵਿਕਾਸ ਨਾਲ ਹੀ ਜੁੜਿਆ ਹੁੰਦਾ ਹੈ। ਸਮਾਜਿਕ, ਸੱਭਿਆਚਾਰਕ ਵੱਖਰੇਵੇਂ ਕਾਰਨ ਜਿਥੇ ਮਨੁੱਖੀ ਜੀਵਨ ਵਿਚ ਅੱਡਰਤਾ ਦਿਖਾਈ ਦਿੰਦੀ ਹੈ, ਉੱਥੇ ਭਾਸ਼ਾ ਦਾ ਸਰੂਪ ਵੀ ਇੱਕੋ ਜਿਹਾ ਨਹੀਂ ਰਹਿੰਦਾ। ਭਾਸ਼ਾ ਵਿਚ ਬਹੁ-ਭਾਸ਼ਾਈ ਪ੍ਰਕ੍ਰਿਤੀ ਕਾਰਨ ਹੀ ਬਹੁ-ਭਾਸ਼ਾਵਾਦ ਦਾ ਜਨਮ ਹੋਇਆ। ਜਿਸਨੂੰ ਜਾਣਨਾ, ਸਮਝਣਾ ਅਤੇ ਲਾਗੂ ਕਰਨ ਵਿਚ ਆਉਣ ਵਾਲੀਆਂ ਚੁਣੌਤੀਆਂ ਬਾਬਤ ਗਿਆਤ ਹੋਣਾ ਸਮੇਂ ਦੀ ਮੁੱਖ ਲੋੜ ਹੈ।

**ਬਹੁਭਾਸ਼ਾਵਾਦ ਦਾ ਭਾਵ:-** ਬਹੁਭਾਸ਼ਾਵਾਦ ਕਿਸੇ ਬੁਲਾਰੇ ਜਾਂ ਭਾਈਚਾਰੇ ਦੁਆਰੇ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਕਰਨ ਨੂੰ ਕਿਹਾ ਜਾਂਦਾ ਹੈ। ਅਜੋਕੇ ਸਮੇਂ ਸੰਸਾਰ 'ਚ ਬਹੁਭਾਸ਼ਾਵਾਦ ਦਾ ਬੋਲਬਾਲਾ ਹੈ। ਇਹ ਇੱਕ ਸਮਾਜਿਕ ਵਤੀਰਾ ਹੈ, ਜਿਸ ਦਾ ਕਾਰਨ ਵਿਸ਼ਵੀਕਰਨ ਅਤੇ ਸੱਭਿਅਤਾ ਦਾ ਫ਼ੈਲਾਅ ਹੈ।




ਜੇਕਰ ਵਿਸ਼ਵਕੋਸ਼ ਦੇ ਹਵਾਲੇ ਨਾਲ ਗੱਲ ਕਰੀਏ, ਤਾਂ 'ਬਹੁਭਾਸ਼ਾਵਾਦ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੁਆਰਾ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਹੈ।'

**ਭਾਰਤ ਵਿਚ ਬਹੁਭਾਸ਼ਾਈ ਸਿੱਖਿਆ:-** ਭਾਰਤ ਵਿਚ ਕਈ ਜਾਤਾਂ ਦੇ ਲੋਕ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਦਾ ਆਪੋ ਆਪਣਾ ਸੱਭਿਆਚਾਰ ਅਤੇ ਭਾਸ਼ਾਵਾਂ ਹਨ। ਇਸ ਵਖਰੇਵੇਂ ਕਾਰਨ ਹੀ ਬਹੁਭਾਸ਼ਾਈ ਸਿੱਖਿਆ ਦੀ ਵਧੇਰੇ ਲੋੜ ਭਾਸਦੀ ਹੈ।

ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
ਪੰਜਾਬ ਮੇਲ USA

**ਬਹੁਭਾਸ਼ਾਈ ਸਿੱਖਿਆ:-** ਇਹ ਇੱਕ ਅਜਿਹੀ ਕਲਾ ਹੈ, ਜਿਸ ਵਿਚ ਮਨੁੱਖ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਜਾਂ ਉਪ-ਭਾਸ਼ਾਵਾਂ ਦੀ ਵਰਤੋਂ ਕਰਦਾ ਹੈ। ਦੁਨੀਆਂ ਵਿਚ ਇੱਕ ਭਾਸ਼ਾ ਬੋਲਣ ਵਾਲਿਆਂ ਨਾਲੋਂ ਬਹੁਭਾਸ਼ਾਈ ਬੋਲਣ ਵਾਲਿਆਂ ਦੀ ਤਦਾਦ ਵਧੇਰੇ ਹੈ। ਇੱਕ ਭਾਸ਼ਾਈ ਮਨੁੱਖਾਂ ਦੀ ਗਿਣਤੀ ਬਹੁਤ ਹੀ ਸੀਮਤ ਹੈ। ਇਹ ਸਿਰਫ਼ ਉਥੇ ਹੀ ਦੇਖਣ ਨੂੰ ਮਿਲਦੀ ਹੈ, ਜਿਥੇ ਸਮਾਜਿਕ ਜਾਂ ਭੂਗੋਲਿਕ ਸੁੰਗੜੇਵਾਂ ਭਾਵ ਤਾਲਮੇਲ ਦੀ ਘਾਟ ਹੁੰਦੀ ਹੈ।

ਬਹੁਭਾਸ਼ਾਈ ਸਿੱਖਿਆ ਦਾ ਉਭਾਰ ਉਸ ਸਮੇਂ ਹੁੰਦਾ ਹੈ, ਜਦੋਂ ਬਾਹਰੀ ਮੁਲਕਾਂ, ਕੌਮਾਂ ਅਤੇ ਜਾਤਾਂ ਦੇ ਲੋਕ ਸਥਾਨਕ ਲੋਕਾਈ ਨਾਲ ਸੰਪਰਕ ਸਾਧਦੇ ਹਨ।

ਸੰਸਾਰ ਵਿਚ ਸੰਵਿਧਾਨਕ ਤੌਰ 'ਤੇ ਭਾਸ਼ਾ ਨੀਤੀ ਦੀ ਖੁੱਲ੍ਹ ਕੇ ਚਰਚਾ ਨਹੀਂ ਹੋਈ ਕਿਉਂਕਿ ਬਹੁਤ ਸਾਰੇ ਦੇਸ਼ਾਂ ਵਿਚ ਸੰਚਾਰ ਦੀ ਕੇਵਲ ਇੱਕ ਭਾਸ਼ਾ ਹੁੰਦੀ ਹੈ। ਪਰ ਕੁੱਝ ਦੇਸ਼ ਅਜਿਹੇ ਵੀ ਹਨ, ਜਿਨ੍ਹਾਂ ਵਿਚ ਭਾਸ਼ਾ-ਨੀਤੀ ਨੂੰ ਭਾਸ਼ਾ ਦੇ ਵਿਸ਼ੇਸ਼ ਉਪਬੰਧਾਂ ਦਾ ਹਿੱਸਾ ਬਣਾਇਆ ਗਿਆ ਹੈ। ਜਿਵੇਂ ਸਾਡੇ ਆਪਣੇ ਦੇਸ਼ (ਭਾਰਤ) ਦੇ ਸੰਵਿਧਾਨ ਵਿਚ ਬਹੁਭਾਸ਼ਾਵਾਦ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਰੂਸ ਵਿਚ ਵੀ ਦੋ ਸੈਂਕੜੇ ਤੋਂ ਵਧੇਰੇ ਭਾਸ਼ਾਵਾਂ ਬੋਲੀਆਂ-ਸੁਣੀਆਂ ਜਾਂਦੀਆਂ ਹਨ।

ਬਹੁਭਾਸ਼ਾਈ ਸਿੱਖਿਆ ਨੂੰ ਲਾਗੂ ਕਰਨ ਦੀਆਂ ਚੁਣੌਤੀਆਂ

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਹੁਭਾਸ਼ਾਈ ਸਿੱਖਿਆ ਬਹੁ-ਅਵਸਰ ਪ੍ਰਾਪਤੀ ਦਾ ਰਾਹ ਖੋਲ੍ਹ ਦਿੰਦੀ ਹੈ ਪਰ ਅਜੋਕੇ ਸਮੇਂ ਇਸ ਨੂੰ ਕਈਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਹੇਠ ਲਿਖੇ ਅਨੁਸਾਰ ਹਨ:-

**ਉਚਾਰਣ ਦੀ ਚੁਣੌਤੀ:-** ਇੱਕ ਤੋਂ ਵੱਧ ਭਾਸ਼ਾ ਬੋਲਣ ਵਾਲੇ ਬੱਚਿਆਂ ਨੂੰ ਅਕਸਰ ਭਾਸ਼ਾ ਨੂੰ ਉਚਾਰਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਖਣ ਵਿਚ ਆਇਆ ਹੈ ਕਿ ਪੰਜਾਬ ਵਿਚ ਰਹਿਣ ਵਾਲੇ ਪ੍ਰਵਾਸੀਆਂ ਦੇ ਬੱਚੇ ਪੰਜਾਬ ਵਿਚ ਆਪਣੀ ਚਿਰੋਕੀ ਠਹਿਰ ਕਾਰਨ ਭਾਵੇਂ ਪੰਜਾਬੀ ਤਾਂ ਬੋਲਣ ਲੱਗ ਜਾਂਦੇ ਹਨ ਪਰ ਉਨ੍ਹਾਂ ਦੇ ਪੱਲੇ ਉਚਾਰਣ ਦੀ ਸ਼ੁੱਧਤਾ ਬਹੁਤ ਘੱਟ ਹੁੰਦੀ ਹੈ, ਭਾਵ ਉਨ੍ਹਾਂ ਦੀ ਝੋਲੀ ਪੰਜਾਬੀਅਤ ਤੋਂ ਸੱਖਣੀ ਹੀ ਰਹਿੰਦੀ ਹੈ।

**ਯੋਗ ਅਧਿਆਪਕਾਂ ਦੀ ਕਮੀ:-** ਬਹੁ-ਭਾਸ਼ਾਵਾਂ ਨੂੰ ਪੜ੍ਹਾਉਣ ਲਈ ਯੋਗ ਅਧਿਆਪਕਾਂ ਦੀ ਕਮੀ ਹਮੇਸ਼ਾਂ ਹੀ ਰੜਕਦੀ ਰਹੀ ਹੈ ਕਿਉਂਕਿ ਇਸ ਵਿਸ਼ੇਸ਼ ਯੋਗਤਾ ਲਈ ਸਮੇਂ ਅਤੇ ਸਾਧਨਾਂ ਦੀ ਘਾਟ ਬਣੀ ਰਹੀ ਹੈ।

**ਮੁੱਖ ਵਿਸ਼ਿਆਂ ਵੱਲ ਵਧੇਰੇ ਧਿਆਨ:-** ਸਾਡੇ ਵਿਦਿਅਕ ਅਦਾਰਿਆਂ ਵਿਚ ਵਧੇਰੇ ਧਿਆਨ ਮੁੱਖ ਵਿਸ਼ਿਆਂ (ਗਣਿਤ, ਵਿਗਿਆਨ, ਮਨੋਵਿਗਿਆਨ, ਅਰਥ-ਵਿਗਿਆਨ ਅਤੇ ਸਮਾਜ-ਵਿਗਿਆਨ) ਵੱਲ ਦਿੱਤਾ ਜਾਂਦਾ ਹੈ ਪਰ ਬਹੁ-ਭਾਸ਼ਾਈ ਸਿੱਖਿਆ ਲਈ ਜਤਨ ਬਹੁਤ ਮੱਧਮ ਹਨ। ਇਸ ਤਰ੍ਹਾਂ ਦਾ ਰੁਝਾਨ ਵੀ ਇੱਕ ਵੱਡੀ ਚੁਣੌਤੀ ਸਾਬਤ ਹੋ ਰਹੀ ਹੈ।

ਸਾਰੰਸ਼ ਦੇ ਰੂਪ ਵਿਚ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਵਿਗਿਆਨ ਤੇ ਤਕਨੀਕ ਦੇ ਇਸ ਯੁੱਗ ਵਿਚ ਬਹੁ-ਭਾਸ਼ਾਈ ਸਿੱਖਿਆ ਵਿਦਿਆਰਥੀ/ਸਿਖਿਆਰਥੀ ਵਰਗ ਲਈ ਬਹੁਤ ਹੀ ਲਾਹੇਵੰਦ ਹੋ ਸਕਦੀ ਹੈ। ਲੋੜ ਸਿਰਫ ਇਸ ਦੇ ਰਾਹ ਵਿਚ ਆਉਣ ਵਾਲੀਆਂ ਚੁਣੌਤੀਆਂ ਦੇ ਸਨਮੁੱਖ ਹੋਣ ਅਤੇ ਉਨ੍ਹਾਂ ਤੋਂ ਰਾਹਤ ਪਾਉਣ ਦੀ ਹੈ। ਇਸ ਰਾਹਤ ਲਈ ਵਿਦਿਅਕ ਮਾਹਰਾਂ ਅਤੇ ਸਮੇਂ ਦੀਆਂ ਸਰਕਾਰਾਂ ਨੂੰ ਵਿਸ਼ੇਸ਼ ਹੰਭਲਾ ਮਾਰਨ ਦੀ ਲੋੜ ਹੈ।

## ਸੀਸ-ਗੰਜ

ਸੀਸ-ਗੰਜ ਪ੍ਰਤੀਕ ਹੈ ਦ੍ਰਿੜ੍ਹਤਾ ਤੇ ਵਿਸ਼ਵਾਸ ਦਾ।
ਸਬਕ ਅਣਖ ਦਾ ਦੇ ਰਿਹਾ ਰਾਹ ਦਰਸਾਵੇ ਆਸ ਦਾ।

ਸੀਸ-ਗੰਜ ਆਦਰਸ਼ ਹੈ ਆਦਰਸ਼ ਵੱਡਾ ਹੈ ਸੀਸ ਤੋਂ।
ਤਖ਼ਤ ਹੈ ਆਖ਼ਰ ਡੋਲਦਾ ਮਜ਼ਲੂਮਾਂ ਦੀ ਚੀਸ ਤੋਂ।

ਸੀਸ-ਗੰਜ ਸੰਦੇਸ਼ ਹੈ ਆਜ਼ਾਦੀ ਦੇ ਗੀਤ ਦਾ।
ਨਿਡਰ ਹੋ ਕੇ ਜੀਣ ਦਾ ਕੁਰਬਾਨੀ ਦੀ ਰੀਤ ਦਾ।

ਸੀਸ-ਗੰਜ ਇਤਿਹਾਸ ਹੈ ਫ਼ਲਸਫ਼ੇ ਅਤੇ ਸਿਧਾਂਤ ਦਾ।
ਧਰਮ-ਹੇਤ ਇਕ ਸਾਕੇ ਦਾ ਸਿਰੜ ਦੇ ਇਕ ਬਿਰਤਾਂਤ ਦਾ।

ਸੀਸ-ਗੰਜ ਉਪਦੇਸ਼ ਹੈ ਨਾ ਡਰਨ ਦਾ ਨਾ ਡਰਾਉਣ ਦਾ।
ਨਾ ਕਿਸੇ ਦਾ ਜ਼ੁਲਮ ਸਹਿਣ ਦਾ ਨਾ ਕਿਸੇ 'ਤੇ ਜ਼ੁਲਮ ਕਮਾਉਣ ਦਾ।

ਸੀਸ-ਗੰਜ ਨਿਸ਼ਾਨ ਹੈ ਅਧਿਕਾਰਾਂ ਦੀ ਰਾਖੀ ਕਰਨ ਦਾ।
ਨੀਵਿਆਂ ਦੇ ਸੰਗ ਖੜ੍ਹਨ ਦਾ ਮਜ਼ਲੂਮਾਂ ਦੀ ਹਾਮੀ ਭਰਨ ਦਾ।

ਸੀਸ-ਗੰਜ ਐਲਾਨ ਹੈ ਜ਼ਾਲਮ ਨੇ ਸਦਾ ਹਾਰਦੇ।
ਝੰਡੇ ਸਦਾ ਨੇ ਝੁੱਲਦੇ ਕੀਤੇ ਪਰਉਪਕਾਰ ਦੇ।

ਸੀਸ-ਗੰਜ ਮਹਾਨ ਹੈ ਪਵਿੱਤਰ ਬੜਾ ਸਥਾਨ ਹੈ
ਲੱਖਾਂ ਸੀਸ ਏਥੇ ਝੁਕਦੇ ਉੱਚੀ ਇਸ ਦੀ ਸ਼ਾਨ ਹੈ।



- ਸੁਖਦੇਵ ਸਿੰਘ ਸ਼ਾਂਤ,
ਸ਼ਰਲਟ (ਇੰਡੀਆਨਾ)
ਸੰਪਰਕ : 98149-01254
ਪੰਜਾਬ ਮੇਲUSA

## ਸੱਚਾਈਆਂ

ਰੱਬ ਦੀ ਕਚਹਿਰੀ 'ਚ, ਸੱਚਾਈਆਂ ਕੰਮ ਆਉਂਦੀਆਂ
ਚੰਗੇ ਕੀਤੇ ਕੰਮ ਤੇ, ਗਵਾਹੀਆਂ ਕੰਮ ਆਉਂਦੀਆਂ

ਕੱਖਾਂ ਦੀ ਵੀ ਲੋੜ ਪੈਂਦੀ, ਕਦੇ ਕਦੇ ਬੰਦੇ ਨੂੰ
ਉੱਗੀਆਂ ਉਜਾੜਾਂ ਵਿਚ, ਕਾਹੀਆਂ ਕੰਮ ਆਉਂਦੀਆਂ

ਆਉਣਾ ਪੈਂਦਾ ਆਖਰਾਂ ਨੂੰ, ਧਰਤੀ 'ਤੇ ਮੁੜਕੇ
ਭਾਵੇਂ, ਉੱਡਣੇ ਦੇ ਵਾਸਤੇ, ਉਚਾਈਆਂ ਕੰਮ ਆਉਂਦੀਆਂ

ਹੋਵੇ ਦਰਿਆਵਾਂ ਵੱਡੇ, ਸਾਗਰਾਂ 'ਚ ਮਿਲਣਾ
ਡੂੰਘੀਆਂ ਨਿਮਾਣਾਂ, ਉਤਰਾਈਆਂ ਕੰਮ ਆਉਂਦੀਆਂ

ਹੋਣਾ ਅਸਵਾਰ ਹੋਵੇ, ਮੰਜ਼ਿਲਾਂ ਦੀ ਹਿੱਕ 'ਤੇ
ਵਾਰ ਵਾਰ ਕੀਤੀਆਂ, ਟਰਾਈਆਂ ਕੰਮ ਆਉਂਦੀਆਂ

ਮਰਦਾ ਨੀ ਬੰਦਾ ਜਿਹੜਾ, ਔਖਾ ਟਾਇਮ ਦੇਖ ਲਏ
ਤਨਾਂ 'ਤੇ ਗਰੀਬੀਆਂ, ਹੰਢਾਈਆਂ ਕੰਮ ਆਉਂਦੀਆਂ

ਘੇਰਦੇ ਗੰਡਾਸੇ ਜਦੋਂ, ਵੈਰੀਆਂ ਦੇ ਆਣ ਕੇ
ਯਾਰਾਂ ਦੀਆਂ ਯਾਰੀਆਂ, ਕਮਾਈਆਂ ਕੰਮ ਆਉਂਦੀਆਂ

ਔਕੜਾਂ ਦੇ ਪੰਜਿਆਂ 'ਚ, ਪੁੱਤ ਜਦੋਂ ਫਸਦਾ
ਬਾਪੂ ਦੀਆਂ ਘੂਰੀਆਂ, ਸਿਖਾਈਆਂ ਕੰਮ ਆਉਂਦੀਆਂ

ਚਾਪਲੂਸ ਮੇਲੇ ਵਿਚ, ਐਵੇਂ ਭੱਜੇ ਫਿਰਦੇ
ਫੁਕਰੇ ਨੂੰ ਫੂਕਾਂ ਹੀ, ਛਕਾਈਆਂ ਕੰਮ ਆਉਂਦੀਆਂ

ਖੇਡਾਂ ਦੇ ਮੈਦਾਨਾਂ ਵਿਚ, ਜਦੋਂ ਮੱਲ੍ਹ ਘੁਲਦੇ
ਖਾਧੀਆਂ ਖੁਰਾਕਾਂ ਤੇ, ਮਲਾਈਆਂ ਕੰਮ ਆਉਂਦੀਆਂ

ਸਹੇਤਿਆ ਬਣਾ ਲੈ ਪੈਸਾ, ਮਾਰ ਮਾਰ ਠੱਗੀਆਂ
ਆਖਰਾਂ ਨੂੰ ਸੋਹਣਿਆ, ਭਲਾਈਆਂ ਕੰਮ ਆਉਂਦੀਆਂ



-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472
ਪੰਜਾਬ ਮੇਲUSA

## ਅੰਬਰ

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਗਿਣਾਵਾਂ।

ਚਿੱਟਾ ਲਹੂ ਇਥੇ ਹੁੰਦਾ ਜਾਂਦਾ।
ਪੈ ਗਏ ਪਾੜ ਹੁਣ ਵਿਚ ਭਰਾਵਾਂ।

ਚੌਧਰ ਵਿਚ ਗਏ ਵੰਡੇ ਸਾਰੇ।
ਦਸ ਕਿਸ ਨਾਲ ਮੈਂ ਦੁੱਖ ਵੰਡਾਵਾਂ।

ਰਾਜਨੀਤੀ ਹੈ ਹਰ ਪਾਸੇ ਭਾਰੂ।
ਦੱਸ ਮੈਂ ਕਿਹੜੇ ਪਾਸੇ ਜਾਵਾਂ।

ਖਿਲਰੇ ਪਏ ਨੇ ਟੱਬਰ ਬਹੁਤੇ।
ਨਰਮਾ ਨਹੀਂ ਕਿਸੇ ਕੋਲੋਂ ਚੁਗਾਵਾਂ।

ਕਰ ਕ੍ਰਿਪਾ ਜੇ ਹੋ ਸਕਦੀ ਹੈ।
ਦਿਨ-ਰਾਤ ਮੈਂ ਤੇਰਾ ਨਾਮ ਜਪਾਵਾਂ।

ਦੇਖ ਕੇ ਉਤੋਂ ਕਿਉਂ ਦੜ ਵਟਦਾ ਏਂ।
ਗਲਵਕੜੀ ਵਿਚ ਪੈ ਜਾਣ ਭਰਾਵਾਂ।

ਓ ਅੰਬਰਾ ਕਰ ਧਿਆਨ ਇਧਰ।
'ਗੁਰਜਤਿੰਦਰ' ਚਾਹੇ ਤੈਨੂੰ ਦੁੱਖ ਸੁਣਾਵਾਂ।

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਸੁਣਾਵਾਂ।



-ਗੁਰਜਤਿੰਦਰ ਸਿੰਘ ਰੰਧਾਵਾ, ਸੈਕਰਾਮੈਂਟੋ
916-320-9444
ਪੰਜਾਬ ਮੇਲUSA

## ਗਜ਼ਲ

ਪੂਰਾ, ਸੂਰਾ, ਭਰਪੂਰ, ਹੁਸ਼ਿਆਰਪੁਰ ਸੀ
ਘੱਟ ਕੇ ਰਹਿ ਨਾ ਜਾਵੇ ਪੱਚੀਵੇਂ ਸਾਲ ਵਾਂਗੂੰ

ਬਹੁਤ ਪਿੰਡ ਇਸ ਜ਼ਿਲ੍ਹੇ ਵਿਚ ਵੱਸਦੇ ਸਨ
ਹਾਕਮ ਕੱਢਦੇ ਰਹੇ ਮੱਖਣ 'ਚੋਂ ਵਾਲ਼ ਵਾਂਗੂੰ

ਆਉਂਦੇ ਸਿਆਲ 'ਚ ਹੀ ਨਾ ਕਿਤੇ ਸੁੰਗੜ ਜਾਈਏ
ਏਨੇ ਪਿੰਡ ਸਨ ਸਾਡੇ ਉੱਤੇ ਸ਼ਾਲ ਵਾਂਗੂੰ

ਕੈਸੀ ਕਲਾ ਜਗਾਈ ਸਰਕਾਰ ਨੇ ਇਹ
ਗੜ੍ਹਸ਼ੰਕਰ ਨੂੰ ਉਹ ਵਰਤ ਰਹੇ ਢਾਲ ਵਾਂਗੂੰ

ਦਰਿਆ ਦੇ ਵਾਂਗ ਲੰਬਾ ਇਹ ਹੁਸ਼ਿਆਰਪੁਰ ਸੀ
ਕਿਤੇ ਰਹਿ ਨਾ ਜਾਵੇ ਟੁੱਟੇ ਹੋਏ ਖਾਲ ਵਾਂਗੂੰ

ਨਾਅਰੇ ਏਕਤਾ ਅਖੰਡਤਾ ਦੇ ਲਾਉਣ ਵਾਲੇ
ਜ਼ਿਲ੍ਹਾ ਕੱਟ ਰਹੇ ਟਮਾਟਰ ਲਾਲ ਵਾਂਗੂੰ

ਉੱਧਰ ਜਿੰਪੇ ਨੇ ਵਕੀਲਾਂ ਨੂੰ ਮੋੜ ਦਿੱਤਾ
ਨਕਲ ਏਜੰਸੀ 'ਚੋਂ ਮੁੜੇ ਸਵਾਲ ਵਾਂਗੂੰ

ਜੇ ਹੁਣ ਵੀ ਚੁੱਪ ਕਰਕੇ ਬੈਠੋਗੇ ਬੇਅਣਖੋ
ਤੁਹਾਡਾ ਹਾਲ ਹਊ ਬੱਕਰੇ ਹਲਾਲ ਵਾਂਗੂੰ

ਜ਼ਿਲ੍ਹਾ ਏਕੇ ਦੀ ਡੋਰ ਵਿਚ ਬੰਨਿਆਂ ਸੀ
ਉਨ੍ਹਾਂ ਪਾੜ ਕੇ ਰੱਖ ਦੇਣਾ ਜਾਲ ਵਾਂਗੂੰ

ਠੰਡੇ ਰਹਿਣ ਦੀ ਥਾਂ ਯਾਰੋ ਗਰਮ ਹੋਈਏ
ਕੱਚੇ ਦੁੱਧ ਨੂੰ, ਆਏ ਉਬਾਲ ਵਾਂਗੂੰ

ਵੇਲੇ ਸਿਰ, ਕੋਈ ਕਰ ਲਿਓ, ਉੱਦਮ ਸਾਰੇ
ਹਸਰਤ ਰਹਿ ਨਾ ਜਾਵੇ ਮਨ 'ਚ ਖਿਆਲ ਵਾਂਗੂੰ

ਸਭ ਪਾਰਟੀਆਂ ਇਕੱਠੀਆਂ ਹੋਵੋ ਤਾਂ ਸਹੀ
ਲੱਗੇ ਆਰੇ ਉੱਤੇ ਲੱਕੜਾਂ ਦੇ ਟਾਲ ਵਾਂਗੂੰ

ਵਕੀਲ ਦੋਸਤੋ ਕੋਈ ਬੜਕ ਜਾਂ ਭਬਕ ਮਾਰੋ
ਉੱਠੋ ਅਸੈਂਬਲੀ ਵਿਚ ਉੱਠੇ ਸਵਾਲ ਵਾਂਗੂੰ

ਟੇਰਕਿਆਨਾ ਆਵਾਜ਼ ਤੁਹਾਡੀ ਦੱਬ ਕੇ ਹੀ
ਕਿਤੇ ਹੋ ਨਾ ਜਾਵੇ ਬੇਸੁਰੀ ਤਾਲ ਵਾਂਗੂੰ



-ਰਘਵੀਰ ਸਿੰਘ ਟੇਰਕਿਆਨਾ ਐਡਵੋਕੇਟ
ਚੈਂਬਰ ਨੰਬਰ 32, ਡਿਸਟ੍ਰਿਕਟ ਕੋਰਟਸ ਹੁਸ਼ਿਆਰਪੁਰ
ਫ਼ੋਨ : 98141-73402
ਪੰਜਾਬ ਮੇਲUSA

## ਰੁੱਖ ਦਾਤਾਂ ਵੰਡਦੇ ਨੇ



ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ,
ਰੁੱਖ ਖੁਸ਼ੀਆਂ ਦਿੰਦੇ ਨੇ
ਹਰ ਕੋਈ ਇਨ੍ਹਾਂ ਨੂੰ ਪਾਣੀ ਪਾਵੇ,
ਰੁੱਖ ਵੰਡਣ ਸਾਡੇ ਦੁੱਖ
ਹਰ ਕੋਈ ਸੱਚੇ ਦਿਲੋਂ ਸੀਨੇ ਲਾਵੇ,
ਰੁੱਖ ਬਣਾ ਲੈਂਦੇ ਰਿਸ਼ਤੇ
ਹਰ ਕੋਈ ਪਿਆਰ ਇਨ੍ਹਾਂ ਨਾਲ਼ ਪਾਵੇ,
ਰੁੱਖ ਸਭ ਨੂੰ ਸੁੱਖ ਦਿੰਦੇ ਰਹਿੰਦੇ
ਆਪ ਠੰਢ - ਗਰਮੀ ਹੰਢਾਉਂਦੇ,
ਜਨਮ ਤੋਂ ਲੈ ਕੇ ਮੌਤ ਤੱਕ
ਮਨੁੱਖ ਦਾ ਹਰ ਪਲ ਸਾਥ ਨਿਭਾਉਂਦੇ,
ਕੀ-ਕੀ ਦੱਸਾਂ 'ਧਰਮਾਣੀ' ਰੁੱਖਾਂ ਬਾਰੇ,
ਹਰ ਮੁਸ਼ਕਲ ਤੋਂ ਸਾਨੂੰ ਬਚਾਉਂਦੇ,
ਆਪ ਭਾਵੇਂ ਰੋਈ ਜਾਵਣ ,
ਪਰ ਸਭ ਪ੍ਰਾਣੀਆਂ ਨੂੰ ਇਹ ਹਸਾਉਂਦੇ,
ਇਹ ਸਭ ਦਾ ਜੀਵਨ ਚਲਾਉਂਦੇ
ਤਾਂ ਹੀ ਸਭ ਦੇ ਮਨ ਨੂੰ ਭਾਉਂਦੇ,
ਰੁੱਖ ਦਾਤਾਂ ਵੰਡਦੇ ਨੇ
ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ,
ਹਰ ਕੋਈ ਰੁੱਖਾਂ ਨਾਲ਼ ਸਾਂਝ ਪਾਵੇ।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
94785-61356
(ਸਾਹਿਤ ਵਿਚ ਕੀਤੇ ਵਿਸ਼ੇਸ਼ ਕਾਰਜਾਂ ਦੇ ਲਈ ਲੇਖਕ ਦਾ
ਨਾਂ ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹੈ )
ਪੰਜਾਬ ਮੇਲUSA


RE/MAX
RE/MAX
Outstanding Agents
Outstanding Results
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com